ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 03 | 16 January 2019 to 22 January 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com





03 ■ ਭਾਈਚਾਰਾ

ਗੁਰਦੁਆਰਾ ਸਾਹਿਬ ਫ਼ਰੀਮੌਂਟ ਵਿਖੇ ਸ਼ਹੀਦੀ ਸਮਾਗਮ ਕਰਵਾਇਆ



07 ■ ਮਿਸ਼ਨ-2019

ਭਾਰਤੀ ਰਾਜਨੀਤੀ ਨੇ ਵਜਾਇਆ ਚੋਣਾਂ ਦਾ ਬਿਗਲ



10 ■ ਵਿਸ਼ੇਸ਼ ਰਿਪੋਰਟ

ਪੱਤਰਕਾਰ ਹੱਤਿਆ ਮਾਮਲੇ 'ਚ ਸੌਦਾ ਸਾਧ ਦੋਸ਼ੀ ਕਰਾਰ


### *ਜਲੰਧਰ ਦੀ ਨਿੱਜੀ ਯੂਨੀਵਰਸਿਟੀ ਵਿਚ ਹੋਈ ਨੈਸ਼ਨਲ ਸਾਇੰਸ ਕਾਂਗਰਸ ਦਾ ਲੇਖਾ-ਜੋਖਾ*

# ਮੋਦੀ ਦੇ 'ਭਗਵੇਂ ਵਿਗਿਆਨੀਆਂ' ਨੇ ਕੀਤਾ ਭਾਰਤ ਨੂੰ ਸ਼ਰਮਸ਼ਾਰ

## ਚੀਨ ਨੇ ਉਗਾਈ ਚੰਨ 'ਤੇ ਕਪਾਹ : ਭਾਰਤ ਵਿਚ ਬਣਿਆ ਗੱਲਾਂ ਦਾ ਕੜਾਹ

- **ਕਿਹਾ, ਮਹਾਭਾਰਤ ਦੀ ਗੰਧਾਰੀ ਨੇ ਟੈਸਟ-ਟਿਊਬ ਵਿਧੀ ਨਾਲ ਜੰਮੇ ਸੀ 100 ਬੱਚੇ**
- **ਡਾਰਵਿਨ ਦੇ ਮਨੁੱਖੀ ਵਿਕਾਸ ਸਿਧਾਂਤ ਦੀ ਤੁਲਨਾ ਵਿਸ਼ਨੂੰ ਦੇ 10 ਅਵਤਾਰਾਂ ਨਾਲ ਕੀਤੀ**
- **ਰਾਵਣ ਕੋਲ ਵੱਖ-ਵੱਖ ਪ੍ਰਕਾਰ ਦੇ 24 ਜਹਾਜ਼ ਹੋਣ ਦਾ ਕੀਤਾ ਦਾਅਵਾ**
- **ਕਈ ਸਾਲਾਂ ਤੋਂ ਚਾਲੂ ਹੈ ਭਗਵਿਆਂ ਦਾ 'ਗੱਪੀ-ਟੇਸ਼ਨ'**




ਜਲੰਧਰ ਦੀ ਯੂਨੀਵਰਸਿਟੀ ਵਿਚ ਸਾਇੰਸ ਕਾਨਫਰੰਸ ਦੌਰਾਨ ਸ਼ਿਰਕਤ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ

**ਚੰਡੀਗੜ੍ਹ/ਅੰਮ੍ਰਿਤਸਰ ਟਾਇਮਜ਼ ਵਿਸ਼ੇਸ਼**

ਹਾਲ ਹੀ ਵਿਚ ਪੰਜਾਬ ਦੇ ਜਲੰਧਰ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ ਹੋਈ 106ਵੀਂ ਨੈਸ਼ਨਲ ਸਾਇੰਸ ਕਾਂਗਰਸ ਵਿਚ ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜੀ ਨਾਗੇਸ਼ਵਰ ਰਾਓ ਨੇ ਮਿਥਿਹਾਸਕ ਹਵਾਲਿਆਂ ਨੂੰ ਵਿਗਿਆਨ ਦਾ ਤੜਕਾ ਲਗਾ ਕੇ ਅਜਿਹੀਆਂ ਫੁੱਲਝੜੀਆਂ ਚਲਾਈਆਂ ਕਿ ਦੁਨੀਆ ਭਾਰਤ ਉਤੇ ਹੱਸ ਰਹੀ ਸੀ ਤੇ ਦੇਸ਼ ਸ਼ਰਮਸ਼ਾਰ ਹੋ ਰਿਹਾ ਸੀ। ਇਹ ਸਭ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਾਹਮਣੇ ਹੋ ਰਿਹਾ ਸੀ। ਵਿਸ਼ਵ ਪ੍ਰਸਿੱਧ ਮੀਡੀਆ ਸੰਸਥਾ ਬੀਬੀਸੀ, ਖ਼ਬਰ ਏਜੰਸੀ ਪੀਟੀਆਈ, ਇੰਡੀਆ ਟੂਡੇ, ਹਿੰਦੁਸਤਾਨ ਟਾਈਮਜ਼, ਸਕ੍ਰੌਲ ਵੈਬਸਾਈਟ ਤੇ ਕਈ ਹੋਰ ਮੀਡੀਆ ਹਾਊਸਾਂ ਨੇ ਇਸ "ਜੁਮਲੇਬਾਜ਼ੀ" ਉਤੇ ਚੁਟਕੀਆਂ ਲੈ ਕੇ ਖ਼ਬਰਾਂ ਛਾਪੀਆਂ ਹਨ ਪਰ ਕਿਸੇ 'ਰਾਸ਼ਟਰਵਾਦੀ' ਨੂੰ ਭੋਰਾ ਸ਼ਰਮ ਨਹੀਂ ਆਈ।

ਖ਼ਬਰ ਏਜੰਸੀ ਪੀਟੀਆਈ ਮੁਤਾਬਕ ਜਲੰਧਰ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ 106ਵੀਂ ਨੈਸ਼ਨਲ


**ਬਾਕੀ ਸਫ਼ਾ 29 'ਤੇ**


## ਚੀਨ ਨੇ ਕੀਤਾ ਪੁਲਾੜ ਵਿਗਿਆਨ 'ਚ ਕ੍ਰਿਸ਼ਮਾ

**ਬੀਜਿੰਗ/ਬਿਊਰੋ ਨਿਊਜ਼ :** ਚੀਨ ਨੇ ਹਾਲ ਹੀ ਵਿਚ ਚੰਦ ਉਤੇ ਕਪਾਹ ਉਗਾ ਕੇ ਪੁਲਾੜ ਖੋਜ ਵਿਚ ਨਵਾਂ ਕਾਰਨਾਮਾ ਕਰ ਦਿੱਤਾ ਹੈ। ਚੀਨ ਦੁਆਰਾ ਚੈਂਗਜ਼-ਈ 4 ਮਿਸ਼ਨ ਵਿਚ ਕੁਝ ਬੀਜ ਵੀ ਚੰਦ ਉੱਤੇ ਭੇਜੇ ਗਏ ਸਨ। ਚੀਨ ਦੀ ਸਰਕਾਰੀ ਪੁਲਾੜ ਏਜੰਸੀ ਨੇ ਦਾਅਵਾ ਕੀਤਾ ਹੈ ਕਿ ਉਹ ਬੀਜ ਉੱਗ ਪਏ ਹਨ।

ਜ਼ਿਕਰਯੋਗ ਹੈ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ, ਜਦੋਂ ਕੋਈ ਬੀਜ ਚੰਦ ਉੱਤੇ ਪੁੰਗਰਿਆ ਹੈ। ਇਸ ਪੁਲਾੜੀ ਖੋਜ ਨੂੰ ਇਕ ਵੱਡਾ ਕਦਮ ਸਮਝਿਆ ਜਾ ਰਿਹਾ ਹੈ। ਚੀਨ ਦਾ ਇਹ ਪੁਲਾੜੀ ਵਾਹਨ ਇਸੇ ਸਾਲ 3 ਜਨਵਰੀ ਨੂੰ ਚੰਦ 'ਤੇ ਉੱਤਰਿਆ ਸੀ।ਇਸ ਤੋਂ ਪਹਿਲਾਂ ਕੌਮਾਂਤਰੀ ਪੁਲਾੜ ਕੇਂਦਰ ਉੱਤੇ ਬੂਟੇ ਉਗਾਏ ਗਏ ਹਨ ਪਰ ਚੰਦ ਉੱਪਰ ਅਜਿਹਾ ਪਹਿਲੀ ਵਾਰ ਕੀਤਾ ਗਿਆ ਹੈ।

ਦੱਸਿਆ ਜਾਂਦਾ ਹੈ ਕਿ ਇਸ ਉਪਲਭਧੀ ਦੇ ਵਿਗਿਆਨੀਆਂ ਨੂੰ ਲੰਬੇ ਸਮੇਂ ਵਿਚ ਲਾਭ ਮਿਲਣਗੇ। ਖ਼ਾਸ ਕਰ ਜਦੋਂ ਮਨੁੱਖ ਸ਼ੁੱਕਰ ਗ੍ਰਹਿ ਵੱਲ ਜਾਵੇਗਾ, ਜਿੱਥੇ ਪਹੁੰਚਣ ਵਿਚ ਢਾਈ ਸਾਲ ਦਾ ਸਮਾਂ ਲੱਗ ਜਾਂਦਾ ਹੈ। ਲੰਬੇ ਸਮੇਂ ਦੇ ਮਿਸ਼ਨਾਂ ਉਤੇ ਜਾਣ ਵਾਲੇ ਵਿਗਿਆਨੀਆਂ ਨੂੰ ਰਸਦ ਮੁੱਕ ਜਾਣ ਕਾਰਨ ਵਾਪਸ ਧਰਤੀ ਉਤੇ ਮੁੜਨਾ ਪੈਂਦਾ ਹੈ। ਇਸ ਖੋਜ ਨਾਲ ਹੁਣ ਵਿਗਿਆਨੀ ਚੰਦ ਉੱਤੇ ਹੀ ਆਪਣਾ ਖਾਣਾ ਉਗਾ ਸਕਣ ਦੇ ਨੇੜੇ ਪਹੁੰਚ ਗਏ ਹਨ,


**ਬਾਕੀ ਸਫ਼ਾ 29 'ਤੇ**


## ਆਈਲੈਟਸ ਨੇ ਪੰਜਾਬੀਆਂ ਦਾ ਆਰਥਿਕ ਤੇ ਮਾਨਸਿਕ ਤਵਾਜ਼ਨ ਹਿਲਾਇਆ

**ਬਠਿੰਡਾ/ਬਿਊਰੋ ਨਿਊਜ਼ :** ਪੰਜਾਬ ਭਰ 'ਚੋਂ ਹਰ ਵਰ੍ਹੇ ਕਰੀਬ 3.36 ਲੱਖ ਨੌਜਵਾਨ ਆਈਲੈੱਟਸ ਪ੍ਰੀਖਿਆ ਵਿਚ ਬੈਠਦੇ ਹਨ ਜੋ ਇਕੱਲੀ ਆਈਲੈੱਟਸ ਦੀ ਪ੍ਰੀਖਿਆ ਫੀਸ ਦੇ ਰੂਪ ਵਿਚ ਸਾਲਾਨਾ 425 ਕਰੋੜ ਰੁਪਏ ਤਾਰਦੇ ਹਨ। ਸੂਬੇ ਦੇ ਹਰ ਸ਼ਹਿਰ ਵਿਚ ਹੁਣ ਬੈਂਡਾਂ ਦੀ ਮੰਡੀ ਲਗਦੀ ਹੈ। ਵੱਡੇ-ਛੋਟੇ ਸ਼ਹਿਰਾਂ 'ਚ ਆਈਲੈਟਸ ਕੋਚਿੰਗ ਸੈਂਟਰਾਂ ਨੂੰ ਸਾਹ ਨਹੀਂ ਆ ਰਿਹਾ। ਆਈਲੈਟਸ ਪ੍ਰੀਖਿਆ ਪ੍ਰਬੰਧਕਾਂ (ਬ੍ਰਿਟਿਸ਼ ਕੌਂਸਲ ਤੇ ਆਈਡੀਪੀ) ਨੇ ਹਰ ਸ਼ਹਿਰ ਗਲੀਚੇ ਵਿਛਾ ਦਿੱਤੇ ਜੋ ਪੰਜਾਬ ਦੀ ਕਿਸਾਨੀ ਤੇ ਜਵਾਨੀ ਨੂੰ ਕਾਫੀ ਮਹਿੰਗੇ ਪੈ ਰਹੇ ਹਨ।

ਪੰਜਾਬ ਵਿਚ ਹੁਣ ਇਸ ਦਾ ਸਾਲਾਨਾ ਕਰੀਬ 1100 ਕਰੋੜ ਰੁਪਏ ਦਾ ਕਾਰੋਬਾਰ ਹੋਣ ਲੱਗਾ ਹੈ। ਬ੍ਰਿਟਿਸ ਕੌਂਸਲ ਤੇ ਆਈਡੀਪੀ (ਪ੍ਰੀਖਿਆ ਪ੍ਰਬੰਧਕ) ਦੇ ਪੰਜਾਬ-ਚੰਡੀਗੜ੍ਹ ਵਿਚ ਸੱਤ-ਸੱਤ ਪ੍ਰੀਖਿਆ ਕੇਂਦਰ ਹਨ ਜਿਨ੍ਹਾਂ ਵਿਚ ਬਠਿੰਡਾ, ਮੋਗਾ, ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਜਲੰਧਰ ਤੇ ਚੰਡੀਗੜ੍ਹ ਸ਼ਾਮਿਲ ਹਨ। ਆਈਡੀਪੀ ਦੇ ਦੇਸ਼ ਭਰ ਵਿਚ ਕੁੱਲ 40 ਪ੍ਰੀਖਿਆ ਕੇਂਦਰ ਹਨ। ਹਰ ਪ੍ਰੀਖਿਆ ਕੇਂਦਰ ਦੀ ਸਮਰੱਥਾ 300 ਤੋਂ 700 ਸੀਟਾਂ ਦੀ ਹੈ ਤੇ ਹਰ ਮਹੀਨੇ ਚਾਰ ਵਾਰ ਪ੍ਰੀਖਿਆ ਹੁੰਦੀ ਹੈ। ਔਸਤਨ ਪੰਜ ਸੌ ਸੀਟਾਂ ਮੰਨ ਲਈਏ ਤਾਂ ਹਰ ਮਹੀਨੇ ਪੰਜਾਬ 'ਚ 28 ਹਜ਼ਾਰ ਨੌਜਵਾਨ ਆਈਲੈਟਸ


**ਬਾਕੀ ਸਫ਼ਾ 29 'ਤੇ**


## ਬਰਤਾਨੀਆ ਦੇ ਗਲੇ ਦੀ ਹੱਡੀ ਬਣਿਆ ਬ੍ਰੈਗਜ਼ਿਟ ਸਮਝੌਤਾ

**ਲੰਡਨ/ਬਿਊਰੋ ਨਿਊਜ਼ :** ਯੂਰਪੀ ਯੂਨੀਅਨ ਤੋਂ ਵੱਖ ਹੋਣ ਵਾਸਤੇ ਬ੍ਰੈਗਜ਼ਿਟ ਸਮਝੌਤੇ ਦੀ ਅਗਨੀ ਪ੍ਰੀਖਿਆ ਬਰਤਾਨੀਆ ਲਈ ਭਾਰੀ ਪੈਂਦੀ ਜਾ ਰਹੀ ਹੈ। ਬਰਤਾਨੀਆ ਦੇ ਗਲੇ ਦੀ ਹੱਡੀ ਬਣੇ ਬ੍ਰੈਗਜ਼ਿਟ ਸਮਝੌਤੇ ਸਬੰਧੀ ਬਰਤਾਨੀਆ ਦੀ ਸੰਸਦ 'ਚ ਹੋਈ ਇਤਿਹਾਸਕ ਵੋਟਿੰਗ 'ਚ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਬ੍ਰੈਗਜ਼ਿਟ ਲਈ 29 ਮਾਰਚ ਦੀ ਤਾਰੀਕ ਨੂੰ ਸਿਰਫ਼ ਦੋ ਕੁ ਮਹੀਨੇ ਹੀ ਰਹਿ ਗਏ ਹਨ ਪਰ ਅਜੇ ਵੀ ਬਰਤਾਨਵੀ ਸੰਸਦ ਇਸ ਮੁੱਦੇ 'ਤੇ ਵੰਡੀ ਹੋਈ ਹੈ। ਬਰਤਾਨੀਆ ਦੀ ਪ੍ਰਧਾਨ ਮੰਤਰੀ


**ਬਾਕੀ ਸਫ਼ਾ 29 'ਤੇ**


## ਆਮ ਆਦਮੀ ਪਾਰਟੀ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਨੇ ਵੀ ਦਿੱਤਾ ਅਸਤੀਫ਼ਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਜੈਤੋ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ। ਇਸ ਨਾਲ ਆਮ ਆਦਮੀ ਪਾਰਟੀ ਨੂੰ ਪੰਜਾਬ 'ਚ ਇੱਕ ਹੋਰ ਵੱਡਾ ਝਟਕਾ ਲੱਗਿਆ ਹੈ। ਮਾਸਟਰ ਬਲਦੇਵ ਸਿੰਘ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਉੱਪਰ ਵੱਡਾ ਇਲਜ਼ਾਮ ਲਾਇਆ ਹੈ। ਉਨ੍ਹਾਂ ਨੇ ਕੇਜਰੀਵਾਲ ਨੂੰ ਚਿੱਠੀ 'ਚ ਲਿਖਿਆਕਿ ਉਸ ਦਾ ਪਾਰਟੀ 'ਚ ਆਉਣ



ਦਾ ਮਕਸਦ ਪੰਜਾਬ ਦੇ ਲੋਕਾਂ ਦੀ ਭਲਾਈ ਕਰਨਾ ਸੀ ਪਰ ਪਾਰਟੀ ਆਪਣੇ ਵਿਚਾਰਾਂ ਤੋਂ ਭਟਕ ਚੁੱਕੀ ਹੈ। ਪਿਛਲੇ 15 ਦਿਨਾਂ 'ਚ ਇਹ ਤੀਜਾ ਵੱਡਾ ਵਿਧਾਇਕ ਹੈ ਜਿਸ ਨੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਦਿੱਤੀ ਹੈ। ਬਲਦੇਵ ਸਿੰਘ ਤੋਂ ਪਹਿਲਾ ਸੁਖਪਾਲ ਖਹਿਰਾ ਤੇ ਐਚਐਸ ਫੂਲਕਾ ਨੇ ਅਸਤੀਫਾ ਦਿੱਤਾ ਸੀ। ਇਸ ਤੋਂ ਬਾਅਦ ਖਹਿਰਾ ਆਪਣੀ ਵੱਖਰੀ ਪਾਰਟੀ ਪੰਜਾਬੀ ਏਕਤਾ ਪਾਰਟੀ ਬਣਾ ਚੁੱਕੇ ਹਨ।


**ਬਾਕੀ ਸਫ਼ਾ 26 'ਤੇ**



SINGH CPA PLLC
Making Businesses Tax Efficient
Tax Planning
Bookkeeping/ Payroll
Sales & Occupancy Taxes
Corporate & Individual Taxes
Barjinderjit Singh, CPA
Serving Clients in All 48 States
700 Central Expressway South, Suite 400 Allen, TX. 75013
(214) 210-9600
bill@mysinghcpa.com
www.mysinghcpa.com

JASPREET SINGH
Attorney-At-law
ਜਸਪ੍ਰੀਤ ਸਿੰਘ
Loan Modification
Bankruptcy, Immigration,
Political Asylum, Deportation Defense,
Citizenship, L-I, H-I, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

FLEET ONE OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
• A program custom-built to match your fleet's needs – backed by a FDIC-Insured financial partner in WEX Bank.
• Free same day funding
• Free collection management services
• Real-time credit check service
95% Advance in 24 Hours For Trucking Companies
Call for a Quote
(855)641-6955

TRANS-ALLIANCE
SAVE UPTO 24¢ PER GALLON ON DIESEL
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves

ਗੁਰਬਾਣੀ
ਪੰਜਾਬੀ ਗਾਣੇ
Punjabi Radio USA
408-272-5200

KHALSA INSURANCE AGENCY, INC.
COVERED CALIFORNIA
OBAMACARE
Call Now for the Lowest Health Insurance Premiums available
Some Households qualify for FREE HEALTHCARE
408-272-2500


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


1984
audiobook
ਅਣਚਿਤਵਿਆ ਕਹਿਰ
ਬੋਲਦੀ ਕਿਤਾਬ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਂਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਂਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।
ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

# ਟਰੰਪ ਵੱਲੋਂ ਤੁਰਕੀ ਨੂੰ ਆਰਥਿਕ ਮੁਹਾਜ 'ਤੇ 'ਤਬਾਹ' ਕਰਨ ਦੀ ਧਮਕੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਤੁਰਕੀ ਵੱਲੋਂ ਕੁਰਦਾਂ ਨੂੰ ਨਿਸ਼ਾਨਾ ਬਣਾਉਣ 'ਤੇ ਭੜਕੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਤੁਰਕੀ ਨੂੰ ਆਰਥਿਕ ਮੁਹਾਜ 'ਤੇ 'ਤਬਾਹ' ਕਰਨ ਦੀ ਧਮਕੀ ਦਿੱਤੀ ਹੈ। ਅਮਰੀਕਾ ਦਾ ਕਹਿਣਾ ਹੈ ਕਿ ਜੇ ਨਾਟੋ ਫ਼ੌਜਾਂ 'ਚ ਸ਼ਾਮਲ ਤੁਰਕੀ ਅਮਰੀਕੀ ਹਮਾਇਤ ਪ੍ਰਾਪਤ ਕੁਰਦ ਤਾਕਤਾਂ ਨੂੰ ਸੀਰੀਆ ਵਿਚ ਨਿਸ਼ਾਨਾ ਬਣਾਉਣਾ ਬੰਦ ਨਹੀਂ ਕਰਦਾ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ।



ਜ਼ਿਕਰਯੋਗ ਹੈ ਕਿ ਅਮਰੀਕੀ ਸੈਨਾਵਾਂ ਖਾਨਾਜੰਗੀ ਦਾ ਸ਼ਿਕਾਰ ਸੀਰੀਆ ਵਿਚੋਂ ਨਿਕਲ ਰਹੀਆਂ ਹਨ। ਤੁਰਕੀ ਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ ਹੈ ਕਿ ਉਹ ਇਨ੍ਹਾਂ 'ਅਤਿਵਾਦੀਆਂ' ਖ਼ਿਲਾਫ਼ ਕਾਰਵਾਈ ਜਾਰੀ ਰੱਖੇਗਾ। ਟਰੰਪ ਨੇ ਪਿਛਲੇ ਮਹੀਨੇ ਸੀਰੀਆ ਵਿਚ ਬਾਕੀ ਬਚੀ ਅਮਰੀਕੀ ਫ਼ੌਜ ਨੂੰ ਵਾਪਸ ਬੁਲਾਉਣ ਦਾ ਐਲਾਨ ਕੀਤਾ ਸੀ ਤੇ ਇਸ ਸਬੰਧੀ ਕਾਰਵਾਈ ਲੰਘੇ ਹਫ਼ਤੇ ਸ਼ੁਰੂ ਹੋ ਗਈ ਸੀ। ਅਮਰੀਕੀ ਫ਼ੌਜਾਂ ਦੇ ਪਰਤਣ ਮਗਰੋਂ ਇਸ ਦੇ ਹਮਾਇਤੀ ਕੁਰਦਾਂ 'ਤੇ ਤੁਰਕੀ ਦੇ ਹਮਲੇ ਦਾ ਖ਼ਤਰਾ ਵਧ ਗਿਆ ਸੀ। ਤੁਰਕੀ ਦਾ ਦਾਅਵਾ ਹੈ ਕਿ ਕੁਰਦ ਤਾਕਤਾਂ ਮੁਲਕ 'ਚ ਬਾਗੀਆਂ ਨਾਲ ਰਾਬਤਾ ਕਰਕੇ ਦੇਸ਼ ਵਿਚ ਗੜਬੜੀ ਫੈਲਾ ਰਹੀਆਂ ਹਨ। ਟਰੰਪ ਨੇ ਕਿਹਾ ਕਿ ਤੁਰਕ ਫ਼ੌਜਾਂ ਤੇ ਕੁਰਦਾਂ ਵਿਚਾਲੇ ਟਕਰਾਅ ਨੂੰ ਰੋਕਣ ਅਤੇ ਤੁਰਕੀ ਨੂੰ ਬਾਹਰੀ ਅਤਿਵਾਦੀ ਹਮਲੇ ਤੋਂ ਸੁਰੱਖਿਅਤ ਰੱਖਣ ਲਈ 20 ਮੀਲ ਦਾ ਸੁਰੱਖਿਅਤ ਜ਼ੋਨ ਬਣਾਇਆ ਜਾ ਸਕਦਾ ਹੈ ਤੇ ਕੁਰਦ ਵੀ ਤੁਰਕੀ ਨੂੰ ਭੜਕਾਉਣ ਤੋਂ ਗੁਰੇਜ਼ ਕਰਨ। ਆਈਐੱਸਆਈਐੱਸ ਖ਼ਿਲਾਫ਼ ਕੀਤੀ ਕਾਰਵਾਈ ਵਿਚ ਤੁਰਕੀ ਤੇ ਅਮਰੀਕਾ ਭਾਈਵਾਲ ਰਹੇ ਹਨ। ਟਰੰਪ ਦੇ ਬਿਆਨ ਮਗਰੋਂ ਤੁਰਕੀ ਦੇ ਰਾਸ਼ਟਰਪਤੀ ਰਿਸੇਪ ਤਈਅਪ ਅਰਦੋਜਾਂ ਦੇ ਬੁਲਾਰੇ ਇਬਰਾਹਿਮ ਕਾਲਿਨ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਇਸਲਾਮਿਕ ਸਟੇਟ ਤੇ ਕੁਰਦਿਸ਼ ਪੀਪਲਜ਼ ਪ੍ਰੋਟੈਕਸ਼ਨ ਯੂਨਿਟ ਦੋਵੇਂ ਇੱਕੋ ਜਿਹੀਆਂ ਜਥੇਬੰਦੀਆਂ ਹਨ। ਬੁਲਾਰੇ ਨੇ ਟਰੰਪ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅਤਿਵਾਦੀ ਅਮਰੀਕਾ ਦੇ ਭਾਈਵਾਲ ਨਹੀਂ ਹੋ ਸਕਦੇ ਤੇ ਤੁਰਕੀ ਦੋਵਾਂ ਮੁਲਕਾਂ ਵਿਚਾਲੇ ਰਣਨੀਤਕ ਭਾਈਵਾਲੀ ਦਾ ਪੂਰਾ ਸਨਮਾਨ ਕਰਦਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਅਮਰੀਕਾ ਅਤਿਵਾਦੀਆਂ ਦੀ ਸਾਜ਼ਿਸ਼ ਵਿਚ ਨਾ ਉਲਝੇ ਤੇ ਤੁਰਕੀ ਅਤਿਵਾਦ ਖ਼ਿਲਾਫ਼ ਲੜ ਰਹੇ ਹੈ ਨਾ ਕਿ ਕੁਰਦਾਂ ਖ਼ਿਲਾਫ਼।

**ਸੀਰੀਆ-ਤੁਰਕੀ ਸਰਹੱਦ 'ਤੇ 'ਸੇਫ਼ ਜ਼ੋਨ' ਦਾ ਚਾਹਵਾਨ ਅਮਰੀਕਾ :** ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਇੱਥੇ ਕਿਹਾ ਕਿ ਤੁਰਕੀ ਤੇ ਕੁਰਦ ਲੜਾਕਿਆਂ ਵਿਚਾਲੇ ਤਣਾਅ ਵਾਲੇ ਉੱਤਰ-ਪੂਰਬੀ ਸੀਰੀਆ ਦੇ ਸਰਹੱਦੀ ਇਲਾਕੇ ਵਿਚ 'ਸੇਫ਼ ਜ਼ੋਨ' ਕਾਇਮ ਕਰਨ ਲਈ ਗੱਲਬਾਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਚਾਹੁੰਦਾ ਹੈ ਕਿ ਇਸਲਾਮਿਕ ਸਟੇਟ ਖ਼ਿਲਾਫ਼ ਉਸ ਦੇ ਭਾਈਵਾਲ ਸੁਰੱਖਿਅਤ ਰਹਿਣ ਤੇ ਨਾਲ ਹੀ ਸੀਰੀਆ 'ਚ ਸਰਗਰਮ ਅਤਿਵਾਦੀ ਤੁਰਕੀ ਉੱਤੇ ਹਮਲਾ ਨਾ ਕਰ ਸਕਣ। ਉਨ੍ਹਾਂ ਕਿਹਾ ਕਿ ਅਮਰੀਕਾ ਸਾਰੀਆਂ ਧਿਰਾਂ ਲਈ ਸੁਰੱਖਿਅਤ ਸਰਹੱਦ ਕਾਇਮ ਕਰਨਾ ਚਾਹੁੰਦਾ ਹੈ। ਟਰੰਪ ਨੇ ਵੀ 20 ਮੀਲ ਲੰਮੇ ਸੁਰੱਖਿਅਤ ਜ਼ੋਨ ਬਣਾਉਣ ਬਾਰੇ ਕਿਹਾ ਸੀ। ਤੁਰਕੀ ਨੇ ਵੀ ਇਸ ਤਜਵੀਜ਼ ਦਾ ਵਿਰੋਧ ਨਹੀਂ ਕੀਤਾ ਹੈ। ਅਮਰੀਕੀ ਵਿਦੇਸ਼ ਮੰਤਰੀ ਪਰਿਵਾਰ ਵਿਚ ਹੋਈ ਇਕ ਮੌਤ ਕਾਰਨ ਆਪਣੇ ਮੱਧ ਪੂਰਬ ਦੌਰੇ ਨੂੰ ਵਿਚਾਲੇ ਛੱਡ ਦੇਸ਼ ਪਰਤ ਆਏ ਹਨ।

# ਗੁਰਦੁਆਰਾ ਸਾਹਿਬ ਫ਼ਰੀਮੌਂਟ ਵਿਖੇ ਸ਼ਹੀਦੀ ਸਮਾਗਮ ਕਰਵਾਇਆ

## *ਸ਼ਹੀਦ ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਬਰਸੀ ਮਨਾਈ*

**ਫਰੀਮੌਂਟ/ਹੁਸਨ ਲੜੋਆ ਬੰਗਾ :** ਉਤਰੀ ਅਮਰੀਕਾ ਵਿਚ ਆਪਣੀ ਵਿਸੇਸ਼ ਥਾਂ ਰੱਖਣ ਵਾਲੇ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਸਲਾਨਾ ਬਰਸੀ ਮਨਾਈ ਗਈ ।ਲੰਘੇ ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਇਨ੍ਹਾਂ ਸੂਰਬੀਰਾਂ ਦੀਆਂ ਸ਼ਹਾਦਤਾਂ ਨੂੰ ਯਾਦ ਕੀਤਾ ਗਿਆ ।ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਸ਼ਹੀਦਾਂ ਨੂੰ ਭਾਵ ਪੂਰਤ ਸ਼ਰਧਾਂਜਲੀ ਭੇਟ ਕੀਤੀ । ਕਥਾ ਕੀਰਤਨ ਤੋਂ ਇਲਾਵਾ ਭਾਈ ਗੁਰਮੀਤ ਸਿੰਘ ਖਾਲਸਾ ਅਤੇ ਬੀਬੀ ਭਗਵਾਨ ਕੌਰ ਨੇ ਸੰਗਤਾਂ ਨੂੰ ਸੰਬੋਧਨ ਕੀਤਾ ।ਭਾਈ ਗੁਰਦੀਪ ਸਿੰਘ ਨੇ ਸ਼ਹੀਦਾਂ ਨੂੰ ਸਮਰਪਿਤ ਕਵਿਤਾਵਾਂ ਪੜ੍ਹੀਆਂ। ਭਾਈ ਗੁਰਦੇਵ ਸਿੰਘ ਕਾਉਂਕੇ ਦੀ ਸਪੁੱਤਰੀ ਸਰਬਜੀਤ ਕੌਰ ਅਤੇ ਜਵਾਈ ਭਾਈ ਸਰਬਜੋਤ ਸਿੰਘ ਸਵੱਦੀ ਨੂੰ ਪ੍ਰਬੰਧਕਾਂ ਵਲੋਂ ਉਨ੍ਹਾਂ ਦੇ ਪਰਿਵਾਰ ਦੀ ਕੌਮੀ ਸੇਵਾ ਦੇ ਮਾਣ ਹਿੱਤ ਸਨਮਾਨਤ ਕੀਤਾ ਗਿਆ।



# ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਸ਼ੁਰੂ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਭਾਰਤ ਦੇ ਇਥੇ ਨਵੇਂ ਸਫ਼ੀਰ ਨਿਯੁਕਤ ਹੋਏ ਹਰਸ਼ ਵੀ ਸ਼੍ਰਿੰਗਲਾ ਨੇ ਦੱਸਿਆ ਹੈ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਅਮਰੀਕਾ 'ਚ ਸ਼ੁਰੂਆਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਮਾਨਵਤਾ ਅਤੇ ਵੰਡ ਕੇ ਛਕਣ ਦੇ ਸੁਨੇਹੇ ਨੂੰ ਲੋਕਾਂ ਤਕ ਪਹੁੰਚਾਉਣ ਲਈ ਉਚੇਚੇ ਤੌਰ 'ਤੇ ਇਹ ਉਪਰਾਲੇ ਕੀਤੇ ਜਾ ਹਨ। ਸਫ਼ੀਰ ਹਰਸ਼ ਵੀ ਸ਼੍ਰਿੰਗਲਾ ਨੇ ਕਿਹਾ ਕਿ ਭਾਰਤੀ ਸਫ਼ਾਰਤਖਾਨਿਆਂ ਅਤੇ ਕੌਂਸਲਖਾਨਿਆਂ ਨੇ ਸਾਲ ਭਰ ਚੱਲਣ ਵਾਲੇ ਕੀਰਤਨਾਂ, ਸੈਮੀਨਾਰਾਂ ਅਤੇ ਅੰਤਰ ਧਰਮ ਸਮਾਗਮਾਂ ਸਮੇਤ ਹੋਰ ਸਰਗਰਮੀਆਂ ਦਾ ਐਲਾਨ ਕੀਤਾ ਹੋਇਆ ਹੈ। ਪਹਿਲੇ ਸਮਾਗਮ ਵਿਚ ਭਾਈ ਬਲਦੀਪ ਸਿੰਘ ਨੇ ਗੁਰਬਾਣੀ ਕੀਰਤਨ ਨਾਲ ਇਨ੍ਹਾਂ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ। ਸ੍ਰੀ ਸ਼੍ਰਿੰਗਲਾ ਨੇ ਕਰੀਬ 200 ਵਿਅਕਤੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਭਾਰਤ ਦੇ ਮਹਾਨ ਦਾਰਸ਼ਨਿਕਾਂ ਅਤੇ ਸਮਾਜ ਸੁਧਾਰਕਾਂ ਵਿਚੋਂ ਇਕ ਸਨ ਅਤੇ ਉਨ੍ਹਾਂ ਜਾਤ-ਪਾਤ ਦੇ ਬੰਧਨ ਤੋਂ ਸਮਾਜ ਨੂੰ ਨਿਜ਼ਾਤ ਦਿਵਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਵੱਖ ਵੱਖ ਮੁਲਕਾਂ 'ਚ ਸਮਾਗਮਾਂ ਦੀ ਯੋਜਨਾ ਬਣਾਈ ਹੈ।ਸਫ਼ੀਰ ਮੁਤਾਬਕ ਅਮਰੀਕਾ 'ਚ ਵੱਖ ਵੱਖ ਗੁਰਦੁਆਰਿਆਂ ਅਤੇ ਸਿੱਖ ਆਗੂਆਂ ਕੋਲ ਪਹੁੰਚ ਕਰਕੇ ਉਨ੍ਹਾਂ ਨਾਲ ਕਈ ਮੁੱਦਿਆਂ ਨੂੰ ਵਿਚਾਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਕ ਟਾਸਕ ਫੋਰਸ ਬਣਾਈ ਗਈ ਹੈ ਜੋ ਵੱਖ ਵੱਖ ਸਮਾਗਮਾਂ ਲਈ ਤਾਲਮੇਲ ਬਣਾ ਕੇ ਚੱਲੇਗੀ। ਉਨ੍ਹਾਂ ਦੱਸਿਆ ਕਿ ਹਿਊਸਟਨ, ਨਿਊਯਾਰਕ, ਸਾਂ ਫਰਾਂਸਿਸਕੋ, ਸ਼ਿਕਾਗੋ ਅਤੇ ਅਟਲਾਂਟਾ ਦੇ ਪੰਜ ਕੌਂਸਲਖਾਨੇ ਗੁਰਦੁਆਰਿਆਂ ਅਤੇ ਸਿੱਖ ਜਥੇਬੰਦੀਆਂ ਨਾਲ ਮਿਲ ਕੇ ਪ੍ਰੋਗਰਾਮਾਂ ਦਾ ਪ੍ਰਬੰਧ ਕਰਨਗੇ।






# ਪਿੰਡ ਗਾਖਲਾਂ ਦੇ ਵਿਕਾਸ ਲਈ ਐਨਆਰਆਈ ਅਮੋਲਕ ਸਿੰਘ ਗਾਖਲ ਨੇ ਕਰੋੜ ਰੁਪਇਆ ਖਰਚਣ ਦਾ ਕੀਤਾ ਵਾਅਦਾ

## *ਫੰਡ ਖਰਚਣ ਲਈ ਪੰਜ ਮੈਂਬਰੀ ਵਿਕਾਸ ਕਮੇਟੀ ਦਾ ਗਠਨ*



**ਜਲੰਧਰ/ਬਿਊਰੋ ਨਿਊਜ਼ :** ਅਮਰੀਕਾ ਵਿਚ ਧਾਰਮਿਕ, ਸਮਾਜਿਕ, ਸੱਭਿਆਚਾਰਕ ਤੇ ਖੇਡ ਗਤੀਵਿਧੀਆਂ ਵਿਚ ਵਧ ਚੜ੍ਹ ਕੇ ਹਿੱਸਾ ਪਾਉਣ ਵਾਲੇ ਗਾਖਲ ਭਰਾਵਾਂ ਸ. ਅਮੋਲਕ ਸਿੰਘ ਗਾਖਲ, ਪਲਵਿੰਦਰ ਗਾਖਲ ਤੇ ਇਕਬਾਲ ਸਿੰਘ ਗਾਖਲ ਨੇ ਕਿਹਾ ਕਿ ਉਹ ਆਪਣੇ ਪਿੰਡ ਨੂੰ ਜਿਵੇਂ ਪਿਛਲੇ ਅਰਸੇ ਦੌਰਾਨ ਹਰ ਸੁੱਖ ਸਹੂਲਤ ਪ੍ਰਦਾਨ ਕਰਨ ਲਈ ਯਤਨਸ਼ੀਲ ਰਹੇ ਹਨ, ਉਵੇਂ ਅਗਲੇ ਵਰ੍ਹਿਆਂ ਦੌਰਾਨ ਵੀ ਐੱਨਆਰਆਈ ਭਰਾਵਾਂ ਦੇ ਸਹਿਯੋਗ ਨਾਲ ਆਪਣੀ ਇਸ ਜਨਮ ਭੋਇੰ ਨੂੰ ਕਿਸੇ ਵੀ ਤਰ੍ਹਾਂ ਵਿਕਾਸ ਪੱਖੋਂ ਪਿੱਛੇ ਨਹੀਂ ਰਹਿਣ ਦੇਣਗੇ। ਪਿੰਡ ਗਾਖਲ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਆਪਣੇ ਪਿੰਡ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਆਪਣੇ ਪਿੰਡ ਨੂੰ ਖ਼ੂਬਸੂਰਤ ਬਣਾਉਣ, ਵਿਕਾਸ ਪੱਖੋਂ ਮੁਕੰਮਲ ਕਰਨ ਦੇ ਉਦੇਸ਼ ਨੂੰ ਲੈ ਕੇ ਐੱਨਆਰਆਈ ਵੀਰਾਂ ਦੇ ਸਹਿਯੋਗ ਨਾਲ ਅਗਲੇ ਵਰ੍ਹਿਆਂ ਦੌਰਨ 1 ਕਰੋੜ ਰੁਪਇਆ ਖਰਚਣ ਦਾ ਵਾਅਦਾ ਕਰਦੇ ਹਨ। ਇਸ ਉਦੇਸ਼ ਦੀ ਪੂਰਤੀ ਲਈ ਗਠਿਤ ਕੀਤੀ ਗਈ ਵਿਕਾਸ ਕਮੇਟੀ ਵਿਚ ਉਨ੍ਹਾਂ ਨੇ ਸ. ਬਲਵੀਰ ਸਿੰਘ, ਜਸਵੰਤ ਸਿੰਘ ਪੱਪੂ ਗਾਖਲ, ਸਰਪੰਚ ਸੁਖਵੰਤ ਸਿੰਘ ਸੁੱਖਾ ਗਾਖਲ, ਜਸਪਾਲ ਸਿੰਘ ਗਾਖਲ ਅਤੇ ਨੱਥਾ ਸਿੰਘ ਗਾਖਲ ਨੂੰ ਸ਼ਾਮਿਲ ਕੀਤਾ ਹੈ। ਇੱਥੇ ਜ਼ਿਕਰਯੋਗ ਹੈ ਕਿ ਕਿ ਨਾ ਸਿਰਫ ਅਮਰੀਕਾ ਵਿਚ ਵੱਡੇ ਖੇਡ ਮੇਲੇ ਕਰਾਉਣੇ ਹਰ ਧਾਰਮਿਕ ਅਤੇ ਸਮਾਜਿਕ ਕਾਰਜ ਵਿਚ ਵਿਤੀ ਸਹਿਯੋਗ ਦੇਣਾ, ਗਾਖਲ ਭਰਾਵਾਂ ਦਾ ਜੀਵਨ ਮਿਸ਼ਨ ਰਿਹਾ ਹੈ, ਸਗੋਂ ਉਨ੍ਹਾਂ ਨੇ ਆਪਣੇ ਪਿੰਡ ਵਿਚ ਆਪਣੀ ਦਾਦੀ ਮਾਤਾ ਭਾਗੋ ਤੇ ਬਾਬਾ ਕਰਮ ਸਿੰਘ ਦੀ ਯਾਦ ਵਿਚ ਸਾਲ 2004 'ਚ ਸਰਕਾਰੀ ਸੈਕੰਡਰੀ ਸਕੂਲ ਵਿਚ ਮੁਕੰਮਲ ਬਲਾਕ ਉਸਾਰਿਆ ਤੇ ਅਧੁਨਿਕ ਕੰਪਿਊਟਰ ਲੈਬ ਬਣਾਈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਆਪਣੇ ਪਿੰਡ ਖੇਡ ਸਟੇਡੀਅਮ ਉਸਾਰਨ ਲਈ ਐੱਨਆਰਆਈ ਵੀਰਾਂ ਦੇ ਸਹਿਯੋਗ ਸਦਕਾ ਵੱਡੀ ਭੂਮਿਕਾ ਨਿਭਾਈ। ਆਪਣੇ ਪਿਤਾ ਸ. ਨਸੀਬ ਸਿੰਘ ਦੀ ਯਾਦ ਵਿਚ ਬੱਸ ਅੱਡਾ, ਡਾਕਘਰ ਬਣਵਾਇਆ ਅਤੇ ਸ਼ਮਸ਼ਾਨਘਾਟ ਦੁਆਲੇ ਚਾਰਦੀਵਾਰੀ ਵੀ ਕਰਵਾਈ। ਸ. ਗਾਖਲ ਨੇ ਕਿਹਾ ਕਿ ਉਹ ਵਿਦੇਸ਼ਾਂ ਵਿਚ ਬੈਠੇ ਗਾਖਲ ਪਿੰਡ ਦੇ ਵਾਸੀਆਂ ਤੋਂ ਵੀ ਪੂਰਾ ਸਹਿਯੋਗ ਲੈਣਗੇ ਤੇ ਗਾਖਲ ਪਰਿਵਾਰ ਇਹ ਜ਼ੁੰਮੇਵਾਰੀ ਚੁੱਕਦਾ ਹੈ ਕਿ ਪਿੰਡ ਦਾ ਕੋਈ ਵੀ ਬੱਚਾ ਆਰਥਿਕ ਕਮਜ਼ੋਰੀ ਕਰਕੇ ਪੜ੍ਹਾਈ ਕਰਨ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਗਾਖਲ ਪਰਿਵਾਰ ਦੀ ਦੇਸ਼ਾਂ ਵਿਦੇਸ਼ਾਂ ਵਿਚ ਸਮਾਜਿਕ ਸਰਗਰਮੀ ਦੀ ਪ੍ਰਸ਼ੰਸਾ ਕਰਨ ਵਾਲਿਆਂ ਵਿਚ ਇਸ ਮੌਕੇ 'ਤੇ ਐੱਮਪੀ ਚੌਧਰੀ ਸੰਤੋਖ ਸਿੰਘ, ਵਿਧਾਇਕ ਸੁਸ਼ੀਲ ਰਿੰਕੂ, ਪਵਨ ਕੁਮਾਰ ਟੀਨੂੰ, ਕਾਂਗਰਸ ਦੇ ਮੁੱਖ ਬੁਲਾਰੇ ਨਵਜੋਤ ਸਿੰਘ ਦਾਹੀਆ ਤੇ ਡਾ. ਜੈਸਮੀਨ ਕੌਰ ਸ਼ਾਮਿਲ ਸਨ। ਪਿੰਡ ਵਾਸੀਆਂ ਨੇ ਗਾਖਲ ਪਰਿਵਾਰ ਵਲੋਂ ਵਿਕਾਸ ਲਈ ਨਿਭਾਈ ਭੂਮਿਕਾ ਕਰਕੇ ਧੰਨਵਾਦ ਕੀਤਾ। ਇਸ ਮੌਕੇ ਐੱਸਪੀ. ਕੁਲਵੰਤ ਸਿੰਘ ਹੀਰ, ਏਸੀਪੀ ਸਰਬਜੀਤ ਰਾਏ, ਵਿਪਨ ਗੋਗਾ, ਸੰਤੋਖ ਸਿੰਘ, ਨੱਥਾ ਸਿੰਘ ਗਾਖਲ, ਹਰਭਜਨ ਸਿੰਘ, ਭੁਪਿੰਦਰ ਸਿੰਘ, ਕੁਲਵੰਤ ਖਹਿਰਾ, ਗੁਰਚਰਨ ਸਿੰਘ, ਰਣਜੀਤ ਸਿੰਘ, ਕੁਲਵਿੰਦਰ ਸਿੰਘ ਗਾਖਲ ਤੇ ਸਰਬਜੀਤ ਸਿੰਘ ਬਿੱਟੂ ਹਾਜ਼ਰ ਸਨ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਦੀ ਨਵੀਂ ਮੈਂਬਰਸ਼ਿਪ ਸ਼ੁਰੂ

**ਨਿਊਯਾਰਕ/ਬਿਊਰੋ ਨਿਊਜ਼ :**ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਅਤੇ ਮੀਡੀਆ ਚੇਅਰਮੈਨ ਸ. ਸੁਖਜਿੰਦਰ ਸਿੰਘ ਨਿੱਝਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿਪ ਜਨਵਰੀ 11, 2019 ਤੋਂ ਫਰਵਰੀ 10, 2019 ਤੱਕ ਖੁੱਲ੍ਹ ਰਹੀ ਹੈ। ਮੈਂਬਰਸ਼ਿਪ ਬਣਨ ਦਾ ਸਮਾਂ ਹਰ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਦੁਪਹਿਰ 01 ਵਜੇ ਤੋਂ ਸ਼ਾਮ 10 ਵਜੇ ਤੱਕ ਰਹੇਗਾ। ਜਿਨ੍ਹਾਂ ਵੀ ਵੀਰਾਂ ਭੈਣਾਂ ਨੇ ਅਜੇ ਮੈਂਬਰਸ਼ਿਪ ਨਹੀਂ ਲਈ, ਉਹ ਗੁਰਦੁਆਰਾ ਸਾਹਿਬ ਆਪਣੀ ਆਈ.ਡੀ.ਅਤੇ ਐਡਰੈਸ ਪਰੂਫ਼ ਲਿਆ ਕੇ ਮੈਂਬਰਸ਼ਿਪ ਲੈ ਸਕਦੇ ਹਨ। ਸੰਵਿਧਾਨ ਦੇ ਮੁਤਾਬਕ ਸਿਰਫ਼ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਸੰਗਤ ਹੀ ਮੈਂਬਰਸ਼ਿਪ ਲੈ ਸਕਦੀ ਹੈ। ਵਧੇਰੇ ਜਾਣਕਾਰੀ ਲਈ ਮੁੱਖ ਸੇਵਾਦਾਰ, ਫੋਨ-347-324-2405, ਦਫ਼ਤਰ : 718-846-3333 ਉਤੇ ਸੰਪਰਕ ਕਰ ਸਕਦੇ ਹੋ।

# ਡਾ. ਪਰਮਜੀਤ ਸਿੰਘ ਸਰੋਆ ਦਾ ਸੈਕਰਾਮੈਂਟੋ 'ਚ ਸਨਮਾਨ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਕੁਝ ਦਿਨਾਂ ਲਈ ਅਮਰੀਕਾ ਦੀ ਯਾਤਰਾ 'ਤੇ ਆਏ ਹੋਏ ਹਨ। ਭਾਵੇਂ ਉਹ ਨਿੱਜੀ ਦੌਰੇ 'ਤੇ ਹਨ ਲੇਕਿਨ ਉਨ੍ਹਾਂ ਨੇ ਆਪਣਾ ਨੈਤਿਕ ਫਰਜ਼ ਸਮਝਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪਰਕਾਸ਼ ਉਤਸਵ ਸਬੰਧੀ ਮਨਾਏ ਜਾ ਰਹੇ ਸਮਾਗਮਾਂ ਸਬੰਧੀ ਸੰਗਤਾਂ ਨੂੰ ਸੱਦਾ ਦਿੱਤਾ ਹੈ। ਨਰਿੰਦਰਪਾਲ ਸਿੰਘ ਹੁੰਦਲ ਮੁੱਖ ਸੰਪਾਦਕ, ਪ੍ਰੋ. ਮੁਖਤਾਰ ਸਿੰਘ ਗਿੱਲ, ਸ. ਦਲਜੀਤ ਸਿੰਘ ਸੰਧੂ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਉਨ੍ਹਾਂ ਦਾ ਸੁਆਗਤ ਕੀਤਾ। ਉਹ੍ਹਾਂ ਨੇ ਇਸ ਭੇਟ ਵਾਰਤਾ ਵਿਚ ਆਉਣ ਵਾਲੇ ਸਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪੁਰਬ ਨੂੰ ਭਾਰਤ ਵਿਚ ਅਤੇ ਵੱਖ-ਵੱਖ ਹੋਰ ਮੁਲਕਾਂ ਵਿਚ ਮਨਾਏ ਜਾਣ ਲਈ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਦੇਸ਼ਾਂ ਵਿਚ ਵਸਦੀਆਂ ਸੰਗਤਾਂ ਨੂੰ ਖਾਸ ਤੌਰ 'ਤੇ ਸੱਦਾ ਦਿੱਤਾ ਕਿ ਉਹ ਇਨ੍ਹਾਂ ਸਮਾਗਮਾਂ ਵਿਚ ਪਾਕਿਸਤਾਨ ਅਤੇ ਪੰਜਾਬ ਵਿਚ ਜਦੋਂ ਵੀ ਸਮਾਂ ਮਿਲੇ ਪਹੁੰਚਣ ਦੀ ਕ੍ਰਿਪਾਲਤਾ ਕਰਨ ਅਤੇ ਆਪਣੇ ਮੁਲਕਾਂ ਦੇ ਵੱਖ ਵੱਖ ਇਲਾਕਿਆਂ ਵਿਚ ਵੱਡੇ ਪੱਧਰ ਉਤੇ ਸਮਾਗਮਾਂ ਦਾ ਆਯੋਜਨ ਕਰਨ। ਕਿਸੇ ਕਿਸਮ ਦੀ ਵੀ ਸਹਾਇਤਾ ਦੀ ਲੋੜ ਹੋਵੇ, ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸੰਭਵ ਸਹਾਇਤਾ ਦਾ ਇੰਤਜ਼ਾਮ ਕਰਵਾਉਣਗੇ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

## ਹਰਪਾਲ ਸਿੰਘ ਚਹਿਲ ਨੂੰ ਸਦਮਾ

### *ਪਿਤਾ ਨੰਬਰਦਾਰ ਕਸ਼ਮੀਰ ਸਿੰਘ ਦਾ ਅਕਾਲ ਚਲਾਣਾ*

**ਸੈਨਹੋਜ਼ੇ/ਬਿਊਰੋ ਨਿਊਜ਼:** ਹਰਪਾਲ ਸਿੰਘ ਚਹਿਲ ਦੇ ਪਿਤਾ ਨੰਬਰਦਾਰ ਕਸ਼ਮੀਰ ਸਿੰਘ ਚਾਹਲ 12 ਜਨਵਰੀ 2019 ਨੂੰ ਅਕਾਲ ਚਲਾਣਾ ਕਰ ਗਏ ਸਨ। ਉਨਾਂ ਦੀ ਆਤਮਿਕ ਸ਼ਾਂਤੀ



ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਅਤੇ ਸ਼ਰਧਾਂਜਲੀ ਸਮਾਰੋਹ 18 ਜਨਵਰੀ 2019 ਨੂੰ ਗੁਰਦੁਆਰਾ ਸ੍ਰੀ ਸਿੰਘ ਸਭਾ, ਪਿੰਡ ਫਤਿਹ ਨੰਗਲ (ਧਾਰੀਵਾਲ) ਜਿਲਾ ਗੁਰਦਾਸਪੁਰ ਵਿਖੇ ਦੁਪਹਿਰ 1:00 ਵਜੇ ਤੱਕ ਹੋਵੇਗਾ। ਨੰਬਰਦਾਰ ਕਸ਼ਮੀਰ ਸਿੰਘ ਚਾਹਲ ਦੇ ਸਪੁੱਤਰ ਸਰਬਰਿੰਦਰ ਸਿੰਘ ਚਾਹਲ, ਹਰਪਾਲ ਸਿੰਘ ਚਾਹਲ ਅਤੇ ਅਰਸ਼ਪਾਲ ਸਿੰਘ ਚਾਹਲ ਵਲੋਂ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ। ਹਰਪਾਲ ਸਿੰਘ ਚਹਿਲ ਸੈਨ ਹੋਜੇ ਇਲਾਕੇ ਦੀ ਬਹੁਤ ਹੀ ਪਿਆਰ ਤੇ ਸਤਿਕਾਰ ਕਰਨ ਵਾਲੀ ਸ਼ਖ਼ਸੀਅਤ ਹਨ ਅਤੇ ਕੌਮੀ ਕੰਮਾਂ ਵਿੱਚ ਵੀ ਵੱਧ ਚੜਕੇ ਹਿੱਸਾ ਪਾਉਂਦੇ ਹਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 74880-90001 ਅਤੇ 001-408-9812842 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### *ਸਿੱਖ ਕੌਮ ਦੀ ਖ਼ੁਦਮੁਖਤਿਆਰੀ ਦਾ ਮੁੱਦਾ*

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਯੂਐਸ) ਦਾ ਵਫਦ ਯੂਐਨਓ ਮੈਂਬਰਾਂ ਨੂੰ ਮਿਲਿਆ

**ਨਿਊਯਾਰਕ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਯੂਐਸ) ਦੇ ਤਿੰਨ ਮੈਂਬਰੀ ਡੈਲੀਗੇਸ਼ਨ, ਜਿਸ ਵਿਚ ਬੂਟਾ ਸਿੰਘ ਖਰੌਦ ਕਨਵੀਨਰ, ਜੋਗਾ ਸਿੰਘ ਪ੍ਰਧਾਨ ਨਿਊਜਰਸੀ ਅਤੇ ਭੁਪਿੰਦਰ ਸਿੰਘ ਅਮਰੀਕਾ ਸ਼ਾਮਲ ਸਨ, ਨੇ ਸਿੱਖ ਕੌਮ ਦੀ ਖੁਦਮੁਖਤਾਰੀ ਦੇ ਮੁੱਦੇ ਉਤੇ ਯੂਐਨਓ ਦੇ ਸੀਨੀਅਰ ਮੈਂਬਰਾਂ ਨਾਲ ਗੱਲਬਾਤ ਕੀਤੀ ਹੈ ।ਇਹ ਜਾਣਕਾਰੀ ਦਿੰਦਿਆਂ ਮੱਖਣ ਸਿੰਘ ਕਲੇਰ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਨੇ ਦੱਸਿਆ ਕਿ ਡੈਲੀਗੇਸ਼ਨ ਨੇ ਨਿਊਯਾਰਕ ਹੈਡਕੁਆਰਟਰ ਵਿਖੇ ਯੂਐਨ ਡਿਪਾਰਟਮੈਂਟ ਆਫ ਪੁਲੀਟੀਕਲ ਅਫੇਅਰਜ਼ ਦੇ ਸੀਨੀਅਰ ਮੈਂਬਰਾਂ ਨੂੰ ਸਿੱਖਾਂ ਦੀ ਖੁਦਮੁਖਤਿਆਰੀ ਦੀ ਲਹਿਰ ਉਤੇ ਕਾਬੂ ਪਾਉਣ ਲਈ ਭਾਰਤ ਸਰਕਾਰ ਅਤੇ ਸੂਬਾ ਪੰਜਾਬ ਸਰਕਾਰ ਵਲੋਂ ਲਗਾਤਾਰ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਦੀ ਕਹਾਣੀ ਦੱਸੀ। ਡੈਲੀਗੇਸ਼ਨ ਨੇ ਦੱਸਿਆ ਕਿ ਭਾਰਤ ਦੀ ਹਿੰਦੂਤਵੀ (ਆਰਐਸਐਸ-ਵੀਐਚਪੀ ਅਤੇ ਬਜਰੰਗ ਦਲ) ਸਰਕਾਰ, ਪੰਜਾਬ ਸੂਬੇ ਨੂੰ ਯੋਜਨਾਬੱਧ ਢੰਗ ਨਾਲ ਨਸ਼ਿਆਂ ਵਿਚ ਧੱਕ ਚੁੱਕੀ ਹੈ। ਦੱਸਿਆ ਗਿਆ ਕਿ ਇਹ ਘਿਨਾਉਣਾ ਕਾਰਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੁਸ਼ਤਪਨਾਹੀ ਹੇਠ ਹੋ ਰਿਹਾ ਹੈ ਕਿਉਂਕਿ ਨਰਿੰਦਰ ਮੋਦੀ ਦਾ ਏਜੰਡਾ ਭਾਰਤ 'ਚੋਂ ਸਿੱਖ ਧਰਮ ਅਤੇ ਹੋਰ ਘੱਟ ਗਿਣਤੀਆਂ ਨੂੰ ਖਤਮ ਕਰਕੇ ਇਕ ਨਿਰੋਲ ਹਿੰਦੂ ਦੇਸ਼ ਬਣਾਉਣਾ ਹੈ। ਯੂਐਨ ਡਿਪਾਰਟਮੈਂਟ ਆਫ ਪੁਲੀਟੀਕਲ ਅਫੇਅਰਜ਼ ਦੇ ਸੀਨੀਅਰ ਮੈਂਬਰਾਂ ਨੂੰ ਡੈਲੀਗੇਸ਼ਨ ਨੇ ਅਪੀਲ ਕੀਤੀ ਕਿ ਯੂਐਨ ਦੀ ਨਿਗਰਾਨੀ ਹੇਠ ਇਕ ਅਜਿਹਾ ਢਾਂਚਾ ਕਾਇਮ ਕੀਤਾ ਜਾਵੇ, ਜੋ ਸਿੱਖਾਂ ਦੀ ਖੁਦਮੁਖਤਿਆਰੀ ਦਾ ਮਤਾ ਯੂਐਨ ਦੇ ਸਾਹਮਣੇ ਰੱਖ ਸਕੇ। ਡੈਲੀਗੇਸ਼ਨ ਨੇ ਸੰਨ 1994 ਵਿਚ ਯੂਐਨਓ ਦੇ ਜਨਰਲ ਸਕੱਤਰ ਬੁਟਰਸ ਘਾਲੀ ਨੂੰ ਪੰਜਾਬ ਦੀ ਬਰਬਾਦੀ ਬਾਰੇ ਦਿੱਤੇ ਗਏ ਮੈਮੋਰੈਂਡਮ ਦੀ ਕਾਪੀ ਵੀ ਪੇਸ਼ ਕੀਤੀ ਜਿਸ ਉਪਰ ਸਿਮਰਨਜੀਤ ਸਿੰਘ ਮਾਨ (ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ), ਪ੍ਰਕਾਸ਼ ਸਿੰਘ ਬਾਦਲ (ਸਾਬਕਾ ਮੁੱਖ ਮੰਤਰੀ ਪੰਜਾਬ), ਗੁਰਚਰਨ ਸਿੰਘ ਟੌਹੜਾ (ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸੁਖਬੀਰ ਸਿੰਘ, ਹਰਚਰਨ ਸਿੰਘ, ਰਜਿੰਦਰ ਸਿੰਘ ਮੌਂਗਾ ਅਤੇ ਇੰਦਰਪਾਲ ਸਿੰਘ ਦੇ ਦਸਤਖਤ ਹਨ। ਅਕਾਲੀ ਦਲ ਅੰਮ੍ਰਿਤਸਰ (ਯੂਐਸ) ਦੇ ਡੈਲੀਗੇਸ਼ਨ ਨੇ ਯੂਐਨ ਡਿਪਾਰਟਮੈਂਟ ਆਫ ਪੁਲੀਟੀਕਲ ਅਫੇਅਰਜ਼ ਦੇ ਸੀਨੀਅਰ ਮੈਂਬਰਾਂ ਨੂੰ ਦੱਸਿਆ ਕਿ ਸਿੱਖ ਧਰਮ ਦੁਨੀਆ ਦੇ ਵੱਡੇ ਧਰਮਾਂ ਵਿਚੋਂ ਇਕ ਹੈ ਪਰ ਯੂਐਨਓ ਵਿਚ ਸਾਡੀ ਕੋਈ ਪ੍ਰਤੀਨਿਧਤਾ ਨਹੀਂ ਹੈ। ਇਸ ਲਈ ਸਿੱਖ ਕਮਿਊਨਟੀ ਵਿਚੋਂ ਕੋਈ ਅਜਿਹੀ ਕਮੇਟੀ ਸਥਾਪਤ ਕਰਕੇ ਉਸ ਨੂੰ ਮਾਨਤਾ ਦਿੱਤੀ ਜਾਵੇ ਜੋ ਸਿੱਖਾਂ ਦੀ ਆਜ਼ਾਦੀ ਦੀ ਲਹਿਰ, ਸਿੱਖਾਂ ਦੇ ਰਾਜਨੀਤਕ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਮੁੱਦਿਆਂ ਨੂੰ ਯੂਐਨਓ ਦੇ ਧਿਆਨ ਵਿਚ ਲਿਆ ਸਕੇ, ਜਿਸ ਤਰ੍ਹਾਂ ਕਸ਼ਮੀਰੀ ਅਤੇ ਫਲਸਤੀਨੀ ਕਰ ਰਹੇ ਹਨ।

ਡੈਲੀਗੇਸ਼ਨ ਨੇ ਮੰਗ ਕੀਤੀ ਕਿ ਸਿੱਖਾਂ ਨੂੰ ਐਥਨਿਕ ਅਤੇ ਧਾਰਮਿਕ ਘੱਟਗਿਣਤੀ ਦੇ ਤੌਰ ਉਤੇ ਮਾਨਤਾ ਦਿੱਤੀ ਜਾਵੇ, ਕਿਉਂਕਿ ਹੁਣ ਤਕ ਸਿੱਖਾਂ ਨੂੰ ਭਾਰਤ ਦੇ ਸੰਵਿਧਾਨ ਹੇਠ ਹਿੰਦੂ ਧਰਮ ਦਾ ਹੀ ਅੰਗ ਮੰਨਿਆ ਜਾਂਦਾ ਹੈ।

ਇਸ ਮੌਕੇ ਭਾਰਤ ਦੀਆਂ ਜੇਲ੍ਹਾਂ ਵਿਚ ਗੈਰ-ਕਾਨੂੰਨੀ ਢੰਗ ਨਾਲ ਬੰਦ ਕੀਤੇ ਸਿੰਘਾਂ ਦਾ ਮੁੱਦਾ ਵੀ ਯੂਐਨ ਡਿਪਾਰਟਮੈਂਟ ਆਫ ਪੁਲੀਟੀਕਲ ਅਫੇਅਰਜ਼ ਦੇ ਸੀਨੀਅਰ ਮੈਂਬਰਾਂ ਦੇ ਧਿਆਨ ਵਿੱਚ ਲਿਆਂਦਾ ਗਿਆ। ਦੱਸਿਆ ਗਿਆ ਕਿ ਆਪਣੇ ਰਾਜਨੀਤਕ ਵਿਰੋਧੀਆਂ ਨੂੰ ਗੁੱਠੇ ਲਾਉਣ ਲਈ ਕਿਸ ਤਰ੍ਹਾਂ ਕਾਲੇ ਕਾਨੂੰਨ ਜਾਂ ਝੂਠੇ ਕੇਸ ਪਾ ਕੇ ਸਾਲਾਂਬੱਧੀ ਸਲਾਖਾਂ ਪਿਛੇ ਰੱਖਿਆ ਜਾ ਰਿਹਾ ਹੈ।

ਅਕਾਲੀ ਦਲ ਅੰਮ੍ਰਿਤਸਰ (ਯੂਐਸ) ਦੇ ਡੈਲੀਗੇਸ਼ਨ ਨੇ ਇਹ ਸਾਰੀ ਵਾਰਤਾ ਦਸਤਾਵੇਜ਼ਾਂ ਸਮੇਤ ਡਿਪਾਰਟਮੈਂਟ ਦੇ ਹਵਾਲੇ ਕਰਕੇ ਢੁਕਵੀਂ ਕਾਰਵਾਈ ਲਈ ਦਿਸ਼ਾ ਨਿਰਦੇਸ਼ ਕਰਨ ਦੀ ਅਪੀਲ ਕੀਤੀ।

### *ਦਿੱਲੀ ਦੇ ਘੱਟਗਿਣਤੀ ਕਮਿਸ਼ਨ ਵੱਲੋਂ ਸਰਕਾਰੀ ਵਿਭਾਗਾਂ ਨੂੰ ਹੁਕਮ*

## ਵਿਦਿਆਰਥੀਆਂ ਤੇ ਉਮੀਦਵਾਰਾਂ ਨੂੰ ਧਾਰਮਿਕ ਚਿੰਨ੍ਹ ਪਹਿਨਣ ਤੋਂ ਨਾ ਰੋਕੋ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਦਿੱਲੀ ਦੇ ਘੱਟਗਿਣਤੀਆਂ ਬਾਰੇ ਕਮਿਸ਼ਨ ਨੇ ਸਰਕਾਰੀ ਵਿਭਾਗਾਂ ਨੂੰ ਕਿਹਾ ਕਿ ਉਹ ਘੱਟਗਿਣਤੀਆਂ ਦੇ ਵਿਦਿਆਰਥੀਆਂ ਤੇ ਉਮੀਦਵਾਰਾਂ ਨੂੰ ਭਰਤੀ ਅਤੇ ਅਕਾਦਮਿਕ ਇਮਤਿਹਾਨਾਂ ਵਿਚ ਬੈਠਣ ਸਮੇਂ ਆਪਣੇ ਧਾਰਮਿਕ ਚਿੰਨ੍ਹਾਂ ਨੂੰ ਪਹਿਨਣ ਦੀ ਇਜਾਜ਼ਤ ਦੇਣ। ਕਮਿਸ਼ਨ ਦੇ ਹੁਕਮ 'ਤੇ ਕਾਰਵਾਈ ਕਰਦਿਆਂ ਜਨਰਲ ਪ੍ਰਸ਼ਾਸਕੀ ਵਿਭਾਗ ਨੇ ਸਾਰੇ ਪ੍ਰਿੰਸੀਪਲ ਸਕੱਤਰਾਂ ਅਤੇ ਵਿਭਾਗਾਂ ਦੇ ਮੁਖੀਆਂ ਨੂੰ ਇਕ ਗਸ਼ਤੀ ਪੱਤਰ (ਸਰਕੂਲਰ) ਜਾਰੀ ਕਰਕੇ ਇਮਤਿਹਾਨਾਂ ਵਿਚ ਬੈਠਣ ਵਾਲੇ ਵਿਦਿਆਰਥੀਆਂ ਤੇ ਉਮੀਦਵਾਰਾਂ ਲਈ ਡਰੈਸ ਕੋਡ ਬਾਰੇ ਢੁਕਵੀਂ ਕਾਰਵਾਈ ਕਰਨ ਲਈ ਕਿਹਾ ਹੈ ।

ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਜ਼ਫਰਉਲ ਇਸਲਾਮ ਖ਼ਾਨ ਨੇ ਕਿਹਾ ਕਿ ਘੱਟਗਿਣਤੀ ਫਿਰਕਿਆਂ ਵਲੋਂ ਇਨ੍ਹਾਂ ਸ਼ਿਕਾਇਤਾਂ ਨੂੰ ਦੇਖਦੇ ਹੋਏ ਹੁਕਮ ਜਾਰੀ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਇਮਤਿਹਾਨਾਂ ਵਿਚ ਬੈਠਣ ਸਮੇਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਧਾਰਮਿਕ ਚਿੰਨ੍ਹ ਉਤਾਰਨ ਲਈ ਮਜਬੂਰ ਕੀਤਾ ਜਾਂਦਾ ਹੈ।ਕਮਿਸ਼ਨ ਨੇ ਹੁਕਮ ਵਿਚ ਕਿਹਾ ਕਿ ਮੁਸਲਿਮ ਔਰਤਾਂ ਨੂੰ ਹਿਜਾਬ ਪਹਿਨਣ ਦੇ ਧਾਰਮਿਕ ਹੱਕ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ।ਉਹ ਪੂਰੀ ਬਾਂਹ ਵਾਲਾ ਜੈਂਪਰ ਵੀ ਪਹਿਨ ਸਕਦੀਆਂ ਹਨ ।ਭਾਰਤੀ ਸੰਵਿਧਾਨ ਦੀ ਧਾਰਾ 25 ਮੁਤਾਬਿਕ ਸਿੱਖਾਂ ਨੂੰ ਢੁਕਵੀਂ ਲੰਬਾਈ ਵਾਲੀ ਸ੍ਰੀ ਸਾਹਿਬ ਪਹਿਨਣ ਦੀ ਇਜਾਜ਼ਤ ਹੈ। ਹੁਕਮ ਵਿਚ ਅੱਗੇ ਕਿਹਾ ਕਿ ਇਮਤਿਹਾਨਾਂ ਦੌਰਾਨ ਸੁਰੱਖਿਆ ਇਹਤਿਆਤ ਵਰਤਣੀ ਬਹੁਤ ਜ਼ਰੂਰੀ ਹੈ ਪਰ ਇਸ ਇਹਤਿਆਤ ਦੀ ਵਰਤੋਂ ਸਮੇਂ ਘੱਟਗਿਣਤੀਆਂ ਦੇ ਵਿਦਿਆਰਥੀਆਂ ਤੇ ਉਮੀਦਵਾਰਾਂ ਦੇ ਹਿੱਤਾਂ ਨੂੰ ਨੁਕਸਾਨ ਨਹੀਂ ਪਹੁੰਚਣਾ ਚਾਹੀਦਾ ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਪ੍ਰਯਾਗਰਾਜ ’ਚ ਕੁੰਭ ਮੇਲਾ ਜੁੜਿਆ, ਅਘੋਰੀ ਨੰਗੇ ਸਾਧੂ ਬਣੇ ਖਿੱਚ ਦਾ ਕੇਂਦਰ

- **ਮਸਾਣਾਂ ’ਚ ਰਹਿੰਦੇ ਹਨ ਤੇ ਇਨਸਾਨੀ ਖੋਪੜੀਆਂ ’ਚ ਖਾਂਦੇ ਨੇ ਖਾਣਾ**
- **ਸ਼ਿਵ ਤੇ ਪਾਰਬਤੀ ਦੇ ਉਪਾਸ਼ਕ ਨੇ ਅਘੋਰੀ ਬਾਬੇ**
- **ਗੇ ਸੈਕਸ ਨੂੰ ਮਾਨਤਾ ਨਹੀਂ ਦਿੰਦੇ, ਪਰ ਲਾਸ਼ਾਂ ਨਾਲ ਬਣਾ ਲੈਂਦੇ ਹਨ ਸਰੀਰਕ ਸੰਬੰਧ**

**ਇਲਾਹਾਬਾਦ/ਬਿਊਰੋ ਨਿਊਜ਼ ;** ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ (ਇਲਾਹਾਬਾਦ) ਵਿੱਚ ਕੁੰਭ ਮੇਲਾ ਸ਼ੁਰੂ ਹੋ ਚੁੱਕਾ ਹੈ। ਸਾਧੂਆਂ ਦਾ ਇੱਕ ਸੰਪ੍ਰਦਾਇ ਅਘੋਰੀ ਹਮੇਸ਼ਾ ਹੀ ਕੁੰਭ ਦੀ ਖ਼ਾਸ ਖਿੱਚ ਦਾ ਕੇਂਦਰ ਰਹਿੰਦਾ ਹੈ ਤੇ ਆਮ ਲੋਕਾਂ ਵਿੱਚ ਇਨ੍ਹਾਂ ਵਿੱਚ ਇੱਕ ਕਿਸਮ ਦਾ ਖ਼ੌਫ ਜਿਹਾ ਵੀ ਦੇਖਿਆ ਜਾਂਦਾ ਹੈ। ਆਮ ਵਿਚਾਰ ਹੈ ਕਿ ਅਘੋਰੀ ਸਾਧੂ ਮਸਾਣਾਂ ਵਿੱਚ ਰਹਿੰਦੇ ਹਨ ਅਤੇ ਸੜਦੀਆਂ ਲਾਸ਼ਾਂ ਵਿੱਚ ਹੀ ਖਾਣਾ ਖਾਂਦੇ ਹਨ ਅਤੇ ਉੱਥੇ ਹੀ ਸੌਂਦੇ ਹਨ। ਇਸ ਤਰ੍ਹਾਂ ਦੀਆਂ ਗੱਲਾਂ ਵੀ ਪ੍ਰਚਲਿਤ ਹਨ ਕਿ ਅਘੋਰੀ ਨੰਗੇ ਘੁੰਮਦੇ ਰਹਿੰਦੇ ਹਨ, ਇਨਸਾਨੀ ਮਾਸ ਖਾਂਦੇ ਹਨ, ਇਨਸਾਨੀ ਖੋਪੜੀ ਵਿੱਚ ਖਾਣਾ ਖਾਂਦੇ ਹਨ ਅਤੇ ਦਿਨ ਰਾਤ ਚਿਲਮਾ ਫੂਕਦੇ ਹਨ।

ਜੇ ਅਘੋਰ ਸੰਪ੍ਰਦਾਇ ਦਾ ਇਤਿਹਾਸ ਦੇਖੀਏ ਤਾਂ ਇਹ ਸ਼ਬਦ 18ਵੀਂ ਸਦੀ ਵਿੱਚ ਚਰਚਾ ਦਾ ਵਿਸ਼ਾ ਬਣਿਆ। ਉਸ ਸਮੇਂ ਇਸ ਫਿਰਕੇ ਨੇ ਉਨ੍ਹਾਂ ਕਰਮਕਾਂਡਾਂ ਨੂੰ ਅਪਣਾਇਆ ਹੈ, ਜਿਸ ਲਈ ਕਪਾਲਿਕਾ ਸੰਪ੍ਰਦਾਇ ਬਦਨਾਮ ਹੋਇਆ ਕਰਦਾ ਸੀ। ਕਪਾਲਿਕਾ ਸੰਪ੍ਰਦਾਇ ਵਿੱਚ ਇਨਸਾਨੀ ਖੋਪੜੀ ਨਾਲ ਜੁੜੀਆਂ ਸਾਰੀਆਂ ਰਵਾਇਤਾਂ ਦੇ ਨਾਲ-ਨਾਲ ਇਨਸਾਨੀ ਬਲੀ ਦੀ ਰਵਾਇਤ ਵੀ ਸੀ। ਹਾਲਾਂਕਿ, ਕਪਾਲਿਕਾ ਸੰਪ੍ਰਦਾਇ ਆਪਣੀ ਹੋਂਦ ਗੁਆ ਚੁੱਕਿਆ ਹੈ ਪਰ ਅਘੋਰ ਸੰਪ੍ਰਦਾਇ ਨੇ ਇਸ ਸੰਪ੍ਰਦਾਇ ਦੀਆਂ ਸਾਰੀਆਂ ਗੱਲਾਂ ਨੂੰ ਆਪਣੀ ਜੀਵਨ ਸ਼ੈਲੀ ਵਿੱਚ ਧਾਰਨ ਕਰ ਲਿਆ ਹੈ। ਹਿੰਦੂ ਸਮਾਜ ਵਿੱਚ ਜ਼ਿਆਦਾਤਰ ਪੰਥ ਅਤੇ ਸੰਪ੍ਰਦਾਇ ਤੈਅ ਨਿਯਮਾਂ ਮੁਤਾਬਕ ਹੀ ਜ਼ਿੰਦਗੀ ਜਿਉਂਦੇ ਹਨ। ਅਘੋਰੀ ਤਿਆਗੀਆਂ ਹੋਈਆਂ ਵਸਤਾਂ ਦਾ ਆਹਾਰ ਕਰਕੇ ਆਪਣੇ ਅੰਦਰੋਂ ਅਹੰਕਾਰ ਖ਼ਤਮ ਕਰਦੇ ਹਨ। ਇਸ ਸੰਪ੍ਰਦਾਇ ਦੇ ਸਾਧੂ ਆਪਣੇ ਪਰਿਵਾਰ ਵਾਲਿਆਂ ਨਾਲ ਵੀ ਰਾਬਤਾ ਖ਼ਤਮ ਕਰ ਲੈਂਦੇ ਹਨ ਅਤੇ ਬਾਹਰੀ ਲੋਕਾਂ ਉੱਪਰ ਭਰੋਸਾ ਨਹੀਂ ਕਰਦੇ। ਇਹ ਵੀ ਧਾਰਨਾ ਹੈ ਕਿ ਜ਼ਿਆਦਾਤਰ ਅਘੋਰੀ ਕਥਿਤ ਨੀਵੀਂ ਸਮਝੀਆਂ ਜਾਂਦੀਆਂ ਜਾਤਾਂ ਵਿੱਚੋਂ ਆਉਂਦੇ ਹਨ।





> **ਅਘੋਰੀ ਸ਼ਿਵ ਦੇ ਉਪਾਸ਼ਕ :** ਅਘੋਰੀ ਆਮ ਤੌਰ ’ਤੇ: ਸ਼ਿਵ ਦੇ ਉਪਾਸ਼ਕ ਹੁੰਦੇ ਹਨ, ਜਿਨ੍ਹਾਂ ਨੂੰ ਵਿਨਾਸ਼ ਦਾ ਦੇਵਤਾ ਕਿਹਾ ਜਾਂਦਾ ਹੈ। ਸ਼ਿਵ ਤੋਂ ਇਲਾਵਾ ਉਹ ਸ਼ਿਵ ਦੀ ਪਤਨੀ ਪਾਰਬਤੀ ਦੀ ਵੀ ਪੂਜਾ ਕਰਦੇ ਹਨ। ਜ਼ਿਆਦਾਤਰ ਲੋਕ ਮੌਤ ਤੋਂ ਡਰਦੇ ਹਨ। ਸਮਸ਼ਾਨ ਘਾਟ ਮੌਤ ਦੇ ਪ੍ਰਤੀਕ ਹੁੰਦੇ ਹਨ ਪਰ ਅਘੋਰੀਆਂ ਦੀ ਜ਼ਿੰਦਗੀ ਇੱਥੋਂ ਹੀ ਸ਼ੁਰੂ ਹੁੰਦੀ ਹੈ। ਇਹ ਲੋਕਾਂ ਦੀਆਂ ਕਦਰਾਂ ਕੀਮਤਾਂ ਨੂੰ ਚੁਣੌਤੀ ਦਿੰਦੇ ਹਨ। ਕਈ ਥਾਂ ਇਨ੍ਹਾਂ ਨੇ ਕੋਹੜ ਲਈ ਹਸਪਤਾਲ ਬਣਵਾਏ ਵੀ ਹਨ ਅਤੇ ਉਨ੍ਹਾਂ ਨੂੰ ਚਲਾ ਵੀ ਰਹੇ ਹਨ। ਆਮ ਤੌਰ ’ਤੇ ਮੰਨਿਆ ਜਾਂਦਾ ਹੈ ਕਿ ਅਘੋਰੀ ਸਮਾਜ ਤੋਂ ਵੱਖਰੇ ਰਹਿੰਦੇ ਹਨ। ਪਰ ਕੁਝ ਅਘੋਰੀ ਸਾਧੂ ਫੋਨ ਅਤੇ ਜਨਤਕ ਸਾਧਨਾਂ ਦੀ ਵਰਤੋਂ ਵੀ ਕਰਦੇ ਹਨ। ਇਸ ਤੋਂ ਇਲਾਵਾ ਸਮਾਜਿਕ ਥਾਵਾਂ ਤੇ ਕੁਝ ਅਘੋਰੀ ਕੱਪੜੇ ਵੀ ਪਾ ਲੈਂਦੇ ਹਨ। ਅਘੋਰੀਆਂ ਦੀ ਗਿਣਤੀ ਦਾ ਕਿਆਸ ਲਾਉਣਾ ਮੁਸ਼ਕਲ ਹੈ ਪਰ ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੋਣੀ ਚਾਹੀਦੀ ਹੈ। ਕੁਝ ਅਘੋਰੀ ਸਾਧੂਆਂ ਨੇ ਜਨਤਕ ਰੂਪ ਵਿੱਚ ਮੰਨਿਆ ਹੈ ਕਿ ਹਾਲਾਂਕਿ ਉਨ੍ਹਾਂ ਨੇ ਲਾਸ਼ਾਂ ਨਾਲ ਸਰੀਰਕ ਸੰਬੰਧ ਬਣਾਏ ਹਨ ਪਰ ਉਹ ਗੇ-ਸੈਕਸ ਨੂੰ ਮਾਨਤਾ ਨਹੀਂ ਦਿੰਦੇ। ਖ਼ਾਸ ਗੱਲ ਇਹ ਹੈ ਕਿ ਜਦੋਂ ਅਘੋਰੀਆਂ ਦੀ ਮੌਤ ਹੋ ਜਾਂਦੀ ਹੈ ਤਾਂ ਦੂਸਰੇ ਅਘੋਰੀ ਉਨ੍ਹਾਂ ਦਾ ਮਾਸ ਨਹੀਂ ਖਾਂਦੇ ਅਤੇ ਆਮ ਤੌਰ ਤੇ ਉਹ ਅਘੋਰੀਆਂ ਦਾ ਅੰਤਿਮ ਸਸਕਾਰ ਸਸਕਾਰ ਕਰਕੇ ਜਾਂ ਦਫ਼ਨ ਕਰਕੇ ਕਰਦੇ ਹਨ।

ਅਘੋਰੀਆਂ ਬਾਰੇ ਇੱਕ ਕਿਤਾਬ ‘ਅਘੋਰੀ: ਏ ਬਾਇਓਗ੍ਰਾਫਿਕਲ ਨੋਵਲ’ ਦੇ ਲੇਖਕ ਮਨੋਜ ਠੱਕਰ ਦਸਦੇ ਹਨ ਕਿ “ਅਘੋਰੀ ਬੇਹੱਦ ਹੀ ਸਰਲ ਲੋਕ ਹੁੰਦੇ ਹਨ ਜੋ ਕੁਦਰਤ ਦਾ ਸਾਥ ਪਸੰਦ ਕਰਦੇ ਹਨ ਅਤੇ ਨਾ ਹੀ ਕੋਈ ਮੰਗ ਕਰਦੇ ਹਨ। ਉਹ ਹਰ ਚੀਜ਼ ਨੂੰ ਰੱਬ ਦੀ ਅੰਸ਼ ਵਜੋਂ ਹੀ ਦੇਖਦੇ ਹਨ। ਉਹ ਨਾ ਕਿਸੇ ਨੂੰ ਨਫ਼ਰਤ ਕਰਦੇ ਹਨ ਅਤੇ ਨਾ ਹੀ ਕਿਸੇ ਨੂੰ ਰੱਦ ਕਰਦੇ ਹਨ। ਇਸੇ ਕਾਰਨ ਉਹ ਕਿਸੇ ਜਾਨਵਰ ਅਤੇ ਇਨਸਾਨੀ ਮਾਸ ਵਿੱਚ ਫਰਕ ਨਹੀਂ ਕਰਦੇ। ਇਸ ਤੋਂ ਇਲਾਵਾ ਪਸ਼ੂ ਬਲੀ ਉਨ੍ਹਾਂ ਦੀ ਪੂਜਾ ਪ੍ਰਣਾਲੀ ਦਾ ਅਹਿਮ ਅੰਗ ਹੈ। ਉਹ ਗਾਂਜਾ ਪੀਂਦੇ ਹਨ ਪਰ ਨਸ਼ੇ ਵਿੱਚ ਰਹਿਣ ਦੇ ਬਾਵਜੂਦ ਆਪਣਾ ਪੂਰਾ ਖ਼ਿਆਲ ਰੱਖਦੇ ਹਨ।”

ਕੁੰਭ ਵਿੱਚ ਇਕੱਠੇ ਹੋਣ ਵਾਲੇ ਸਾਧੂ ਅਕਸਰ ਆਪੂੰ-ਬਣੇ ਅਘੋਰੀ ਹੁੰਦੇ ਹਨ। ਜਿਨ੍ਹਾਂ ਨੇ ਕਿਸੇ ਕਿਸਮ ਦੀ ਕੋਈ ਦੀਖਿਆ ਨਹੀਂ ਲਈ ਹੁੰਦੀ। ਇਸਦੇ ਇਲਾਵਾ ਕੁਝ ਲੋਕ ਅਘੋਰੀਆਂ ਦਾ ਭੇਖ ਧਾਰਨ ਕਰਕੇ ਵੀ ਯਾਤਰੂਆਂ ਦਾ ਮਨੋਰੰਜਨ ਕਰਦੇ ਹਨ। ਅਘੋਰੀ ਕਿਸੇ ਤੋਂ ਪੈਸੇ ਨਹੀਂ ਲੈਂਦੇ ਅਤੇ ਉਹ ਸਾਰਿਆਂ ਦੇ ਭਲੇ ਦੀ ਅਰਦਾਸ ਕਰਦੇ ਹਨ। ਉਹ ਇਸ ਗੱਲ ਦੀ ਫਿਕਰ ਨਹੀਂ ਕਰਦੇ ਕਿ ਕੋਈ ਉਨ੍ਹਾਂ ਤੋਂ ਔਲਾਦ ਦਾ ਵਰ ਮੰਗ ਰਿਹਾ ਹੈ ਜਾਂ ਘਰ ਬਣਉਣ ਲਈ।”

## ਨਿਤੀਸ਼ ਨੇ ਗੁਰਦੁਆਰਾ ਸ਼ੀਤਲ ਕੁੰਡ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ

**ਨਾਲੰਦਾ/ਬਿਊਰੋ ਨਿਊਜ਼ :** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਨਾਲੰਦਾ ਨੇੜੇ ਰਾਜਗਿਰੀ ਵਿੱਚ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ਼ੀਤਲ ਕੁੰਡ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ। ਇਸ ਸਮਾਗਮ ਦੌਰਾਨ ਮੁੱਖ ਮੰਤਰੀ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਤਰਲੋਚਨ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਲੌਂਗੋਵਾਲ ਨੇ ਮੁੱਖ ਮੰਤਰੀ ਨੂੰ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਇਹ ਸਮਾਗਮ ਇਸ ਵਰ੍ਹੇ ਨਵੰਬਰ ਮਹੀਨੇ ਸੁਲਤਾਨਪੁਰ ਲੋਧੀ ਵਿੱਚ ਕੀਤੇ ਜਾਣੇ ਹਨ। ਸਮਾਗਮ ਦੌਰਾਨ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਇਸ ਥਾਂ ’ਤੇ ਗੁਰਦੁਆਰੇ ਦੀ ਖ਼ੂਬਸੂਰਤ ਇਮਾਰਤ ਉਸਾਰੀ ਜਾਵੇਗੀ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜ਼ਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ



7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਭਾਰਤੀ ਰਾਜਨੀਤੀ ਨੇ ਵਜਾਇਆ ਚੋਣਾਂ ਦਾ ਬਿਗਲ

- **ਮਹਾਂਗੱਠਜੋੜ ਲਈ ਸੌਖਾ ਨਹੀਂ ਹੋਵੇਗਾ ਮੋਦੀ ਦੀ ਅਗਵਾਈ 'ਚ ਭਾਜਪਾ ਨੂੰ ਪਛਾੜਨਾ**
- **ਭਾਜਪਾ ਦਾ ਏਜੰਡਾ ਹੋਵੇਗਾ ਰਾਮ ਜਨਮ ਭੂਮੀ ਤੇ ਵਿਕਾਸ**
- **ਸਮਾਜਵਾਦੀ ਤੇ ਬਸਪਾ ਗੱਠਜੋੜ ਤੋਂ ਭਾਜਪਾ ਔਖੀ**
- **ਕਾਂਗਰਸ ਯੂਪੀ ਦੀਆਂ ਸਾਰੀਆਂ ਸੀਟਾਂ 'ਤੇ ਲੜੇਗੀ ਚੋਣ**

**ਨਵੀਂ ਦਿੱਲੀ/ਬਿਊਰੋ ਨਿਊਜ਼**

ਭਾਰਤੀ ਜਨਤਾ ਪਾਰਟੀ ਨੇ ਸਾਲ ਦੇ ਸ਼ੁਰੂ ਵਿਚ ਹੀ ਆਪਣੀ ਰਾਸ਼ਟਰੀ ਕੌਂਸਲ ਦੀ ਮੀਟਿੰਗ ਕਰਕੇ ਸਾਲ 2019 ਦੀਆਂ ਲੋਕ ਸਭਾ ਚੋਣਾਂ ਲਈ ਤਿਆਰੀ ਦਾ ਬਿਗਲ ਵਜਾ ਦਿੱਤਾ ਹੈ। ਇਸ ਮੀਟਿੰਗ ਵਿਚ ਅਮਿਤ ਸ਼ਾਹ ਨੇ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿਚਾਰਧਾਰਾਵਾਂ ਦਾ ਯੁੱਧ ਹੋਣਗੀਆਂ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ: ਦੇਸ਼ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਸਰਕਾਰ ਵਿਰੁੱਧ ਰਿਸ਼ਵਤਖੋਰੀ ਦਾ ਕੋਈ ਇਲਜ਼ਾਮ ਨਹੀਂ ਲੱਗਿਆ; ਦਸ ਫ਼ੀਸਦ ਦਾ ਰਾਖਵਾਂਕਰਨ ਨਵੇਂ ਭਾਰਤ ਵਿਚ ਆਤਮ-ਵਿਸ਼ਵਾਸ ਪੈਦਾ ਕਰੇਗਾ; ਇਹ ਵੀ ਪਹਿਲੀ ਵਾਰ ਹੈ ਕਿ ਫ਼ੌਜੀ ਸਾਜ਼ੋ-ਸਾਮਾਨ ਦੇ ਸੌਦੇ ਕਰਾਉਣ ਵਾਲੇ ਕਿਸੇ ਵਿਚੋਲੇ ਨੂੰ ਵਿਦੇਸ਼ 'ਚੋਂ ਫੜ ਕੇ ਲਿਆਂਦਾ ਗਿਆ, 'ਚੌਕੀਦਾਰ' ਨੂੰ ਰੋਕਿਆ ਨਹੀਂ ਜਾ ਸਕਦਾ, ਉਹ ਕਿਸੇ ਨੂੰ ਵੀ ਮੁਆਫ਼ ਨਹੀਂ ਕਰੇਗਾ; ਸੰਨ 2004 ਤੇ 2010 ਦੇ ਵਰ੍ਹਿਆਂ ਨੇ ਦੇਸ਼ ਨੂੰ ਹਨੇਰੇ ਵਿਚ ਧੱਕ ਦਿੱਤਾ ਸੀ। ਅਮਿਤ ਸ਼ਾਹ ਨੇ ਰਾਮ ਮੰਦਰ ਦੀ ਗੱਲ ਦੁਹਰਾਉਂਦਿਆਂ ਕਿਹਾ ਕਿ ਭਾਜਪਾ ਰਾਮ ਮੰਦਰ ਦਾ ਨਿਰਮਾਣ ਕਰਨਾ ਚਾਹੁੰਦੀ ਹੈ ਜਦੋਂਕਿ ਕਾਂਗਰਸ ਇਸ ਦੇ ਰਾਹ ਵਿਚ ਰੋੜੇ ਅਟਕਾ ਰਹੀ ਹੈ।

ਇਸੇ ਹੀ ਸਮੇਂ ਵਿਚ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਵੀ ਪ੍ਰਭਾਵ ਵੱਡੀ ਹੱਦ ਤੱਕ ਸਰਕਾਰ 'ਤੇ ਦੇਖਿਆ ਜਾਂਦਾ ਰਿਹਾ। ਦੇਸ਼ ਦੇ ਸਭ ਤੋਂ ਵੱਡੇ ਘੱਟ-ਗਿਣਤੀ ਮੁਸਲਿਮ ਭਾਈਚਾਰੇ 'ਤੇ ਡਰ ਦੇ ਪ੍ਰਛਾਵੇਂ ਬਣੇ ਰਹੇ। ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਦੇ ਚਰਚਿਆਂ ਨੇ ਵੀ ਵੱਡਾ ਜ਼ੋਰ ਫੜੀ ਰੱਖਿਆ।

ਸੰਵਿਧਾਨ ਵਿਚ ਦਿੱਤੀ ਗਈ ਦੇਸ਼ ਦੀ ਧਰਮ-ਨਿਰਪੱਖ ਨੀਤੀ 'ਤੇ ਸਵਾਲੀਆ ਨਿਸ਼ਾਨ ਉੱਠਣੇ ਸ਼ੁਰੂ ਹੋ ਗਏ। ਇਸ ਦਾ ਵੱਡਾ ਕਾਰਨ ਮੂਲਵਾਦੀ ਹਿੰਦੂ ਸੰਗਠਨਾਂ ਦਾ ਵਧੇਰੇ ਸਰਗਰਮ ਹੋਣਾ ਸੀ। ਇਸੇ ਲਈ ਹੀ ਗਊ ਦੀ ਸੁਰੱਖਿਆ ਦੇ ਸਵਾਲ 'ਤੇ ਵੱਡੇ ਵਿਵਾਦ ਉੱਠਦੇ ਰਹੇ। ਇਸ ਮੁੱਦੇ ਨੂੰ ਲੈ ਕੇ ਲੋਕਾਂ ਨੂੰ ਪੂਰੀ ਤਰ੍ਹਾਂ ਡਰਾਇਆ, ਧਮਕਾਇਆ ਅਤੇ ਕਈ ਥਾਵਾਂ 'ਤੇ ਭੀੜਤੰਤਰ ਵਲੋਂ ਲੋਕਾਂ ਨੂੰ ਮਾਰਿਆ ਵੀ ਜਾਂਦਾ ਰਿਹਾ। ਉੱਤਰ ਪ੍ਰਦੇਸ਼ ਵਿਚ ਭਾਜਪਾ ਦੀ ਅਦਿੱਤਿਆਨਾਥ ਯੋਗੀ ਦੀ ਸਰਕਾਰ ਨੇ ਤਾਂ ਸਾਰੇ ਸੂਬੇ ਨੂੰ ਹੀ ਭਗਵੇਂ ਰੰਗ ਵਿਚ ਰੰਗਣ ਦਾ ਯਤਨ ਕੀਤਾ। ਯੋਗੀ ਨੇ ਗਊ ਦੇ ਮਾਮਲੇ ਨੂੰ ਇਸ ਹੱਦ ਤੱਕ ਉਲਝਾਅ ਦਿੱਤਾ ਕਿ ਆਮ ਅਤੇ ਗਰੀਬ ਕਿਸਾਨ ਵੀ ਇਸ ਮਸਲੇ 'ਤੇ ਬੇਚੈਨ ਹੋ ਉੱਠਿਆ। ਬਿਨਾਂ ਸ਼ੱਕ ਮੋਦੀ ਸਰਕਾਰ ਦੇ ਸਾਰੇ ਸਮੇਂ ਵਿਚ ਮੂਲਵਾਦੀਆਂ ਨੇ ਹਰ ਖੇਤਰ ਵਿਚ ਖੁੱਲ੍ਹ ਖੇਡਣ ਦਾ ਯਤਨ ਕੀਤਾ। ਪਰ ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੀ ਆਰਥਿਕਤਾ ਮਜ਼ਬੂਤ ਕਰਨ ਲਈ ਵੱਡੇ ਕਦਮ ਜ਼ਰੂਰ ਚੁੱਕੇ। ਚਾਹੇ ਉਨ੍ਹਾਂ ਵਲੋਂ ਕੀਤੇ ਗਏ ਨੋਟਬੰਦੀ ਦੇ ਐਲਾਨ ਨਾਲ ਇਕ ਵਾਰ ਤਾਂ ਅਰਥਵਿਵਸਥਾ ਪੂਰੀ ਤਰ੍ਹਾਂ ਲੜਖੜਾ ਗਈ। ਸਰਕਾਰ ਵਲੋਂ ਚੁੱਕੇ ਗਏ ਇਸ ਵੱਡੇ ਕਦਮ ਨੇ ਹਰ ਪੱਖ ਤੋਂ ਨਿਰਾਸ਼ਤਾ ਪੈਦਾ ਕੀਤੀ। ਪਰ ਵਸਤੂ ਅਤੇ ਸੇਵਾ ਕਰ (ਜੀ. ਐਸ.ਟੀ.) ਦੇ ਲਾਗੂ ਹੋਣ ਨੇ ਇਹ ਆਸ ਜ਼ਰੂਰ ਬਣਾਈ ਕਿ ਇਸ ਪ੍ਰਣਾਲੀ ਨਾਲ ਦੇਸ਼ ਨਿਸਚੇ ਹੀ ਆਰਥਿਕ ਲੀਹ 'ਤੇ ਅੱਗੇ ਵਧੇਗਾ। ਚਾਹੇ ਇਸ ਵਿਚ ਬਹੁਤ ਸਾਰੀਆਂ ਊਣਤਾਈਆਂ ਨੂੰ ਲਗਾਤਾਰ ਯਤਨਾਂ ਨਾਲ ਦੂਰ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਨੇ ਆਮ ਲੋਕਾਂ ਦੇ ਨਿੱਤ-ਦਿਨ ਦੇ ਮਸਲਿਆਂ ਨੂੰ ਸੰਬੋਧਤ ਹੋਣ ਦਾ ਯਤਨ ਕੀਤਾ। ਨਰਿੰਦਰ ਮੋਦੀ ਆਪ ਇਨ੍ਹਾਂ ਮਸਲਿਆਂ ਬਾਰੇ ਦੇਸ਼ ਦੇ ਲੋਕਾਂ ਨਾਲ 'ਮਨ ਕੀ ਬਾਤ' ਰਾਹੀਂ ਆਪਣੇ ਵਿਚਾਰ ਸਾਂਝੇ ਕਰਦੇ ਰਹੇ। ਉਨ੍ਹਾਂ ਨੇ ਕਿਸਾਨਾਂ ਦੇ ਮਸਲੇ 'ਤੇ ਲਗਾਤਾਰ ਇਹ ਵਾਅਦੇ ਕੀਤੇ ਕਿ 2022 ਤੱਕ ਉਨ੍ਹਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ। ਫ਼ਸਲਾਂ ਦੀਆਂ ਕੀਮਤਾਂ ਵਿਚ ਵੀ ਲਗਾਤਾਰ ਵਾਧਾ ਕੀਤਾ ਗਿਆ, ਪਰ ਮੋਦੀ ਸਰਕਾਰ ਆਪਣੇ ਇਸ ਕਾਰਜਕਾਲ ਵਿਚ ਇਸ ਖੇਤਰ ਵਿਚ ਸਰਕਾਰ ਵੱਡੀਆਂ ਤਬਦੀਲੀਆਂ ਲਿਆਉਣ ਤੋਂ ਕਾਫੀ ਪਿੱਛੇ ਰਹਿ ਗਈ ਜਾਪਦੀ ਹੈ।



ਸਾਂਝੇ ਪ੍ਰਗਤੀਸ਼ੀਲ ਗੱਠਜੋੜ ਦੀ ਪਿਛਲੀ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਸਮੇਂ ਜਿੰਨੇ ਵੱਡੇ ਘਪਲੇ ਸਾਹਮਣੇ ਆਏ, ਅਜਿਹੇ ਘਪਲੇ ਕੌਮੀ ਜਮਹੂਰੀ ਗੱਠਜੋੜ ਸਰਕਾਰ ਵੇਲੇ ਨਹੀਂ ਹੋਏ। ਚਾਹੇ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨਿੱਤ-ਦਿਨ ਰਾਫ਼ੇਲ ਜਹਾਜ਼ਾਂ ਦੇ ਮੁੱਦੇ 'ਤੇ ਨਰਿੰਦਰ ਮੋਦੀ 'ਤੇ ਦੋਸ਼ ਲਗਾ ਰਹੇ ਹਨ ਪਰ ਉਨ੍ਹਾਂ ਦੇ ਇਨ੍ਹਾਂ ਦੋਸ਼ਾਂ ਵਿਚ ਵਜ਼ਨ ਨਹੀਂ ਜਾਪਦਾ। ਚਾਹੇ ਦੇਸ਼ ਵਿਚ ਇਸ ਸਮੇਂ ਨਰਿੰਦਰ ਮੋਦੀ ਦੇ ਹਾਣ ਦਾ ਕੋਈ ਆਗੂ ਉੱਭਰ ਕੇ ਸਾਹਮਣੇ ਨਹੀਂ ਆ ਸਕਿਆ ਪਰ ਸਰਕਾਰ ਦੀ ਪਹਿਲਾਂ ਵਾਲੀ ਚਮਕ ਕਾਫੀ ਹੱਦ ਤੱਕ ਗੁਆਚ ਗਈ ਜਾਪਦੀ ਹੈ। ਚਾਹੇ ਆਉਂਦੀਆਂ ਚੋਣਾਂ ਲਈ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਵਲੋਂ ਗੱਠਜੋੜ ਅਤੇ ਮਹਾਂਗੱਠਜੋੜ ਬਣਾਏ ਜਾਣ ਦੇ ਐਲਾਨ ਕੀਤੇ ਜਾ ਰਹੇ ਹਨ ਪਰ ਨਰਿੰਦਰ ਮੋਦੀ ਅਤੇ ਭਾਜਪਾ ਨੂੰ ਸਿਆਸੀ ਖੇਤਰ ਵਿਚ ਪਛਾੜ ਸਕਣਾ ਵਿਰੋਧੀ ਪਾਰਟੀਆਂ ਲਈ ਸੌਖਾ ਨਹੀਂ ਹੋਵੇਗਾ।

ਸਪਾ-ਬਸਪਾ ਗੱਠਬੰਧਨ : ਉੱਤਰ ਪ੍ਰਦੇਸ਼ ਵਿਚ ਪੰਝੀਆਂ ਸਾਲਾਂ ਬਾਅਦ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਨੇ ਫਿਰ ਆਪਸ ਵਿਚ ਸਮਝੌਤਾ ਕਰ ਲਿਆ ਹੈ। ਦੋਵੇਂ ਪਾਰਟੀਆਂ 38-38 ਸੀਟਾਂ 'ਤੇ ਚੋਣਾਂ ਲੜਨਗੀਆਂ, ਜਦੋਂਕਿ 6 ਸੀਟਾਂ ਹੋਰ ਪਾਰਟੀਆਂ ਵਾਸਤੇ ਛੱਡੀਆਂ ਗਈਆਂ ਹਨ।

ਇਸ ਸਮਝੌਤੇ ਦੀਆਂ ਸਭ ਤੋਂ ਅਹਿਮ ਗੱਲਾਂ ਇਹ ਹਨ ਕਿ ਇਸ ਵਿਚ ਕਾਂਗਰਸ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਅਤੇ ਗੱਠਬੰਧਨ ਦੋ ਇਹੋ ਜਿਹੀਆਂ ਪਾਰਟੀਆਂ ਵਿਚਕਾਰ ਹੋਇਆ ਹੈ ਜੋ ਲੰਮੀ ਦੇਰ ਤਕ ਇਕ ਦੂਜੇ ਦੀਆਂ ਕੱਟੜ ਵਿਰੋਧੀ ਰਹੀਆਂ ਹਨ। ਬਸਪਾ ਕਾਂਗਰਸ ਨਾਲ ਇਸ ਕਰਕੇ ਨਾਰਾਜ਼ ਹੈ ਕਿ ਹੁਣੇ ਹੁਣੇ ਹੋਈਆਂ ਸੂਬਾਈ ਚੋਣਾਂ ਵਿਚ ਕਾਂਗਰਸ ਨੇ ਬਸਪਾ ਨਾਲ ਚੋਣ ਸਮਝੌਤਾ ਨਹੀਂ ਸੀ ਕੀਤਾ। ਪ੍ਰੈੱਸ ਕਾਨਫ਼ਰੰਸ ਵਿਚ ਮਾਇਆਵਤੀ ਨੇ ਆਪਣਾ ਗੁੱਸਾ ਜ਼ਾਹਿਰ ਕੀਤਾ ਅਤੇ ਇਹ ਵੀ ਕਿਹਾ ਕਿ ਕਾਂਗਰਸ ਨੂੰ ਗੱਠਬੰਧਨ ਵਿਚ ਇਸ ਲਈ ਨਹੀਂ ਲਿਆ ਗਿਆ, ਕਿਉਂਕਿ ਕਾਂਗਰਸ ਆਪਣੀਆਂ ਵੋਟਾਂ ਬਸਪਾ ਜਾਂ ਸਮਾਜਵਾਦੀ ਪਾਰਟੀ ਨੂੰ ਨਹੀਂ ਪਵਾ ਸਕਦੀ। ਇਸੇ ਹੀ ਪ੍ਰੈੱਸ ਕਾਨਫ਼ਰੰਸ ਵਿਚ ਅਖਿਲੇਸ਼ ਯਾਦਵ ਨੇ ਕਾਂਗਰਸ ਦੇ ਖ਼ਿਲਾਫ਼ ਬੋਲਣ ਤੋਂ ਗੁਰੇਜ਼ ਕੀਤਾ।

**ਬਾਕੀ ਸਫ਼ਾ 28 'ਤੇ**


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪਾਕਿਸਤਾਨੀ ਮੁਟਿਆਰ ਦੇ 'ਹਨੀ ਟਰੈਪ' ਵਿਚ ਫਸੇ 45 ਭਾਰਤੀ ਫ਼ੌਜੀ

### *ਫ਼ੌਜੀਆਂ ਤੋਂ ਸੂਚਨਾ ਕਢਵਾਉਣ ਲਈ ਪੈਸਿਆਂ ਦੀ ਵੀ ਹੋਈ ਵਰਤੋਂ*

**ਜੋਧਪੁਰ/ਬਿਊਰੋ ਨਿਊਜ਼ :** ਪਾਕਿਸਤਾਨ ਦੀ ਖ਼ੁਫੀਆ ਏਜੰਸੀ ਆਈਐਸਆਈ ਦੀ ਮਹਿਲਾ ਏਜੰਟ ਨੇ ਜੈਸਲਮੇਰ ਮਿਲਟਰੀ ਸਟੇਸ਼ਨ ਦੇ ਹਥਿਆਰਬੰਦ ਯੂਨਿਟ ਦੇ ਸਿਪਾਹੀ ਸੋਮਵੀਰ ਸਮੇਤ ਫ਼ੌਜ ਦੇ 45 ਜਵਾਨਾਂ ਨੂੰ ਆਪਣੇ ਜਾਲ ਵਿਚ ਫਸਾ ਲਿਆ। ਫ਼ੌਜੀਆਂ ਤੋਂ ਸੂਚਨਾ ਕਢਵਾਉਣ ਲਈ ਪੈਸਿਆਂ ਦੇ ਨਾਲ-ਨਾਲ ਉਹ



ਉਨ੍ਹਾਂ ਨੂੰ ਵੀਡੀਓ ਕਾਲਿੰਗ ਰਾਹੀਂ ਨਗਨ ਨਾਚ ਨੱਚ ਕੇ ਵੀ ਖ਼ੁਸ਼ ਕਰਦੀ ਸੀ।ਇਹ ਖ਼ੁਲਾਸਾ ਏਜੰਟ ਦੇ ਚੱਕਰਾਂ ਵਿਚ ਫਸੇ ਖ਼ੁਫ਼ੀਆ ਜਾਣਕਾਰੀ ਪਾਕਿ ਏਜੰਟ ਨੂੰ ਦੇਣ ਵਾਲੇ ਸਿਪਾਹੀ ਸੋਮਵੀਰ ਕੋਲੋਂ ਕੀਤੀ ਪੁੱਛਗਿੱਛ ਵਿਚ ਹੋਇਆ ਹੈ। ਸੋਮਵੀਰ ਨੂੰ ਆਫ਼ੀਸ਼ੀਅਲ ਸੀਕ੍ਰੇਟ ਐਕਟ ਤਹਿਤ ਕੇਸ ਦਰਜ ਕਰ ਗ੍ਰਿਫ਼ਤਾਰ ਕੀਤਾ ਗਿਆ ਹੈ। ਪਾਕਿ ਮਹਿਲਾ ਏਜੰਟ ਨੇ ਅਨਿਕਾ ਚੋਪੜਾ ਦੇ ਨਾਂ ਤੋਂ ਜਾਅਲੀ ਫੇਸਬੁੱਕ ਖਾਤਾ ਬਣਾਇਆ ਤੇ ਜਵਾਨਾਂ ਨਾਲ ਦੋਸਤੀ ਕਰ ਲਈ। ਜਾਣਕਾਰੀ ਮੁਤਾਬਕ ਅਨਿਕਾ ਨੇ ਸਾਲ 2016 ਵਿਚ ਸੋਮਵੀਰ ਨੂੰ ਆਪਣੇ ਜਾਲ ਵਿਚ ਫਸਾਇਆ, ਜਿਸ ਮਗਰੋਂ ਫੇਸਬੁੱਕ 'ਤੇ ਮਿਊਚੂਅਲ ਫ੍ਰੈਂਡ ਲਿਸਟ ਵਿਚੋਂ ਉਸ ਦੇ ਸਾਥੀ ਫ਼ੌਜੀਆਂ ਤੇ ਹੋਰਨਾਂ ਨਾਲ ਵੀ ਦੋਸਤੀ ਗੰਢ ਲਈ। ਮਹਿਲਾ ਏਜੰਟ ਖ਼ੁਦ ਨੂੰ ਭਾਰਤੀ ਫ਼ੌਜ ਦੀ ਨਰਸਿੰਗ ਸੇਵਾ ਦੀ ਕੈਪਟਨ ਦੱਸਦੀ ਸੀ ਤੇ ਜਵਾਨਾਂ ਨਾਲ ਕਾਮੁਕਤਾ ਦੇ ਪ੍ਰਗਟਾਵੇ ਤੋਂ ਲੈ ਕੇ ਵਿਆਹ ਦਾ ਲਾਲਚ ਵੀ ਦਿੰਦੀ ਸੀ। ਸੋਮਵੀਰ ਦੇ ਮੋਬਾਈਲ ਵਿਚੋਂ ਮਹਿਲਾ ਏਜੰਟ ਦੀਆਂ ਨਗਨ ਤਸਵੀਰਾਂ ਵੀ ਮਿਲੀਆਂ ਹਨ। ਉਹ ਸੋਮਵੀਰ ਦੀ ਯੂਨਿਟ ਦੇ ਹੀ 4-5 ਹੋਰ ਜਵਾਨਾਂ ਦੇ ਸੰਪਰਕ ਵਿਚ ਵੀ ਸੀ। ਜਦ ਉਸ ਨੇ ਫ਼ੌਜੀਆਂ ਤੋਂ ਖ਼ੁਫ਼ੀਆ ਜਾਣਕਾਰੀਆਂ ਪੁੱਛਣੀਆਂ ਸ਼ੁਰੂ ਕੀਤੀਆਂ ਤਾਂ ਦੋ-ਤਿੰਨ ਜਵਾਨਾਂ ਨੇ ਉਸ ਤੋਂ ਕਿਨਾਰਾ ਕਰ ਲਿਆ। ਸੋਮਵੀਰ ਅਜਿਹਾ ਨਾ ਕਰ ਸਕਿਆ ਤੇ ਉਸ 'ਤੇ ਦੇਸ਼ ਵਿਚ ਤਿਆਰ ਹੋਏ ਅਰਜੁਨ ਟੈਂਕ ਨਾਲ ਕੀਤੇ ਜਾਣ ਵਾਲੇ ਜੰਗੀ ਅਭਿਆਸ ਪਾਕਿਸਤਾਨੀ ਏਜੰਟ ਨਾਲ ਸਾਂਝੀ ਕਰਨ ਦੇ ਇਲਜ਼ਾਮ ਹਨ, ਜਿਸ ਬਦਲੇ ਉਸ ਨੂੰ 5,000 ਰੁਪਏ ਵੀ ਮਿਲੇ ਸਨ। ਹੁਣ ਇਸ ਮਾਮਲੇ ਦੀ ਜਾਂਚ ਫ਼ੌਜੀ ਖ਼ੁਫੀਆ ਵਿਭਾਗ (ਐਮਆਈ) ਦੀ ਜੋਧਪੁਰ ਯੂਨਿਟ ਰਾਜਸਥਾਨ, ਸੀਆਈਡੀ ਤੇ ਹੋਰ ਖ਼ੁਫ਼ੀਆ ਏਜੰਸੀਆਂ ਕਰ ਰਹੀਆਂ ਹਨ।

### 'ਮੀਡੀਆ ਦੀਆਂ ਨਜ਼ਰਾਂ ਵਿਚ ਪੰਜਾਬ' ਵਿਸ਼ੇ ਉਤੇ ਸੈਮੀਨਾਰ

# ਭਾਰਤੀ ਸਟੇਟ ਦੇ ਇਸ਼ਾਰਿਆਂ ਤੇ ਮੀਡੀਆ ਨੇ ਸਿੱਖਾਂ ਦੇ ਅਕਸ ਨੂੰ ਵਿਗਾੜਿਆ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪਿਛਲੇ ਚਾਰ ਦਹਾਕਿਆਂ ਤੋਂ ਸਮੁੱਚਾ ਪੰਜਾਬ ਅਤੇ ਸਿੱਖ ਪੰਥ ਵੱਖਰੇ ਵੱਖਰੇ ਸੰਕਟਾਂ ਵਿਚ ਫਸ ਕੇ, ਦਰਪੇਸ਼ ਸਮੱਸਿਆਵਾਂ ਵਿਚੋਂ ਨਿਕਲਣ ਲਈ ਜੂਝ ਰਿਹਾ ਹੈ। ਹਿੰਦੂਵਾਦੀ ਤੇ ਸਰਕਾਰ ਪੱਖੀ ਮੀਡੀਆ ਇਸ ਵਰਤਾਰੇ ਨੂੰ ਹਿੰਦੂ-ਸਿੱਖ ਲੜਾਈ ਪੇਸ਼ ਕਰਕੇ ਪੰਜਾਬ ਦੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਵਾਲਾ ਰੋਲ ਅਦਾ ਕਰਦਾ ਆ ਰਿਹਾ ਹੈ। ਇਥੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਅਤੇ ਵਾਇਸ ਆਫ ਖਾਲਸਾ ਟੀ.ਵੀ. ਵੱਲੋਂ ਸਾਂਝੇ ਤੌਰ ਤੇ ਕਰਵਾਏ ਗਏ ਸੈਮੀਨਾਰ "ਮੀਡੀਆ ਦੀਆਂ ਨਜ਼ਰਾਂ ਵਿਚ ਪੰਜਾਬ" ਦੌਰਾਨ ਵੱਖ-ਵੱਖ ਵਿਦਵਾਨ ਬੁਲਾਰਿਆਂ ਨੇ ਇਸ ਵਰਤਾਰੇ ਉਤੇ ਗਹਿਰੀ ਚਿੰਤਾ ਪ੍ਰਗਟ ਕਰਨ ਦੇ ਨਾਲ ਹੀ ਪੰਜਾਬ ਤੇ ਪੰਥ ਦਰਦੀਆਂ ਨੂੰ ਮਿਲ ਕੇ ਇਸ ਸਮੱਸਿਆਂ ਵਿਚੋਂ ਨਿਕਲਣ ਦੇ ਢੰਗ ਤਰੀਕਿਆਂ ਬਾਰੇ ਮੰਥਨ ਕਰਨ 'ਤੇ ਜ਼ੋਰ ਦਿੱਤਾ।

"ਮੀਡੀਆ ਦੀਆਂ ਨਜ਼ਰਾਂ ਵਿਚ ਪੰਜਾਬ" ਵਿਸ਼ੇ ਉਤੇ ਕਰਵਾਏ ਗਏ ਸੈਮੀਨਾਰ ਵਿਚ ਆਪਣੇ ਵਿਚਾਰ ਪੇਸ਼ ਕਰਦਿਆਂ, ਡਾ. ਧਰਮਵੀਰ ਗਾਂਧੀ, ਐਮਪੀ. ਨੇ ਕਿਹਾ, ਕਿ "ਜੇ ਪੰਜਾਬ ਸਿੱਖਾਂ ਦੀ ਕਰਮਭੂਮੀ ਹੈ ਤਾਂ ਹਿੰਦੂ, ਮੁਸਲਮਾਨ ਅਤੇ ਹੋਰ ਪੰਜਾਬੀ ਵੀ ਆਪਣੇ ਕਲਚਰ, ਬੋਲੀ ਅਤੇ ਤਰਜ਼ੇ-ਜਿੰਦਗੀ ਤੋਂ ਮੁੱਖ ਨਹੀਂ ਮੋੜ ਸਕਦੇ। ਉਨ੍ਹਾਂ ਸਭਨਾਂ ਦੀ ਸਾਂਝੀ ਵਿਰਾਸਤ ਅਤੇ ਹਿਸਟਰੀ ਤਾਂ ਲਹਿੰਦੇ ਪਾਕਿਸਤਾਨੀ ਪੰਜਾਬੀਆਂ ਨੂੰ ਵੀ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ।" ਅਫਸੋਸ ਪ੍ਰਗਟ ਕਰਦਿਆਂ ਡਾ. ਗਾਂਧੀ ਨੇ ਕਿਹਾ ਕਿ "ਪਰ ਮੀਡੀਆ ਪੰਜਾਬ ਦੇ ਭਾਈਚਾਰਕ, ਆਰਥਕ ਅਤੇ ਸਿਆਸੀ ਪੱਧਰ ਉਤੇ ਵਿਗੜੇ ਹਾਲਾਤ ਨੂੰ ਸਿਰਫ ਸਿੱਖ ਸਮੱਸਿਆ ਦੇ ਤੌਰ ਤੇ ਹੀ ਪੇਸ਼ ਕਰਦਾ ਹੈ ਅਤੇ ਸੂਬੇ ਨੂੰ ਹਿੰਦੂ ਤੇ ਸਿੱਖ ਫਿਰਕਿਆਂ ਦੇ ਆਪਸੀ ਝਗੜੇ ਦਾ ਮੈਦਾਨ ਬਣਾ ਕੇ ਭਾਰਤੀ ਸਟੇਟ ਦੀ "ਵੰਡੋ ਤੇ ਰਾਜ ਕਰੋ ਦੀ ਪਾਲਿਸੀ ਦਾ ਦਮ ਭਰਦਾ ਹੈ।" ਇਸ ਵਿਚ ਕੋਈ ਸ਼ੱਕ ਨਹੀਂ, ਕਾਂਗਰਸ, ਭਾਜਪਾ ਅਤੇ ਖਾਸ ਕਰਕੇ ਪੰਜਾਬੀ ਹਿੰਦੂ ਲੀਡਰਾਂ ਨੇ ਆਪਣੀ ਵਫਾਦਾਰੀ ਪੰਜਾਬ ਦੀ ਬਜਾਇ ਯਮਨਾ-ਪਾਰ ਰਾਸ਼ਟਰਵਾਦੀਆਂ ਨਾਲ ਦਿਖਾਈ, ਜਿਸ ਕਰਕੇ ਪੰਜਾਬ ਦੇ ਹੱਕਾਂ ਦੀ ਲੜਾਈ ਨੂੰ ਮੀਡੀਆ ਨੇ ਨਿਰੋਲ "ਸਿੱਖ ਸਮੱਸਿਆ" ਤੌਰ ਉਤੇ ਹੀ ਪੇਸ਼ ਕੀਤਾ।"

ਡਾ. ਗਾਂਧੀ ਨੇ ਜ਼ੋਰ ਦੇ ਕੇ ਕਿਹਾ, ਕਿ "ਇਸ ਸੌੜੀ ਰਾਜਨੀਤੀ ਦਾ ਫਾਇਦਾ ਉਠਾਉਂਦਿਆਂ, ਕੇਂਦਰੀ ਹਾਕਮਾਂ ਨੇ ਪੰਜਾਬ ਨਾਲ ਵੱਡੇ ਵਿਤਕਰੇ ਅਤੇ ਧ੍ਰੋਹ ਕਮਾਏ, ਪੰਜਾਬ ਦੇ ਦਰਿਆਵਾਂ ਦਾ ਪਾਣੀ ਲੁੱਟ ਕੇ ਲੈ ਗਏ, ਇੰਡਸਟਰੀ ਤਬਾਹ ਕਰ ਦਿੱਤੀ ਅਤੇ ਖੇਤੀ, ਕਿਸਾਨੀ ਦਾ ਵੱਡਾ ਸੰਕਟ ਖੜ੍ਹਾ ਕਰ ਦਿੱਤਾ। ਹੁਣ ਪੰਜਾਬ ਨੂੰ ਕੇਂਦਰ ਵੱਲੋਂ ਲਾਗੂ ਨਵ-ਬਸਤੀਵਾਦ ਸਿਸਟਮ ਤੋਂ ਮੁਕਤੀ ਲੈਣ ਲਈ ਸੂਬਾਈ ਤੇ ਖੇਤਰੀ ਸਿਆਸਤ ਨੂੰ ਮਜ਼ਬੂਤ ਕਰਨਾ ਹੋਵੇਗਾ ਅਤੇ ਦੇਸ਼ ਅੰਦਰ ਫੈਡਰਲ ਨਿਜ਼ਾਮ ਖੜ੍ਹਾ ਕਰਨ ਲਈ ਸੰਘਰਸ਼ ਕਰਨਾ ਪਵੇਗਾ।"

ਗੁਰਤੇਜ ਸਿੰਘ, ਸਾਬਕਾ ਆਈਏਐਸ ਨੇ ਕਿਹਾ ਕਿ ਮੀਡੀਆ ਨੇ ਸਿੱਖਾਂ ਨੂੰ ਦੇਸ਼ ਵਿਦੇਸ਼ ਵਿਚ "ਟੈਰੋਰਿਸਟ" ਅਤੇ "ਫਿਰਕੂ" ਵਜੋਂ ਪੇਸ਼ ਕੀਤਾ, ਜਦੋਂਕਿ ਕਨਿਸ਼ਕਾ ਹਵਾਈ ਜਹਾਜ਼ ਕਾਂਡ, ਜਿਸ ਵਿਚ ਬੰਬ ਧਮਾਕੇ ਕਾਰਨ 300 ਤੋਂ ਵੱਧ ਯਾਤਰੂ ਮਾਰੇ ਗਏ ਸਨ, ਸ਼ੱਕ ਦੀ ਸੂਈ ਭਾਰਤ ਦੀਆਂ ਸੂਹੀਆਂ ਏਜੰਸੀਆਂ ਉਤੇ ਜਾ ਟਿਕੀ ਸੀ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਨੇ ਕਿਹਾ ਕਿ ਅਕਾਲੀ ਧਰਮ ਯੁੱਧ ਮੋਰਚੇ ਨੂੰ ਮੀਡੀਆ ਨੇ ਜਾਣ ਬੁੱਝ ਕੇ ਗਲਤ ਰੰਗਤ ਦਿੱਤੀ। ਉਨ੍ਹਾਂ ਦੇ ਸ਼ਾਂਤਮਈ ਰੋਸ ਮੁਜ਼ਾਹਰੇ ਉਤੇ ਸੰਨ 1982 'ਚ ਹੋਈਆਂ ਏਸ਼ੀਆਈ ਖੇਡਾਂ ਨੂੰ ਖਰਾਬ ਕਰਨ ਦੇ ਦੋਸ਼ ਲਾ ਕੇ ਪੰਜਾਬ ਤੋਂ ਦਿੱਲੀ ਜਾਂਦੇ ਸਿੱਖਾਂ ਦੀਆਂ ਪੱਗਾਂ ਉਤਰਵਾਈਆਂ।

ਰੋਜ਼ਾਨਾ ਪਹਿਰੇਦਾਰ ਅਖਬਾਰ ਦੇ ਐਡੀਟਰ ਜਸਪਾਲ ਸਿੰਘ ਹੇਰਾਂ ਨੇ ਕਿਹਾ ਕਿ ਮੀਡੀਆ ਸਿੱਖਾਂ ਦੇ ਨਾਂ ਨਾਲ ਟੈਰੋਰਿਸਟ ਜੋੜ ਦਿੰਦਾ ਹੈ, ਜਦਕਿ ਭੰਨ ਤੋੜ ਦੀਆਂ ਕਾਰਵਾਈਆਂ ਵਾਲੇ ਅਤੇ ਗਊ ਰੱਖਿਆ ਦੇ ਨਾਂ ਉਤੇ ਘੱਟ ਗਿਣਤੀਆਂ ਦੇ ਕਤਲ ਕਰਨ ਵਾਲੇ ਲੋਕਾਂ ਨਾਲ "ਟੈਰੋਰਿਸਟ" ਸ਼ਬਦ ਲਾਉਣ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਦੇਸ਼ ਪੰਜਾਬ ਦੇ ਐਡੀਟਰ ਗੁਰਬਚਨ ਸਿੰਘ ਨੇ ਕਿਹਾ ਕਿ ਮੀਡੀਆ ਆਪਣੇ ਮੁਨਾਫੇ ਦੀ ਖਾਤਰ ਕੇਂਦਰੀ ਹਾਕਮਾਂ ਦੇ ਇਸ਼ਾਰਿਆਂ ਉਤੇ ਚੱਲਦਾ ਹੋਇਆ ਘੱਟ ਗਿਣਤੀਆਂ ਅਤੇ ਦਲਿਤਾਂ ਦੇ ਅਕਸ ਨੂੰ ਵਿਗਾੜਦਾ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਸਹੀ ਪੇਸ਼ਕਾਰੀ ਨਹੀਂ ਕਰਦਾ।

ਟੀਵੀ ਐਂਕਰ ਹਰਸ਼ਰਨ ਕੌਰ ਨੇ ਬੋਲਦਿਆਂ ਕਿਹਾ ਕਿ ਲੀਡਰਾਂ ਦੇ ਗਰਮ ਬਿਆਨਾਂ ਨੂੰ ਵੱਧ ਉਛਾਲਿਆ ਜਾਂਦਾ ਹੈ, ਸਿੱਖਾਂ ਦੀ ਨਸਲਕੁਸ਼ੀ ਨੂੰ ਅਜੇ ਵੀ ਦੰਗਿਆਂ ਵਜੋਂ ਪੇਸ਼ ਕੀਤਾ ਜਾਂਦਾ ਹੈ ਅਤੇ ਹਿੰਸਕ ਘਟਨਾਵਾਂ ਨੂੰ ਪਾਕਿਸਤਾਨ ਤੋਂ ਪ੍ਰੇਰਿਤ ਵਾਕਿਆ ਦੱਸਿਆ ਜਾਂਦਾ ਹੈ।

**ਬਾਕੀ ਸਫ਼ਾ 28 'ਤੇ**




ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਚਾਲੀ ਮੁਕਤਿਆਂ ਦੀ ਯਾਦ ਵਿਚ ਸ੍ਰੀ ਮੁਕਤਸਰ ਸਾਹਿਬ ਵਿਖੇ ਜੁੜੀਆਂ ਸਿੱਖ ਸੰਗਤਾਂ

## ਮੇਲਾ ਮਾਘੀ ਮੌਕੇ ਪੰਜਾਬ ਭਰ ਵਿਚ ਹੋਏ ਸਮਾਗਮ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਚਾਲੀ ਮੁਕਤਿਆਂ ਦੀ ਯਾਦ ਵਿਚ ਸ੍ਰੀ ਮੁਕਤਸਰ ਸਾਹਿਬ ਦੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਦੌਰਾਨ ਸਾਰੀ ਰਾਤ ਤੇ ਦਿਨ ਭਾਈ ਮਹਾਂ ਸਿੰਘ ਦੀਵਾਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿਸ 'ਚ ਢਾਡੀ, ਕਵੀਸ਼ਰ ਜਥਿਆਂ ਨੇ ਯੋਧਿਆਂ ਦੀ ਲਾਸਾਨੀ ਸ਼ਹਾਦਤ 'ਤੇ ਚਾਨਣਾ ਪਾਇਆ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਬਲਦੇਵ ਸਿੰਘ ਨੇ ਦੱਸਿਆ ਕਿ ਸੰਗਤ ਦੀ ਸਹੂਲਤ ਲਈ ਸੁਚੱਜੇ ਪ੍ਰਬੰਧ ਕੀਤੇ ਗਏ ਸਨ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਮਾਲ ਅਤੇ ਮੁੜ ਵਸੇਬਾ ਵਿਭਾਗ ਦੇ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਵਿਧਾਇਕਾ ਕਰਨ ਕੌਰ ਬਰਾੜ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਬਿਕ੍ਰਮਜੀਤ ਸਿੰਘ ਮਜੀਠੀਆ ਸਣੇ ਹੋਰ ਸਿਆਸੀ ਆਗੂਆਂ ਨੇ ਵੀ ਮੱਥਾ ਟੇਕਿਆ। ਸ਼ਹੀਦੀ ਜੋੜ ਮੇਲ ਮਾਘੀ ਮੌਕੇ ਵੱਡੀ ਗਿਣਤੀ ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤਾ ਅਤੇ ਚਾਲੀ ਮੁਕਤਿਆਂ ਨੂੰ ਸ਼ਰਧਾ-ਸੁਮਨ ਭੇਟ ਕੀਤੇ। ਸਾਰਾ ਦਿਨ ਸ਼ਰਧਾਲੂਆਂ ਦਾ ਤਾਂਤਾ ਲੱਗਿਆ ਰਿਹਾ। ਮੌਸਮ ਖ਼ੁਸ਼ਗਵਾਰ ਹੋਣ ਦੇ ਬਾਵਜੂਦ ਪਿਛਲੇ ਵਰ੍ਹਿਆਂ ਨਾਲੋਂ ਇਸ ਵਾਰ ਸ਼ਰਧਾਲੂਆਂ ਦੀ ਆਮਦ ਘਟ ਰਹੀ। ਇਸ ਦਾ ਇਕ ਕਾਰਨ ਤਾਂ ਅਕਾਲੀ ਦਲ ਤੋਂ ਬਗੈਰ ਹੋਰ ਕਿਸੇ ਸਿਆਸੀ ਪਾਰਟੀ ਵੱਲੋਂ ਕਾਨਫਰੰਸ ਨਾ ਕਰਨ ਦਾ ਦੱਸਿਆ ਜਾ ਰਿਹਾ ਹੈ ਤੇ ਦੂਸਰਾ ਆਰਥਿਕ ਮੰਦੀ ਦਾ। ਸੰਗਤ ਨੂੰ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਉਂਦੀਆਂ ਪ੍ਰਦਰਸ਼ਨੀਆਂ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਲਾਈਆਂ ਗਈਆਂ। ਇਸ ਵਰ੍ਹੇ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ 'ਚ ਸੰਗਤ ਦੀ ਸਹੂਲਤ ਲਈ ਵਿਸ਼ੇਸ਼ ਤੌਰ 'ਤੇ ਗੋਤਾਖੋਰਾਂ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਗੁਰਦੁਆਰਾ ਟਿੱਬੀ ਸਾਹਿਬ, ਰਕਾਬਸਰ ਸਾਹਿਬ, ਖ਼ੂਹ ਸਾਹਿਬ, ਦਾਤਨਸਰ ਸਾਹਿਬ ਵਿਖੇ ਨਿਹੰਗ ਸਿੰਘ ਜਥੇਬਦੀਆਂ ਨੇ ਆਪੋ-ਆਪਣੇ ਪੜਾਅ ਲਾਏ ਹਨ, ਜਿਨ੍ਹਾਂ ਦੁਆਰਾ ਮਹੱਲਾ ਕੱਢਿਆ ਗਿਆ।



**ਫ਼ਤਹਿਗੜ੍ਹ ਸਾਹਿਬ :** ਮਾਘੀ ਦੀ ਸੰਗਰਾਂਦ ਨੂੰ ਮੁੱਖ ਰੱਖ ਕੇ ਇਤਿਹਾਸਕ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਈਆਂ। ਸਵੇਰ ਤੋਂ ਹੀ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਦੀਆਂ ਗੁਰਦੁਆਰਾ ਸਾਹਿਬ ਵਿਚ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਇਸ ਮੌਕੇ ਵੱਖ ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਆ ਕੇ ਲੰਗਰ ਲਗਾਏ। ਗੁਰਦੁਆਰਾ ਸਾਹਿਬ ਦੇ ਮੈਨੇਜਰ ਅਮਰਜੀਤ ਸਿੰਘ ਨੇ ਦੱਸਿਆ ਕਿ ਸੰਗਤਾਂ ਦੀ ਵੱਡੀ ਇਕੱਤਰਤਾ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਕਮੇਟੀ ਵੱਲੋਂ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਸਨ ਅਤੇ ਸ਼ਰਧਾਲੂਆਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਗਈ। ਫ਼ਤਹਿਗੜ੍ਹ ਸਾਹਿਬ ਹਲਕੇ ਦੇ ਇੰਚਾਰਜ ਦੀਦਾਰ ਸਿੰਘ ਭੱਟੀ, ਬਸੀ ਪਠਾਣਾਂ ਹਲਕੇ ਦੇ ਇੰਚਾਰਜ ਦਰਬਾਰਾ ਸਿੰਘ ਗੁਰੂ, ਅਮਲੋਹ ਹਲਕੇ ਦੇ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ, ਜਿਲ੍ਹਾ ਜਥੇਦਾਰ ਸਵਰਨ ਸਿੰਘ ਚਨਾਰਥਲ, ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ, ਭਾਈ ਰਵਿੰਦਰ ਸਿੰਘ ਖ਼ਾਲਸਾ ਤੇ ਭਾਈ ਅਵਤਾਰ ਸਿੰਘ ਰਿਆ ਨੇ ਇਸ ਦਿਹਾੜੇ 'ਤੇ ਸੰਗਤਾਂ ਨੂੰ ਵਧਾਈ ਦਿੱਤੀ।

**ਰੋਪੜ :** ਗੁਰਦੁਆਰਾ ਗੁਰੂਗੜ੍ਹ ਸਾਹਿਬ ਸਦਾਬਰਤ ਵਿਚ ਮਾਘੀ ਮੇਲਾ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੁੱਜੀਆਂ ਸੰਗਤਾਂ ਗੁਰੂਘਰ ਵਿਖੇ ਨਤਮਸਤਕ ਹੋਈਆਂ ਅਤੇ ਸ੍ਰੀ ਮੁਕਤਸਰ ਸਾਹਿਬ ਦੀ ਜੰਗ 'ਚ ਸ਼ਹੀਦ ਹੋਏ ਚਾਲੀ ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਮਗਰੋਂ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਰਾਗੀ ਢਾਡੀ ਜਥਿਆਂ ਅਤੇ ਕਥਾਵਾਚਕ ਨੇ ਸੰਗਤਾਂ ਨੂੰ ਚਾਲੀ ਮੁਕਤਿਆਂ ਦੀ ਸ਼ਹੀਦੀ ਗਾਥਾ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਮਾਘ ਮਹੀਨੇ ਦੇ ਮਹੱਤਵ ਬਾਰੇ ਦੱਸਿਆ।

## ਸੁਖਬੀਰ ਜੀ ਤੁਸੀਂ ਅਮਲੀ ਹੋ... ?

### *ਇਕ ਪੱਤਰਕਾਰ ਨੇ ਪੁੱਛਿਆ ਦਿਲਚਸਪ ਸੁਆਲ*

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਇਕ ਪੱਤਰਕਾਰ ਨੇ ਪੁੱਛ ਲਿਆ ਕਿ, "ਕੀ ਤੁਸੀਂ ਅਮਲੀ ਹੋ ? ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜੀਰਾ ਆਖ ਰਿਹਾ ਹੈ ਕਿ ਤੁਸੀਂ 'ਮਾਲ' ਖਾਂਦੇ ਹੋ ਤੇ ਤੁਹਾਡੀ ਘਰ ਵਾਲੀ ਹਰਸਿਮਰਤ ਕੌਰ ਬਾਦਲ ਪੈਗ ਲਗਾਉਂਦੀ ਹੈ। " ਜਵਾਬ ਵਿਚ ਸੁਖਬੀਰ ਬਾਦਲ ਇੰਨਾ ਆਖ ਕੇ ਚਲੇ ਗਏ ਕਿ ਮੈਂ ਮੈਂਟਲ ਬੰਦੇ ਬਾਰੇ ਕੀ ਆਖਾਂ। ਦੱਸ ਦਈਏ ਕਿ ਕਾਂਗਰਸੀ ਵਿਧਾਇਕ ਨੇ ਪੰਜਾਬ ਵਿਚ ਨਸ਼ਿਆਂ ਬਾਰੇ ਕਾਫੀ ਖੁਲਾਸੇ ਕੀਤੇ ਹਨ। ਉਨ੍ਹਾਂ ਨੇ ਸੁਖਬੀਰ ਬਾਦਲ ਦਾ ਨਾਮ ਵੀ ਲਿਆ ਹੈ।ਇਸ ਤੋਂ ਪਹਿਲਾਂ ਸੁਖਬੀਰ ਬਾਦਲ ਨੂੰ ਜਦੋਂ ਪੁੱਛਿਆ ਕਿ ਸ੍ਰੀ ਅਕਾਲ ਤਖਤ ਵੱਲੋਂ ਧਾਰਮਿਕ ਸਭਾਵਾਂ ਮੌਕੇ ਸਿਆਸੀ ਰੈਲੀਆਂ ਕਰਨ ਉਤੇ ਰੋਕ ਲਾਈ ਹੋਈ ਹੈ, ਇਸ ਦੇ ਬਾਵਜੂਦ ਤੁਸੀਂ ਸ੍ਰੀ ਮੁਕਤਸਰ ਸਾਹਿਬ ਵਿਚ ਰੈਲੀ ਕੀਤੀ ਹੈ ? ਇਸ ਦੇ ਜਵਾਬ ਵਿਚ ਸੁਖਬੀਰ ਨੇ ਕਿਹਾ ਕਿ ਅਕਾਲ ਤਖਤ ਵੱਲੋਂ ਕਦੇ ਵੀ ਅਜਿਹੇ ਹੁਕਮ ਨਹੀਂ ਆਏ। ਕਾਂਗਰਸ ਜਾਣਬੁੱਝ ਕੇ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਮਾਘੀ ਵਾਲੇ ਦਿਨ ਵੀ ਗੁਰੂ ਘਰ ਨਤਮਸਤਕ ਹੋਣ ਨਹੀਂ ਆਇਆ, ਇਹ ਕਿਹੋ ਜਿਹਾ ਮੁੱਖ ਮੰਤਰੀ ਹੈ।

## ਕੈਪਟਨ ਵੱਲੋਂ ਕਰਤਾਰਪੁਰ ਲਾਂਘੇ ਤੋਂ ਪਾਰ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਖਤਮ ਕਰਨ ਦੀ ਮੰਗ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰਾ ਵਿਖੇ ਸਮਾਰੋਹਾਂ ਦੌਰਾਨ 'ਖੁੱਲ੍ਹੇ ਦਰਸ਼ਨ ਦੀਦਾਰ' ਨੂੰ ਯਕੀਨੀ ਬਣਾਉਣ ਲਈ ਕਰਤਾਰਪੁਰ ਲਾਂਘਾ ਪਾਰ ਕਰਨ ਵਾਸਤੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਖਤਮ ਕੀਤੇ ਜਾਣ ਦੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੰਗ ਕੀਤੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਲਾਂਘੇ ਦੇ ਦੁਆਲੇ ਉਸਾਰੇ ਜਾਣ ਵਾਲੇ ਬੁਨਿਆਦੀ ਢਾਂਚੇ ਅਤੇ ਉੱਥੇ ਪਹੁੰਚਣ ਵਾਲੀ ਸੜਕ ਦੀ ਸੇਧ ਨੂੰ ਜਲਦੀ ਨਾਲ ਅੰਤਮ ਰੂਪ ਦਿੱਤੇ ਜਾਣ ਵਾਸਤੇ ਮੋਦੀ ਸਰਕਾਰ ਨੂੰ ਆਖਿਆ ਹੈ, ਤਾਂ ਜੋ ਇਸ ਇਤਿਹਾਸਕ ਲਾਂਘੇ ਨੂੰ ਅਮਲ ਵਿਚ ਲਿਆਉਣ ਲਈ ਬਿਨ੍ਹਾਂ ਕਿਸੇ ਹੋਰ ਦੇਰੀ ਤੋਂ ਜ਼ਮੀਨ ਪ੍ਰਾਪਤੀ ਦੀ ਪ੍ਰਕਿਰਿਆ ਨੂੰ ਸ਼ੁਰੂ ਕੀਤਾ ਜਾ ਸਕੇ।

DIAMOND TRANSPORTATION
DIAMOND Transportation Logistics, Inc.
Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ 209.487.3699
ਹਰਨੇਕ ਸਿੰਘ ਅਟਵਾਲ 209.351.5965
2850 Loomis Rd, Stockton, CA 95205

# ਪੱਤਰਕਾਰ ਹੱਤਿਆ ਮਾਮਲੇ ’ਚ ਸੌਦਾ ਸਾਧ ਦੋਸ਼ੀ ਕਰਾਰ

- ਸਜ਼ਾ ਦਾ ਐਲਾਨ 17 ਜਨਵਰੀ ਨੂੰ
- ਤਿੰਨ ਹੋਰਾਂ ਨੂੰ ਵੀ ਦੋਸ਼ੀ ਐਲਾਨਿਆ
- ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ ਹੋਇਆ ਡੇਰਾ ਮੁਖੀ
- 2002 ’ਚ ਕੀਤੀ ਗਈ ਸੀ ਛਤਰਪਤੀ ਦੀ ਹੱਤਿਆ
- ਸੌਦਾ ਸਾਧ ਤੇ ਉਸ ਦੇ ਸਾਥੀਆਂ ਨੂੰ ਉਮਰ ਕੈਦ ਜਾਂ ਮੌਤ ਦੀ ਹੋ ਸਕਦੀ ਏ ਸਜ਼ਾ



**ਪੰਚਕੂਲਾ/ਬਿਊਰੋ ਨਿਊਜ਼ :**
ਸੀਬੀਆਈ ਅਦਾਲਤ ਨੇ ਸਿਰਸਾ (ਹਰਿਆਣਾ) ਦੇ ਪੱਤਰਕਾਰ ਰਾਮ ਚੰਦਰ ਛਤਰਪਤੀ ਹੱਤਿਆਕਾਂਡ ਦਾ ਫ਼ੈਸਲਾ ਦਿੰਦਿਆਂ ਸੌਦਾ ਸਾਧ ਗੁਰਮੀਤ ਰਾਮ ਰਹੀਮ ਸਿੰਘ, ਕ੍ਰਿਸ਼ਨ ਲਾਲ, ਨਿਰਮਲ ਸਿੰਘ ਤੇ ਕੁਲਦੀਪ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਹੈ। ਰਾਮ ਚੰਦਰ ਛਤਰਪਤੀ ਨੇ ਆਪਣੇ ਅਖ਼ਬਾਰ ‘ਪੂਰਾ ਸੱਚ’ ਵਿਚ ਡੇਰੇ ਵਿਚ ਹੁੰਦੇ ਕੁਕਰਮਾਂ ਦਾ ਪਰਦਾਫਾਸ਼ ਕੀਤਾ ਸੀ। 24 ਅਕਤੂਬਰ 2002 ਦੀ ਸ਼ਾਮ ਨੂੰ ਦੋ ਮੋਟਰਸਾਈਕਲ ਸਵਾਰਾਂ ਨੇ ਛਤਰਪਤੀ ’ਤੇ ਗੋਲੀ ਚਲਾਈ, ਉਹ ਜ਼ਖ਼ਮੀ ਹੋ ਗਿਆ ਤੇ ਬਾਅਦ ਵਿਚ ਹਸਪਤਾਲ ਵਿਚ ਦਮ ਤੋੜ ਗਿਆ। ਗੋਲੀ ਚਲਾਉਣ ਵਾਲਿਆਂ ਵਿਚੋਂ ਇਕ ਨੂੰ ਹਰਿਆਣਾ ਪੁਲੀਸ ਨੇ ਮੌਕੇ ’ਤੇ ਫੜ ਲਿਆ। ਕੇਸ 2003 ਵਿਚ ਦਰਜ ਹੋਇਆ ਪਰ ਸੌਦਾ ਸਾਧ ਰਾਮ ਰਹੀਮ ਸਿੰਘ ਦਾ ਅਸਰ-ਰਸੂਖ਼ ਇੰਨਾ ਜ਼ਿਆਦਾ ਸੀ ਕਿ ਤਫ਼ਤੀਸ਼ ਬਹੁਤ ਦੇਰ ਤਕ ਧੀਮੀ ਰਫ਼ਤਾਰ ਨਾਲ ਚੱਲੀ। ਪੱਤਰਕਾਰਾਂ ਦੀਆਂ ਜਥੇਬੰਦੀਆਂ, ਛਤਰਪਤੀ ਦੇ ਪਰਿਵਾਰ, ਵਕੀਲਾਂ ਤੇ ਹੱਕ-ਸੱਚ ’ਤੇ ਪਹਿਰਾ ਦੇਣ ਵਾਲੇ ਹੋਰ ਲੋਕਾਂ ਨੇ ਇਸ ਕਤਲ ਵਿਰੁੱਧ ਆਵਾਜ਼ ਉਠਾਈ। ਸੁਪਰੀਮ ਕੋਰਟ ਤਕ ਪਹੁੰਚ ਕੀਤੀ ਗਈ ਕਿ ਇਹ ਮਾਮਲਾ ਸੀਬੀਆਈ ਨੂੰ ਸੌਂਪਿਆ ਜਾਏ। ਬਹੁਤ ਸਾਰੇ ਸਿਆਸੀ ਆਗੂਆਂ ਨੇ ਇਸ ਦਾ ਵਿਰੋਧ ਕੀਤਾ। 2006 ਵਿਚ ਇਹ ਮਾਮਲਾ ਸੀਬੀਆਈ ਨੂੰ ਸੌਂਪਿਆ ਗਿਆ ਪਰ ਇਸ ਤੋਂ ਪਹਿਲਾਂ ਹਰਿਆਣਾ ਪੁਲੀਸ ਨੇ ਹਫ਼ੜਾ-ਦਫ਼ੜੀ ਵਿਚ ਚਾਰਜਸ਼ੀਟ ਪੇਸ਼ ਕੀਤੀ ਜਿਸ ਵਿਚ ਡੇਰਾ ਮੁਖੀ ਨੂੰ ਦੋਸ਼ੀ ਨਹੀਂ ਸੀ ਬਣਾਇਆ ਗਿਆ।

### ਸਜ਼ਾ ਸੁਣਾਏ ਜਾਣ ਲਈ ਅਜੇ ਥਾਂ ਦੀ ਹੋਵੇਗੀ ਚੋਣ

ਇਸ ਮੌਕੇ ਸੀ. ਬੀ. ਆਈ. ਦੇ ਵਕੀਲ ਐੱਚ. ਪੀ. ਐੱਸ. ਵਰਮਾ ਨੇ ਦੱਸਿਆ ਕਿ ਅਦਾਲਤ ਵਲੋਂ ਰਾਮ ਰਹੀਮ ਅਤੇ ਉਸ ਦੇ ਸਾਥੀਆਂ ਕਿਸ਼ਨ ਲਾਲ, ਕੁਲਦੀਪ ਅਤੇ ਨਿਰਮਲ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ, ਜਦਕਿ ਇਸ ਸਬੰਧੀ 17 ਜਨਵਰੀ ਨੂੰ ਦੋਸ਼ੀਆਂ ਨੂੰ ਸਜ਼ਾ ਸੁਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਸਜ਼ਾ ਸੁਣਾਉਂਦੇ ਸਮੇਂ ਦੋਸ਼ੀਆਂ ਦਾ ਮੌਕੇ ’ਤੇ ਮੌਜੂਦ ਹੋਣਾ ਲਾਜ਼ਮੀ ਹੁੰਦਾ ਹੈ। ਇਸ ਲਈ ਅਦਾਲਤ ਵਲੋਂ ਸਜ਼ਾ ਸੁਣਾਏ ਜਾਣ ਦੀ ਥਾਂ ਅਦਾਲਤ ਵਲੋਂ ਨਿਰਧਾਰਤ ਕੀਤੀ ਜਾਵੇਗੀ, ਜੋ ਅਜੇ ਨਿਰਧਾਰਤ ਕੀਤੀ ਜਾਣੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਅਟਾਰਨੀ ਵਲੋਂ ਅਜੇ ਅਦਾਲਤ ਵਿਚ ਇਸ ਬਾਰੇ ਪ੍ਰਬੰਧ ਕਰਨ ਸਬੰਧੀ ਅਰਜ਼ੀ ਦਿੱਤੀ ਗਈ ਹੈ। ਸਜ਼ਾ ਬਾਰੇ ਪੁੱਛੇ ਸਵਾਲ ਉੱਤੇ ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਇਸ ਮਾਮਲੇ ਵਿਚ ਮੌਤ ਦੀ ਸਜ਼ਾ ਜਾਂ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।

### ਸੀ.ਬੀ.ਆਈ. ਦੀ ਰਿਪੋਰਟ ਸਿਰਸਾ ਡੇਰਾ ਮੁਖੀ ਦੇ ਵਿਰੋਧ ’ਚ

ਬਾਅਦ ਵਿਚ ਸੀਬੀਆਈ ਦੁਆਰਾ ਕੀਤੀ ਗਈ ਤਫ਼ਤੀਸ਼ ਵਿਚ ਇਹ ਪਾਇਆ ਗਿਆ ਕਿ ਇਹ ਭਿਅੰਕਰ ਕਾਰਾ ਡੇਰਾ ਮੁਖੀ ਦੇ ਕਹਿਣ ’ਤੇ ਹੀ ਕੀਤਾ ਗਿਆ ਸੀ। ਇਸ ਚਾਰਜਸ਼ੀਟ ਅਨੁਸਾਰ ਛਤਰਪਤੀ ਨੂੰ ਕਤਲ ਕਰਨ ਦੀ ਸਾਜ਼ਿਸ਼ ਡੇਰਾ ਮੁਖੀ ਦੀ ਹਾਜ਼ਰੀ ਵਿਚ ਰਚੀ ਗਈ ਤੇ ਡੇਰੇ ਦੇ ਮੈਨੇਜਰ ਕ੍ਰਿਸ਼ਨ ਲਾਲ ਨੇ ਆਪਣੀ ਲਾਇਸੰਸਸ਼ੁਦਾ ਰਿਵਾਲਵਰ ਤੇ ਵਾਕੀਟਾਕੀ ਕੁਲਦੀਪ ਸਿੰਘ ਤੇ ਨਿਰਮਲ ਸਿੰਘ ਨੂੰ ਦਿੱਤੀ। ਇਹ ਦੂਸਰਾ ਕੇਸ ਹੈ ਜਿਸ ਵਿਚ ਸੀਬੀਆਈ ਅਦਾਲਤ ਦੇ ਜੱਜ ਜਗਦੀਪ ਸਿੰਘ ਨੇ ਡੇਰਾ ਮੁਖੀ ਨੂੰ ਦੋਸ਼ੀ ਠਹਿਰਾਇਆ ਹੈ ਤੇ ਇਕ ਤਰ੍ਹਾਂ ਨਾਲ ਇਕ ਮਿਸਾਲ ਕਾਇਮ ਕੀਤੀ ਹੈ।

## ਅਹਿਮ ਸਾਬਤ ਹੋਈ ਡਰਾਈਵਰ ਖੱਟਾ ਸਿੰਘ ਦੀ ਗਵਾਹੀ

ਇਸ ਮਾਮਲੇ ’ਚ ਰਾਮ ਰਹੀਮ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਦੀ ਗਵਾਹੀ ਬੇਹੱਦ ਅਹਿਮ ਰਹੀ। ਅਦਾਲਤ ਵਲੋਂ ਫ਼ੈਸਲਾ ਸੁਣਾਏ ਜਾਣ ਤੋਂ ਬਾਅਦ ਖੱਟਾ ਸਿੰਘ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਨੂੰ ਜਦੋਂ ਅਦਾਲਤ ’ਚ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ ਕੀਤਾ ਗਿਆ ਤਾਂ ਉਸਦਾ ਚਿਹਰਾ ਲਟਕਿਆ ਹੋਇਆ ਸੀ ਤੇ ਲਗਾਤਾਰ ਜ਼ਮੀਨ ਵੱਲ ਵੇਖ ਰਿਹਾ ਸੀ। ਉਨ੍ਹਾਂ ਦੱਸਿਆ ਕਿ ਜਦੋਂ ਅਦਾਲਤ ਨੇ ਰਾਮ ਰਹੀਮ ਨੂੰ ਫ਼ੈਸਲੇ ਬਾਰੇ ਦੱਸਿਆ ਤਾਂ ਉਸ ਨੂੰ ਕੁਝ ਵੀ ਸਮਝ ਨਹੀਂ ਆਇਆ। ਇਸ ਤੋਂ ਬਾਅਦ ਜੱਜ ਨੇ ਉੱਚੀ ਆਵਾਜ਼ ’ਚ ਕਿਹਾ ਕਿ ਤੈਨੂੰ ਹੱਤਿਆ ਦੇ ਮਾਮਲੇ ’ਚ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਸਮਝ ਆਈ ਤੇ ਉਹ ਮੂੰਹ ਲਟਕਾ ਕੇ ਚੁੱਪਚਾਪ ਖੜ੍ਹਾ ਰਿਹਾ। ਖੱਟਾ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਉਸ ਦੇ ਸਾਹਮਣੇ ਹੀ ਰਾਮ ਰਹੀਮ ਨੇ ਕ੍ਰਿਸ਼ਨ ਲਾਲ, ਕੁਲਦੀਪ ਤੇ ਨਿਰਮਲ ਸਿੰਘ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਦੀ ਹੱਤਿਆ ਕਰਨ ਦਾ ਆਦੇਸ਼ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਜਦੋਂ 23 ਅਕਤੂਬਰ 2002 ਨੂੰ ਰਾਮ ਰਹੀਮ ਜਲੰਧਰ ਤੋਂ ਸਤਿਸੰਗ ਖ਼ਤਮ ਕਰਕੇ ਵਾਪਸ ਸਿਰਸਾ ਪਹੁੰਚਿਆ ਤਾਂ ਕ੍ਰਿਸ਼ਨ ਲਾਲ ਨੇ ਉਸ ਨੂੰ ਛਤਰਪਤੀ ਦਾ ਅਖ਼ਬਾਰ ਵਿਖਾਇਆ, ਜਿਸ ’ਚ ਉਸ ਨੇ ਸਾਧਵੀਆਂ ਨਾਲ ਸਰੀਰਕ ਸ਼ੋਸ਼ਣ ਦੀ ਖ਼ਬਰ ਛਾਪੀ ਸੀ। ਇਸ ਖ਼ਬਰ ਨਾਲ ਗੁੱਸੇ ’ਚ ਆ ਕੇ ਸਾਧ ਰਾਮ ਰਹੀਮ ਨੇ ਉਸ ਦੇ ਸਾਹਮਣੇ ਕ੍ਰਿਸ਼ਨ ਲਾਲ, ਕੁਲਦੀਪ ਤੇ ਨਿਰਮਲ ਨੂੰ ਆਦੇਸ਼ ਦਿੱਤਾ ਕਿ ਪੱਤਰਕਾਰ ਛਤਰਪਤੀ ਨੂੰ ਮੌਤ ਦੇ ਘਾਟ ਉਤਾਰ ਦਿਓ ਤੇ 24 ਅਕਤੂਬਰ ਨੂੰ ਕ੍ਰਿਸ਼ਨ ਲਾਲ ਦੀ ਲਾਇਸੈਂਸੀ ਰਿਵਾਲਵਰ ਨਾਲ ਗੋਲੀਆਂ ਮਾਰ ਕੇ ਛਤਰਪਤੀ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ ਤੇ ਕੁਝ ਦਿਨਾਂ ਬਾਅਦ ਹਸਪਤਾਲ ’ਚ ਉਸ ਦੀ ਮੌਤ ਹੋ ਗਈ। ਗਵਾਹ ਬਣਨ ਤੋਂ ਬਾਅਦ ਉਸ ਨੂੰ ਲਗਾਤਾਰ ਧਮਕੀਆਂ ਮਿਲਦੀਆਂ ਰਹੀਆਂ। ਸਰੀਰਕ ਸ਼ੋਸ਼ਣ ਮਾਮਲੇ ’ਚ ਖੱਟਾ ਸਿੰਘ ਨੇ ਦੁਬਾਰਾ ਗਵਾਹੀ ਕਰਵਾਉਣ ਦੀ ਅਦਾਲਤ ਨੂੰ ਅਪੀਲ ਕੀਤੀ ਤੇ ਉਸ ਦੇ ਦੁਬਾਰਾ ਗਵਾਹੀ ਦੇਣ ਕਾਰਨ ਹੀ ਸੌਦਾ ਸਾਧ ਰਾਮ ਰਹੀਮ ਨੂੰ ਸਜ਼ਾ ਮਿਲੀ।

### ਸਿਰਸਾ ਡੇਰੇ ’ਚ ਛਾਇਆ ਸੰਨਾਟਾ

ਡੇਰਾ ਸਿਰਸਾ ਮੁਖੀ ਨੂੰ ਪੰਚਕੂਲਾ ਦੀ ਅਦਾਲਤ ਵਲੋਂ ਪੱਤਰਕਾਰ ਰਾਮਚੰਦਰ ਛਤਰਪਤੀ ਮਾਮਲੇ ’ਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਸਿਰਸਾ ਸ਼ਹਿਰ ਤੇ ਹੋਰਨਾਂ ਕਸਬਿਆਂ ’ਚ ਸ਼ਾਂਤੀ ਬਣੀ ਰਹੀ। ਡੇਰਾ ਪ੍ਰੇਮੀਆਂ ਨੇ ਕਿਸੇ ਵੀ ਤਰ੍ਹਾਂ ਦੀ ਹਿੰਸਾ ਨਹੀਂ ਕੀਤੀ। ਇਸ ਦੌਰਾਨ ਡੇਰਾ ਸਿਰਸਾ ’ਚ ਸੰਨਾਟਾ ਛਾਇਆ ਰਿਹਾ। ਚੇਤੇ ਰਹੇ ਕਿ ਪਿਛਲੇ ਸਾਲ ਸਾਧਵੀ ਸਰੀਰਕ ਸ਼ੋਸ਼ਣ ਮਾਮਲੇ ’ਚ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਡੇਰਾ ਸ਼ਰਧਾਲੂਆਂ ਵਲੋਂ ਕੀਤੀ ਗਈ ਸਾੜ-ਫੂਕ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਵਲੋਂ ਇਸ ਵਾਰ ਸਖ਼ਤ ਸੁਰੱਖਿਆ ਇੰਤਜ਼ਾਮ ਕੀਤੇ ਗਏ ਸਨ। ਇਸ ਵਾਰ ਪਿਛਲੇ ਸਾਲ ਨਾਲੋਂ ਹਾਲਾਤ ਵੀ ਵੱਖਰੇ ਹਨ। ਡੇਰਾ ਸਿਰਸਾ ’ਚ ਸ਼ਰਧਾਲੂਆਂ ਦੀ ਗਿਣਤੀ ਕਾਫੀ ਘੱਟ ਹੈ।

## ਹਰਿਆਣੇ ਦੇ ਰਾਜਨੀਤਕ ਆਗੂ ਸੌਦਾ ਸਾਧ ਦੇ ਹੁਕਮ ’ਤੇ ਸਾਨੂੰ ਧਮਕਾਉਂਦੇ ਰਹੇ

***ਅੰਸ਼ੁਲ ਛਤਰਪਤੀ ਨੇ ਅਦਾਲਤ ਸਮੇਤ ਸੀਬੀਆਈ ਦਾ ਕੀਤਾ ਧੰਨਵਾਦ***

**ਸਿਰਸਾ/ਬਿਊਰੋ ਨਿਊਜ਼ :** ਪੱਤਰਕਾਰ ਰਾਮਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਅਦਾਲਤ ਦੇ ਫ਼ੈਸਲੇ ’ਤੇ ਖੁਸ਼ੀ ਜਾਹਿਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਿਤਾ ਦੇ ਹੱਤਿਆਰਿਆਂ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਅਦਾਲਤ, ਸੀਬੀਆਈ ਤੇ ਗਵਾਹਾਂ ਦਾ ਧੰਨਵਾਦ ਕਰਦਿਆਂ ਮੀਡੀਏ ਨਾਲ ਆਪਣੇ ਪਿਤਾ ਦੇ ਕਤਲ ਦੀ ਕਹਾਣੀ ਜਾਹਿਰ ਕਰਦਿਆਂ ਕਿਹਾ ਕਿ ਉਸ ਦਿਨ ਕਰਵਾ ਚੌਥ ਸੀ। ਮੇਰੀ ਮਾਂ ਨੂੰ ਅਚਾਨਕ ਮੇਰੇ ਨਾਨਕੇ

**ਬਾਕੀ ਸਫ਼ਾ 28 ’ਤੇ**

## ਮਹਿੰਦਰਪਾਲ ਬਿੱਟੂ ਸਮੇਤ ਚਾਰ ਡੇਰਾ ਪ੍ਰੇਮੀਆਂ ਦੀ ਜ਼ਮਾਨਤ ਅਰਜ਼ੀ ਰੱਦ

**ਫ਼ਰੀਦਕੋਟ/ਬਿਊਰੋ ਨਿਊਜ਼**
ਮਈ 2015 ਪਿੰਡ ਜਵਾਹਰਨ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੇ ਸਤੰਬਰ 2015 ’ਚ ਬਰਗਾੜੀ ਵਿਖੇ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਦੀ ਜਾਂਚ ਕਰ ਰਹੀ ਆਈ.ਜੀ. ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਵਲੋਂ ਗ੍ਰਿਫ਼ਤਾਰ ਕੀਤੇ ਮਹਿੰਦਰਪਾਲ ਬਿੱਟੂ ਸਮੇਤ ਚਾਰ ਡੇਰਾ ਪ੍ਰੇਮੀਆਂ ਦੀ ਸਥਾਨਕ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਏਕਤਾ ਉੱਪਲ ਵਲੋਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਵਲੋਂ ਬੇਅਦਬੀ ਮਾਮਲਿਆਂ ਦੀ ਜਾਂਚ ਦੌਰਾਨ ਮਹਿੰਦਰਪਾਲ ਬਿੱਟੂ ਦੇ ਗ੍ਰਹਿ ਵਿਖੇ ਪੜਤਾਲ ਦੌਰਾਨ ਇਤਰਾਜ਼ਯੋਗ ਹਾਲਾਤ ’ਚ ਗੁਰੂ ਨਾਨਕ ਦੇਵ ਜੀ ਦੀ ਸਾਖੀ ਤੇ ਚੱਲੇ ਕਾਰਤੂਸ ਬਰਾਮਦ ਕੀਤੇ ਸਨ, ਜਿਸ ’ਤੇ ਸਿਟੀ ਪੁਲਿਸ ਕੋਟਕਪੂਰਾ ਵਲੋਂ 13 ਜੂਨ 2018 ਨੂੰ ਮਹਿੰਦਰਪਾਲ ਬਿੱਟੂ, ਮਹਿੰਦਰ ਕੁਮਾਰ, ਸ਼ਕਤੀ ਸਿੰਘ ਤੇ ਸੁਖਜਿੰਦਰ ਸਿੰਘ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਸੀ। ਪੁਲਿਸ ਨੇ ਮਹਿੰਦਰਪਾਲ ਸਿੰਘ ਬਿੱਟੂ ਨੂੰ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ’ਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ’ਚ ਵੀ ਦੋਸ਼ੀ ਨਾਮਜ਼ਦ ਕੀਤਾ ਸੀ ? ਪੁਲਿਸ ਨੇ ਮਹਿੰਦਰਪਾਲ ਨਾਲ ਡੇਰਾ ਪ੍ਰੇਮੀ ਮਹਿੰਦਰ ਕੁਮਾਰ, ਸ਼ਕਤੀ ਸਿੰਘ ਤੇ ਸੁਖਜਿੰਦਰ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਨੇ ਇਹ ਵੀ ਦਾਅਵਾ ਕੀਤਾ ਕਿ ਫੜੇ ਗਏ ਡੇਰਾ ਪ੍ਰੇਮੀਆਂ ਨੇ ਕਥਿਤ ਤੌਰ ’ਤੇ ਬੈਂਕ ਖਾਤਿਆਂ ਰਾਹੀਂ 6 ਕਰੋੜ ਰੁਪਏ ਦਾ ਲੈਣ-ਦੇਣ ਕੀਤਾ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਡੇਰਾ ਪ੍ਰੇਮੀਆਂ ਵਿਰੁੱਧ ਅਜੇ ਤੱਕ ਜ਼ਿਲ੍ਹਾ ਪੁਲਿਸ ਵਲੋਂ ਅਦਾਲਤ ’ਚ ਦੋਸ਼ ਪੱਤਰ ਦਾਇਰ ਨਹੀਂ ਕੀਤੇ ਗਏ। ਪੁਲਿਸ ਵਲੋਂ ਅਦਾਲਤ ਨੂੰ ਪਹਿਲਾਂ ਹੀ ਜਾਣੂੰ ਕਰਵਾ ਦਿੱਤਾ ਗਿਆ ਹੈ ਕਿ ਚਲਾਨ ਪੇਸ਼ ਕਰਨ ਲਈ ਗ੍ਰਹਿ ਵਿਭਾਗ ਦੀ ਲਿਖਤੀ ਮਨਜ਼ੂਰੀ ਲੋੜੀਂਦੀ ਹੈ ਜੋ

**ਬਾਕੀ ਸਫ਼ਾ 28 ’ਤੇ**

## ਡੇਰਾ ਸੌਦਾ ਕਰਾਈਮ ਦਾ ਅੱਡਾ, ਬਾਦਲਾਂ ਦੀ ਰਾਜਨੀਤੀ ਨੂੰ ਲੈ ਬੈਠਾ ਸੌਦਾ ਸਾਧ

‘ਸੱਚਾ ਸੌਦਾ’ ਡੇਰਾ ਕਰਾਈਮ ਦਾ ਬਹੁਤ ਵੱਡਾ ਅੱਡਾ ਹੈ। ਇਹ ਵੱਖ-ਵੱਖ ਸਰਕਾਰੀ ਰਿਪੋਰਟਾਂ ਤੇ ਕੇਸਾਂ ਤੋਂ ਸਿੱਧ ਹੋ ਚੁੱਕਾ ਹੈ। ਸੌਦਾ ਸਾਧ ਨੇ ਆਪਣੇ ਸ਼ਰਧਾਲੂਆਂ ਦਾ ਲਗਾਤਾਰ ਸ਼ੋਸ਼ਣ ਕੀਤਾ। ਸੌਦਾ ਸਾਧ ਪਹਿਲਾਂ ਹੀ ਆਪਣੀਆਂ ਦੋ ਸ਼ਰਧਾਲੂ ਔਰਤਾਂ ਨਾਲ ਜਬਰ ਜਨਾਹ ਕਰਨ ਦੇ ਮਾਮਲੇ ਵਿਚ 20 ਸਾਲ ਦੀ ਸਜ਼ਾ ਭੁਗਤ ਰਿਹਾ ਹੈ। ਉਸ ਨੇ ਆਪਣੀ ਊਰਜਾ ਪੈਸਾ ਤੇ ਤਾਕਤ ਇਕੱਠੇ ਕਰਨ ਵੱਲ ਲਗਾਈ। ਭਾਵੇਂ ਕਈ ਵਾਰ ਉਹਦੇ ਤੇ ਉਸ ਦੇ ਡੇਰੇ ਬਾਰੇ ਕਈ ਕਹਾਣੀਆਂ ਸੁਣਨ ਨੂੰ ਮਿਲੀਆਂ ਪਰ ਸ਼ਰਧਾ ਤੇ ਤਾਕਤ ਦੀ ਮਿਲਵੀਂ ਸ਼ਕਤੀ ਨਾਲ ਉਨ੍ਹਾਂ ਨੂੰ ਦਬਾਅ ਦਿੱਤਾ ਗਿਆ। ਵੱਖ ਵੱਖ ਪਾਰਟੀਆਂ ਦੇ ਸਿਆਸੀ ਆਗੂ ਵੋਟਾਂ ਹਾਸਿਲ ਕਰਨ ਲਈ ਉਸ ਦੇ ਡੇਰੇ ’ਤੇ ਜਾਂਦੇ ਰਹੇ। ਏਹੀ ਨਹੀਂ, ਜਦ ਡੇਰਾ ਮੁਖੀ ਵਿਰੁੱਧ ਖੁੱਲ੍ਹੇਆਮ ਦੋਸ਼ ਲੱਗਣ ਲੱਗ ਪਏ ਤਾਂ ਵੀ ਵੱਡੇ ਵੱਡੇ ਨੇਤਾਵਾਂ ਨੇ ਡੇਰਾ ਮੁਖੀ ਦੇ ਸਾਹਮਣੇ ਜਾ ਕੇ ਸਿਰ ਝੁਕਾਇਆ ਅਤੇ ਉਸ ਤੋਂ ਸਿਆਸੀ ਸਹਾਇਤਾ ਮੰਗੀ। ਉਸ ਨਾਲ ਵਧਾਈ ਸਾਂਝ ਕਾਰਨ ਕਈ ਸਿਆਸਤਦਾਨਾਂ ਨੂੰ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਪਰ ਵੋਟਾਂ ਦਾ ਲਾਲਚ ਉਨ੍ਹਾਂ ਨੂੰ ਦੁਬਾਰਾ ਬਾਬੇ ਦੇ ‘ਦੁਆਰੇ’ ਤਕ ਲੈ ਜਾਂਦਾ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਵੀ ਉਸ ਦੇ ਜਾਲ ਵਿਚ ਫਸੇ ਰਹੇ ਤੇ ਆਪਣੀ ਸਿਆਸੀ ਸ਼ਕਤੀ ਤਬਾਹ ਕਰ ਬੈਠੇ।

- ➢ ਮਈ 2007 ਵਿਚ ਡੇਰਾ ਸਲਾਬਤਪੁਰਾ (ਬਠਿੰਡਾ) ਵਿਖੇ ਡੇਰਾ ਮੁਖੀ ਰਾਮ ਰਹੀਮ ਨੇ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਹਿਰਾਵਾ ਪਾ ਕੇ ਤੇ ਫੋਟੋ ਖਿਚਵਾ ਕੇ ਅਖ਼ਬਾਰਾਂ ’ਚ ਪ੍ਰਕਾਸ਼ਿਤ ਕਰਵਾਈ, ਜਿਸ ਕਾਰਨ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ ਕਾਰਨ ਪੰਜਾਬ ਦਾ ਮਾਹੌਲ ਖਰਾਬ ਹੋ ਗਿਆ ਸੀ।
- ➢ 13 ਮਈ 2007 ਨੂੰ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਰਾਵੇ ਦੀ ਨਕਲ ਕੀਤੇ ਜਾਣ ਦੇ ਵਿਰੋਧ ਵਿਚ ਬਠਿੰਡਾ ਵਿਖੇ ਡੇਰਾ ਮੁਖੀ ਰਾਮ ਰਹੀਮ ਦਾ ਪੁਤਲਾ ਸਾੜਿਆ, ਪ੍ਰਦਰਸ਼ਨਕਾਰੀ ਸਿੱਖਾਂ ’ਤੇ ਡੇਰਾ ਪ੍ਰੇਮੀਆਂ ਨੇ ਹਮਲਾ ਕੀਤਾ, ਜਿਸ ਤੋਂ ਬਾਅਦ 13 ਮਈ 2007 ਨੂੰ ਪੂਰੇ ਉੱਤਰ ਭਾਰਤ ਵਿਚ ਹਿੰਸਕ ਘਟਨਾਵਾਂ ਹੋਈਆਂ, ਜਿਸ ਦੇ ਚਲਦਿਆਂ ਸਿੱਖ ਤੇ ਡੇਰਾ ਪ੍ਰੇਮੀਆਂ ਵਿਚਕਾਰ ਥਾਂ-ਥਾਂ ਝੜਪਾਂ ਵੀ ਹੋਈਆਂ।
- ➢ 17 ਮਈ 2007 ਨੂੰ ਪ੍ਰਦਰਸ਼ਨ ਕਰ ਰਹੇ ਸਿੱਖਾਂ ’ਤੇ ਸੁਨਾਮ ਵਿਖੇ ਡੇਰਾ ਪ੍ਰੇਮੀ ਨੇ ਗੋਲੀ ਚਲਾਈ, ਜਿਸ ਵਿਚ ਕਮਲਜੀਤ ਸਿੰਘ ਦੀ ਮੌਤ ਹੋ ਗਈ, ਜਿਸ ਉਪਰੰਤ ਸਿੱਖ ਜਥੇਬੰਦੀਆਂ ਨੇ ਡੇਰਾ ਮੁਖੀ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਅੰਦੋਲਨ ਕੀਤੇ ਤੇ ਪੰਜਾਬ ਵਿਚ ਡੇਰਾ ਮੁਖੀ ਦੇ ਜਾਣ ’ਤੇ ਪਾਬੰਦੀ ਲੱਗੀ।
- ➢ 18 ਜੂਨ 2007 ਨੂੰ ਬਠਿੰਡਾ ਦੀ ਅਦਾਲਤ ਨੇ ਰਾਜਿੰਦਰ ਸਿੰਘ ਸਿੱਧੂ ਦੀ ਅਰਜ਼ੀ ’ਤੇ ਡੇਰਾ ਮੁਖੀ ਦੇ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ।
- ➢ 24 ਜੁਲਾਈ 2007 ਨੂੰ ਪਿੰਡ ਮੱਲੇਵਾਲਾ ਵਿਖੇ ਨਾਮ ਚਰਚਾ ਕਰਨ ’ਤੇ ਵਿਵਾਦ ਖੜ੍ਹਾ ਹੋ ਗਿਆ, ਜਿਸ ਵਿਚ ਇਕ ਡੇਰਾ ਪ੍ਰੇਮੀ ਨੇ ਆਪਣੀ ਬੰਦੂਕ ਨਾਲ ਫਾਇਰ ਕਰਕੇ ਤਿੰਨ ਪੁਲਿਸ ਕਰਮਚਾਰੀਆਂ ਸਮੇਤ ਅੱਠ ਸਿੱਖਾਂ ਨੂੰ ਜ਼ਖ਼ਮੀ ਕਰ ਦਿੱਤਾ, ਜਿਸ ਕਾਰਨ ਮਾਹੌਲ ਮੁੜ ਤਣਾਅਪੂਰਨ ਹੋ ਗਿਆ।
- ➢ 31 ਜੁਲਾਈ 2007 ਨੂੰ ਸੀ. ਬੀ. ਆਈ. ਨੇ ਹੱਤਿਆ ਮਾਮਲਿਆਂ ਤੇ ਸਾਧਵੀ ਸਰੀਰਕ ਸ਼ੋਸ਼ਣ ਮਾਮਲੇ ਵਿਚ ਜਾਂਚ ਪੂਰੀ ਕਰਕੇ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ ਅਤੇ ਸੀ. ਬੀ. ਆਈ. ਨੇ ਤਿੰਨਾਂ ਮਾਮਲਿਆਂ ਵਿਚ ਡੇਰਾ ਮੁਖੀ ਨੂੰ ਦੋਸ਼ੀ ਬਣਾਇਆ।

### ਕੌਣ ਹਨ ਸਜ਼ਾ ਸੁਣਾਉਣ ਵਾਲੇ ਜੱਜ ਜਗਦੀਪ ਸਿੰਘ

**ਸਿਰਸਾ**-ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਦੂਜੀ ਵਾਰ ਸਜ਼ਾ ਸੁਣਾਉਣ ਵਾਲੇ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਦੇ ਜੱਜ ਜਗਦੀਪ ਸਿੰਘ ਕਰੀਬ ਤਿੰਨ ਸਾਲ ਪਹਿਲਾਂ ਉਸ ਸਮੇਂ ਚਰਚਾ ਵਿਚ ਆਏ ਸਨ, ਜਦੋਂ ਜੱਜ ਜਗਦੀਪ ਸਿੰਘ ਨੇ ਸੜਕ ’ਤੇ ਪਏ ਜ਼ਖ਼ਮੀਆਂ ਨੂੰ ਆਪਣੀ ਗੱਡੀ ਵਿਚ ਹਸਪਤਾਲ ਪਹੁੰਚਾਇਆ ਸੀ। ਜੱਜ ਜਗਦੀਪ ਸਿੰਘ ਮੂਲ ਰੂਪ ਵਿਚ ਹਰਿਆਣਾ ਦੇ ਜੀਂਦ ਜ਼ਿਲ੍ਹਾ ਦੇ ਪਿੰਡ ਰਾਜਪੁਰਾ ਭੈਣ ਦੇ ਵਾਸੀ ਹਨ ਤੇ ਉਹ ਸਾਲ 2017 ਵਿਚ ਉਸ ਸਮੇਂ ਅੰਤਰਰਾਸ਼ਟਰੀ ਪੱਧਰ ’ਤੇ ਚਰਚਾ



ਵਿਚ ਆਏ ਜਦੋਂ ਉਨ੍ਹਾਂ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਸਾਧਵੀ ਸਰੀਰਕ ਸ਼ੋਸ਼ਣ ਮਾਮਲੇ ਵਿਚ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਸੁਣਾਈ ਸੀ। ਦੱਸਣਯੋਗ ਹੈ ਕਿ ਜੱਜ ਜਗਦੀਪ ਸਿੰਘ ਏ. ਡੀ. ਜੀ. ਪੱਧਰ ਦੇ ਨਿਆਂਇਕ ਅਧਿਕਾਰੀ ਹਨ ਤੇ ਉਹ 2012 ਵਿਚ ਨਿਆਇਕ ਸੇਵਾ ਵਿਚ ਆਏ ਸਨ। ਇਸ ਤੋਂ ਪਹਿਲਾਂ ਜੱਜ ਜਗਦੀਪ ਸਿੰਘ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕ੍ਰਿਮੀਨਲ ਮਾਮਲਿਆਂ ਦੇ ਵਕੀਲ ਦੇ ਰੂਪ ਵਿਚ ਵੀ ਸੇਵਾ ਨਿਭਾਅ ਚੁੱਕੇ ਹਨ।

# ਬਿਕਰਮੀ ਵਾਲਿਉ ਅਕਲ ਨੂੰ ਹੱਥ ਮਾਰੋ !

**ਇਕਬਾਲ ਸਿੰਘ ਫਰੀਮੌਂਟ**

ਮੈਨੂੰ ਬੜੀ ਖ਼ੁਸ਼ੀ ਹੋਈ ਸੀ, ਜਦੋਂ ਪਤਾ ਲੱਗਿਆ ਕਿ ਫਰੀਮੌਂਟ ਵਿਚ ਬਿਕਰਮੀ ਕੈਲੰਡਰ ਜਾਰੀ ਹੋ ਗਿਆ ਹੈ। ਭਾਵੇਂ ਕੈਲੰਡਰ ਲਿਆਉਣ ਦਾ ਢੰਗ ਬੇਹੱਦ ਬੇਹੂਦਾ ਸੀਪਰ ਫਿਰ ਵੀ ਮੈਂ ਖ਼ੁਸ਼ ਸਾਂ; ਕਿਉਂ ਭਲਾਂ ? ਲਓ, ਮੇਰੀ ਖ਼ੁਸ਼ੀ ਦਾ ਕਾਰਨ ਹੀ ਜਾਣ ਲਓ ਪਹਿਲਾਂ !

ਸਾਡੇ 'ਤੇ ਤਨਜ਼ ਕੱਸਣ ਵਾਲ਼ਿਆਂ ਦਾ ਕਹਿਣਾ ਹੈ ਕਿ ਹਿੰਦੂ ਸੌ ਸਾਲ ਅੱਗੇ ਸੋਚਦੇ ਨੇ, ਮੁਸਲਮਾਨ ਮੌਕੇ 'ਤੇ ਫੈਸਲਾ ਲੈ ਲੈਂਦੇ ਨੇ ਤੇ ਸਿੱਖ ਮੌਕਾ ਲੰਘੇ ਤੋਂ ਦਸ ਸਾਲ ਬਾਅਦ ਪਛਤਾਉਣਾ ਸ਼ੁਰੂ ਕਰਦੇ ਨੇ। ਸੋ ਇਸੇ ਤਰ੍ਹਾਂ ਨਾਨਕਸ਼ਾਹੀ ਕੈਲੰਡਰ ਦੇ ਦੂਰ-ਰਸ ਪ੍ਰਭਾਵ ਨੂੰ ਭਾਂਪਦੇ ਹੋਏ ਸਭ ਤੋਂ ਪਹਿਲਾਂ ਵਿਰੋਧ ਸਿਰਫ਼ ਆਰ.ਐੱਸ.ਐੱਸ. ਦੇ ਮੋਹਨ ਭਾਗਵਤ ਨੇ ਕੀਤਾ ਸੀ।

ਭਾਗਵਤ ਦਾ ਵਿਰੋਧ ਜਾਇਜ਼ ਵੀ ਸੀ, ਕਿਉਂਕਿ ਇਸ ਕੈਲੰਡਰ ਨੇ ਆਉਣ ਸਾਰ ਹੀ ਪੰਜਾਬ ਸਰਕਾਰ ਦੀਆਂ ਦੇਸੀ ਤਾਰੀਖ਼ਾਂ ਤਕ ਬਾਕੀ ਭਾਰਤ ਨਾਲ਼ੋਂ ਵੱਖ ਕਰ ਦਿੱਤੀਆਂ ਸਨ। ਭਾਰਤ ਸਰਕਾਰ ਦੀਆਂ ਜੋ ਇੱਕ-ਦੋ ਛੁੱਟੀਆਂ ਸਿੱਖ ਦਿਹਾੜਿਆਂ ਦੀਆਂ ਸਨ, ਉਹ ਵੀ ਉਹਨਾਂ ਨੂੰ ਮਜਬੂਰਨ ਇਸੇ ਕੈਲੰਡਰ ਮੁਤਾਬਕ ਕਰਨੀਆਂ ਪਈਆਂ ਤੇ ਸਮਾਂ ਪਾ ਕੇ ਜੋ ਜੋ ਇਸ ਵੱਖਰੇ ਕੈਲੰਡਰ ਦੀ ਵਜ੍ਹਾ ਨਾਲ ਵਾਪਰਨਾ ਸੀ, ਉਹ ਸੌ ਸਾਲ ਅੱਗੇ ਦੇਖਣ ਵਾਲੇ ਦੀ ਸਮਝ ਵਿਚ ਆ ਗਿਆ।

ਅਗਲਿਆਂ ਨੇ ਆਪਣੀ ਪੂਰੀ ਤਾਕਤ ਝੋਕ ਦਿੱਤੀ ਤੇ ਜਦ ਤਕ ਸੁਖਬੀਰ ਬਾਦਲ ਦੇ ਹੁਕਮ ਨਾਲ ਕੈਲੰਡਰ ਰੱਦ ਨਾ ਹੋ ਗਿਆ, ਚੁੱਪ ਨਹੀਂ ਬੈਠੇ ਅਗਲੇ... ਅਜੇ ਵੀ ਉਹਨਾਂ ਦੇ ਹਾਸ-ਰਸ ਕਲਾਕਾਰ ਤਾਰਾ-ਵਿਗਿਆਨੀ ਬਣਕੇ ਪੂਰੀ ਸਰਗਰਮੀ ਨਾਲ ਵਿਚਰ ਰਹੇ ਨੇ। ਆਰ. ਐੱਸ.ਐੱਸ. ਦੀ ਆਪਣੀ ਮਾਰਕੀਟਿੰਗ ਜਿਉਂ-ਜਿਉਂ ਵਧਦੀ ਗਈ, ਉਸੇ ਰਫ਼ਤਾਰ ਨਾਲ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀਆਂ ਦੀ ਗਿਣਤੀ ਵੀ ਵਧਣ ਲੱਗੀ ਪਰ ਕੋਈ ਬਿਕਰਮੀ ਕੈਲੰਡਰ ਨੂੰ ਮੰਨਣ ਵਾਲਾ ਨਹੀਂ ਸੀ ਮਿਲਿਆ, ਮਿਲਣਾ ਤਾਂ ਕਿੱਥੋਂ ਸੀ ਕੋਈ ਦੂਰ ਦੁਰਾਡੇ ਵੀ ਨਹੀਂ ਸੁਣਿਆ ਅਜੇ ਤਕ, ਹਾਂ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਇੱਟ ਚੁੱਕੀ ਤੇ ਮਿਲ ਜਾਂਦੇ ਨੇ, ਜਾਂ ਇੰਝ ਕਹਿ ਲਓ ਹੱਥਾਂ ਵਿਚ ਇੱਟਾਂ ਚੁੱਕੀ ਫਿਰਦੇ ਨੇ।

ਤੇ ਮੇਰੇ ਖਿਆਲ ਵਿਚ ਬੰਦੇ ਨੂੰ ਹਮੇਸ਼ਾ ਉਹ ਹੀ ਅਪਣਾਉਣਾ ਚਾਹੀਦਾ ਹੈ, ਜੋ ਉਹ ਪੂਰੀ ਤਰ੍ਹਾਂ ਆਪਣੀ ਜ਼ਿੰਦਗੀ ਦੇ ਹਰ ਪਹਿਲੂ ਵਿਚ ਲਾਗੂ ਕਰ ਸਕੇ। ਬੈਂਗਣਾਂ ਦੀ ਸਬਜ਼ੀ ਵਿਚੋਂ ਆਲੂ ਖਾਣ ਤੇ ਗੋਭੀ ਦੀ ਸਬਜ਼ੀ ਵਿਚੋਂ ਆਲੂ ਛੱਡਣ ਵਾਲੀ ਬਿਰਤੀ ਨਹੀਂ ਹੋਣੀ ਚਾਹੀਦੀ। ਵਦੀਆਂ-ਸੁਦੀਆਂ ਨੂੰ ਸਿਰਫ ਗੁਰੂ ਸਾਹਿਬਾਨ ਨਾਲ ਹੀ ਨਹੀਂ ਬੰਨ੍ਹ ਦੇਣਾ ਚਾਹੀਦਾ, ਬਿਕਰਮੀ ਕੈਲੰਡਰ ਨੂੰ ਮੰਨਣ ਵਾਲ਼ਿਆਂ ਨੂੰ, ਸਗੋਂ ਮੌਜੂਦਾ ਸਿੱਖ ਇਤਿਹਾਸ ਅਤੇ ਆਪਣੇ ਪਰਿਵਾਰਕ ਸਮਾਗਮ 'ਤੇ ਸੱਦਾ ਪੱਤਰ ਵੀ ਫਿਰ ਵਦੀਆਂ-ਸੁਦੀਆਂ ਵਿਚ ਹੀ ਕਰਨੇ ਚਾਹੀਦੇ ਨੇ। ਗੁਰੂਆਂ ਦੇ ਪ੍ਰਕਾਸ਼ ਦਿਹਾੜੇ ਵਦੀਆਂ-ਸੁਦੀਆਂ ਵਿਚ ਮਨਾਉਣ ਵਾਲ਼ਿਆਂ ਨੂੰ ਆਪਣੇ ਤੇ ਆਪਣੇ ਬੱਚਿਆਂ ਦੇ ਜਨਮ ਦਿਨ ਵਦੀਆਂ-ਸੁਦੀਆਂ ਵਿਚ ਮਨਾਉਂਦੇ ਹੋਏ ਝਿਜਕਣਾ ਨਹੀਂ ਚਾਹੀਦਾ।

ਮੈਨੂੰ ਆਸ ਸੀ ਕਿ ਨੇੜੇ-ਤੇੜੇ ਘੱਟੋ-ਘੱਟ ਇੱਕ ਪਰਿਵਾਰ ਜ਼ਰੂਰ ਹੋਵੇਗਾ ਜੋ ਆਪਣੇ ਸਾਰੇ ਦਿਨ-ਤਿਉਹਾਰ ਬਿਕਰਮੀ ਕੈਲੰਡਰ ਦੀਆਂ ਵਦੀਆਂ-ਸੁਦੀਆਂ ਮੁਤਾਬਕ ਮਨਾਉਂਦਾ ਹੋਵੇਗਾ... ਮੈਂ ਤਾਂ ਕਿਸੇ ਪਰਿਵਾਰ ਵੱਲੋਂ ਨਿਰੋਲ ਵਦੀਆਂ-ਸੁਦੀਆਂ ਵਾਲੇ ਵਿਆਹ/ਜਨਮ ਦਿਨ ਦੇ ਸੱਦਾ-ਪੱਤਰ ਦੀ ਆਸ ਵੀ ਕਾਫ਼ੀ ਦੇਰ ਰੱਖੀ ਬੈਠਾ ਰਿਹਾ, ਜਿਸ ਵਿਚ ਈਸਵੀ ਸੰਮਤ ਦਾ ਜ਼ਿਕਰ ਤਕ ਨਾ ਹੋਵੇਪਰ ਹੁਣ ਤਾਂ ਗੁਰਮੁਖੀ ਵਿਚ ਵੀ ਸੱਦਾ-ਪੱਤਰ ਕੋਈ ਟਾਂਵਾ-ਟਾਂਵਾ ਹੀ ਦਿੰਦਾ ਹੈ। ਉਹਦੇ ਵਿਚ ਵੀ ਹਿੰਦਸੇ ਰੋਮਨ ਹੀ ਹੁੰਦੇ ਨੇ, ਨਿਰੋਲ ਵਦੀਆਂ-ਸੁਦੀਆਂ ਵਾਲਾ ਸੱਦਾ ਪੱਤਰ ਤਾਂ ਨਾਨਕਸ਼ਾਹੀ ਕੈਲੰਡਰ ਦਾ ਕੱਟੜ ਤੋਂ ਕੱਟੜ ਵਿਰੋਧੀ ਵੀ ਨਹੀਂ ਭੇਜ ਸਕਦਾ।

ਫਿਰ ਸੋਚਿਆ ਕਿ ਚਲੋ ਜੇ ਕੋਈ ਪੂਰਾ ਪਰਿਵਾਰ ਨਹੀਂ ਹੈ ਵਦੀਆਂ-ਸੁਦੀਆਂ ਨੂੰ ਮੰਨਣ ਵਾਲਾ, ਕੋਈ ਇੱਕ ਬੰਦਾ ਜ਼ਰੂਰ ਹੋਵੇਗਾ, ਪੁਰਾਤਨ ਤਾਰੀਖ਼ਾਂ ਨਾਲ ਸਮੇਂ ਦਾ ਹਿਸਾਬ ਰੱਖਣ ਵਾਲਾ ਪਰ ਫਿਰ ਵੀ ਨਿਰਾਸ਼ਾ ਹੀ ਪੱਲੇ ਪਈ। ਅਜਿਹਾ ਬੰਦਾ ਤਾਂ ਫੇਸਬੁੱਕ 'ਤੇ ਵੀ ਮੌਜੂਦ ਨਹੀਂ ਸੀ, ਇੱਥੇ ਵੀ ਨਾਨਕਸ਼ਾਹੀ ਕੈਲੰਡਰ ਵਿਰੁੱਧ ਬੋਲਣ ਵਾਲੇ ਈਸਵੀ ਸੰਮਤ ਦੀਆਂ ਤਾਰੀਖ਼ਾਂ ਨੂੰ ਹੀ ਆਪਣੀ ਬਹਿਸ ਵਿਚ ਵਰਤਦੇ ਹਨ, ਵਦੀਆਂ-ਸੁਦੀਆਂ ਬਾਰੇ ਕੱਖ ਨੀਂ ਪਤਾ ਉਨ੍ਹਾਂ ਨੂੰ ਵੀ।

ਸੋ ਇਹ ਕੈਲੰਡਰ ਜਾਰੀ ਹੋਣ 'ਤੇ ਇਸ ਲਈ ਖ਼ੁਸ਼ੀ ਹੋਈ ਕਿ ਚਲੋ ਜਿਹੜੇ ਵਿਚਾਰੇ ਨਾਨਕਸ਼ਾਹੀ ਕੈਲੰਡਰ ਬਾਰੇ ਬੇਸਿਰ-ਪੈਰ ਗੱਲਾਂ ਕਰਦੇ ਰਹਿੰਦੇ ਨੇ, ਉਹ ਤਾਂ ਘੱਟੋ-ਘੱਟ ਆਪਣੇ ਪਰਿਵਾਰਕ ਦਿਨ-ਤਿਉਹਾਰ ਵਦੀਆਂ-ਸੁਦੀਆਂ ਮੁਤਾਬਕ ਮਨਾਉਣੇ ਸ਼ੁਰੂ ਕਰ ਦੇਣਗੇ...। ਕਈ ਦਿਨਾਂ ਮਗਰੋਂ ਕਿਸੇ ਤੋਂ ਕਹਿ ਕਹਾ ਕੇ ਮਸਾਂ ਕੈਲੰਡਰ ਪ੍ਰਾਪਤ ਕੀਤਾ ਕਿਉਂਕਿ ਮੈਨੂੰ ਗੁਰਦੁਆਰਾ ਸਾਹਿਬ ਤੋਂ ਤਾਂ ਕਿਤੇ ਲੱਭਿਆ ਨਹੀਂ ਸੀ ਕੈਲੰਡਰ ਫੜਕੇ ਝੰਡੇ ਅਮਲੀ ਵਾਲਾ ਟੋਟਕਾ ਚੇਤੇ ਆ ਗਿਆ ਕਿ ਕਹਿ ਕੇ rice, ਪਾ ਦਿੱਤੇ ਚੌਲ।

ਕਹਿੰਦੇ ਪਿੰਡ ਦਾ ਪਤਾ ਗੁਹਾਰਿਆਂ ਤੋਂ ਅਤੇ ਘਰ ਦੇ ਭਾਗ ਦੇਹਲ਼ੀ ਤੋਂ ਹੀ ਪਤਾ ਲੱਗ ਜਾਂਦੇ ਨੇ। ਕੈਲੰਡਰ ਦੇ ਸ਼ੁਰੂ ਵਿਚ ਹੀ ਦਸ ਗੁਰੂ ਸਾਹਿਬਾਨ ਨਾਲ ਸਬੰਧਤ ਤਾਰੀਖ਼ਾਂ ਵਿਚ ਜੂਲੀਅਨ ਕੈਲੰਡਰ ਵਾਲ਼ੀਆਂ ਤਾਰੀਖ਼ਾਂ ਦਾ ਜ਼ਿਕਰ ਤਾਂ ਹੈ ਪਰ ਪਤਾ ਨਹੀਂ ਕੀ ਮਜਬੂਰੀ ਸੀ ਕਿ ਬਿਕਰਮੀ ਸੰਮਤ ਦੀਆਂ ਵਦੀਆਂ-ਸੁਦੀਆਂ ਵਾਲ਼ੀਆਂ ਤਾਰੀਖ਼ਾਂ ਗਾਇਬ ਹਨ ਤੇ ਉਸ ਤੋਂ ਵੀ ਹੈਰਾਨਕੁੰਨ ਗੱਲ ਕਿ ਜਿਸ ਨੂੰ ਨਿੱਤ ਨਾਸਤਿਕ-ਨਾਸਤਿਕ ਕਹਿਕੇ ਨਿੰਦਦੇ ਰਹਿੰਦੇ ਨੇ, ਉਸੇ ਪੁਰੇਵਾਲ ਦੇ ਨਾਨਕਸ਼ਾਹੀ ਕੈਲੰਡਰ ਦੀਆਂ ਤਾਰੀਖ਼ਾਂ ਦਾ ਉਚੇਚਾ ਜ਼ਿਕਰ ਕੀਤਾ ਗਿਆ ਹੈ। ਸਗੋਂ ਹੋਰ ਅੱਗੇ ਜਾਂਦੇ ਹੋਏ ਪੁਰੇਵਾਲ ਵੱਲੋਂ ਬਣਾਏ ਸਭ ਤੋਂ ਪਹਿਲੇ ਕੈਲੰਡਰ ਨੂੰ ਹੀ ਪ੍ਰਵਾਨਗੀ ਦਿੰਦੇ ਹੋਏ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ 15 ਅਪ੍ਰੈਲ ਲਿਖਿਆ ਗਿਆ ਹੈ ਤੇ ਸੰਨ1816 ਈਸਵੀ ਤੋਂ ਸਿੱਖ ਪੰਥ ਵਿਚ ਪ੍ਰਕਾਸ਼ ਦਿਹਾੜੇ ਵਜੋਂ ਮਨਾਈ ਜਾ ਰਹੀ ਕੱਤਕ ਦੀ ਪੂਰਨਮਾਸ਼ੀ ਦੀ ਦਰਜ ਜੂਲੀਅਨ ਤਾਰੀਖ਼ ਨੂੰ ਮਿਥੀ ਹੋਈ (observed) ਹੀ ਲਿਖਿਆ ਪਿਆ ਹੈ,ਸਦਕੇ !

"ਨਾਸਤਿਕ-ਨਾਸਤਿਕ ਕਰਦੇ ਜੀ ਅਸੀਂ ਆਪੇ ਨਾਸਤਿਕ ਹੋਏ।"

ਬਾਕੀ ਕੈਲੰਡਰ ਵੀ ਕਿਸੇ ਪਾਸਿਓਂ ਬਿਕਰਮੀ ਨਹੀਂ ਹੈ, ਦੂਰ-ਦੂਰ ਤਕ ਬਿਕਰਮੀ ਕੈਲੰਡਰ ਦਾ ਪਰਛਾਵਾਂ ਵੀ ਨਹੀਂ ਇਸ ਕੈਲੰਡਰ 'ਤੇ, ਕਿਸੇ ਵੀ ਤਾਰੀਖ਼ ਨਾਲ ਵਦੀ-ਸੁਦੀ ਵਾਲ਼ੀਆਂ ਤਿੱਥਾਂ ਦਾ ਜ਼ਿਕਰ ਤੱਕ ਨਹੀਂ ਹੈ, ਵਦੀਆਂ-ਸੁਦੀਆਂ ਛੱਡੋ ਚੇਤ ਤੋਂ ਫੱਗਣ ਤੱਕ ਦੇਸੀ ਮਹੀਨਿਆਂ ਦੀ ਵੀ ਕਿਸੇ ਤਾਰੀਖ਼ ਦਾ ਜ਼ਿਕਰ ਨਹੀਂ ਹੈ। ਇਹਦੇ ਨਾਲ਼ੋਂ ਤਾਂ ਗੁਰਦੁਆਰਾ ਸਾਹਿਬ ਵੱਲੋਂ ਛਾਪਿਆ ਕੈਲੰਡਰ ਹੀ ਨਾਨਕਸ਼ਾਹੀ ਦੇਸੀ ਤਾਰੀਖਾਂ ਵਧੀਆ ਦੱਸ ਰਿਹਾ ਹੈ।

ਸਾਲ 2019 ਦੀਆਂ 12 ਸੰਗਰਾਂਦਾਂ ਵਿਚੋਂ ਪੰਜ ਵੈਸੇ ਹੀ ਨਾਨਕਸ਼ਾਹੀ ਤੇ ਬਿਕਰਮੀ ਦੋਹਾਂ ਮੁਤਾਬਕ ਇੱਕੋ ਦਿਨ ਆਉਂਦੀਆਂ ਨੇ, ਮਤਲਬ 42 ਫੀਸਦੀ ਸਮਾਨਤਾ ਹੈ, ਸੰਗਰਾਂਦਾਂ ਦੇ ਮਾਮਲੇ ਵਿਚ ਦੋਵਾਂ ਕੈਲੰਡਰਾਂ ਦੀ।

ਮੈਂ ਮੋਟੀ ਜਿਹੀ ਨਜ਼ਰ ਮਾਰ ਕੇ ਵੇਖਿਆ ਕਿ ਇਸ ਨਾਮ ਨਿਹਾਦ ਬਿਕਰਮੀ ਕੈਲੰਡਰ ਵਿਚ 78 ਤਾਰੀਖ਼ਾਂ ਵਿਚ ਸਿੱਖ ਇਤਿਹਾਸਕ ਦਿਹਾੜੇ ਆਉਂਦੇ ਨੇ, ਕਈ ਤਾਰੀਖ਼ਾਂ ਵਿਚ ਇਕ ਤੋਂ ਵੱਧ ਦਿਹਾੜੇ ਵੀ ਹਨ।ਇਹਨਾਂ 78 ਦਿਹਾੜਿਆਂ ਵਿਚੋਂ 23 ਦਿਹਾੜੇ ਮਤਲਬ 30 ਫੀਸਦੀ ਈਸਵੀ ਸੰਮਤ ਦੇ ਮੁਤਾਬਕ ਹੀ ਦਰਜ ਕੀਤੇ ਹੋਏ ਨੇ। ਇੱਥੋਂ ਤੱਕ ਕਿ ਸੰਤ ਜਰਨੈਲ ਸਿੰਘ ਜੀ ਦੀ ਸ਼ਹੀਦੀ ਜੋ ਕਿ ਬਿਕਰਮੀ ਕੈਲੰਡਰ ਮੁਤਾਬਕ ਜੇਠ ਸੁਦੀ ੭ ਨੂੰ ਹੋਈ ਸੀ, ਇਸ (so called) ਬਿਕਰਮੀ ਕੈਲੰਡਰ ਵਿਚ ਜੇਠ ਸੁਦੀ ੭ ਦੀ ਥਾਂ ਈਸਵੀ ਤਾਰੀਖ਼ 6 ਜੂਨ ਨੂੰ ਹੀ ਲਿਖੀ ਪਈ ਹੈ, ਜਦਕਿ ਜੇਠ ਸੁਦੀ ੭, ਇਸ ਸਾਲ ਸਾਡੇ ਸਥਾਨਕ ਸਮੇਂ ਅਨੁਸਾਰ 10 ਜੂਨ ਨੂੰ ਹੈ। ਕਹਿ ਕੇ ਜਲ, ਪਾ ਦਿੱਤਾ ਪਾਣੀ,ਚਲੋ ਜੀ !

ਇਸ ਤੋਂ ਅੱਗੇ ਦਰਬਾਰ ਸਾਹਿਬ 'ਤੇ ਹਮਲੇ ਦਾ ਸਾਲ ਵੀ ਬਿਕਰਮੀ ਸੰਮਤ ੨੦੪੧ ਦੀ ਥਾਂ ਈਸਵੀ ਸੰਮਤ 1984 ਹੀ ਲਿਖ ਦਿੱਤਾ (ਸ਼ੁਕਰ ਆ ਈਸਵੀ ਵੀ ਲਿਖ ਦਿੱਤਾ, ਕੈਲੰਡਰ ਜਾਰੀ ਕਰਨ ਵਾਲ਼ਿਆਂ ਵਿਚ ਸੰਤਾਂ ਨੂੰ ਚਿੱਟੇ ਦਿਨ ਸ਼ਰੇਆਮ ਮੰਦਾ ਬੋਲਣ ਵਾਲ਼ੀਆਂ ਸਖਸ਼ੀਅਤਾਂ ਹਾਜ਼ਰ ਹੋਣ ਕਰਕੇ ਵੈਸੇ ਇੰਨੇ ਦੀ ਵੀ ਆਸ ਨਹੀਂ ਸੀ)।23 ਇਤਿਹਾਸਕ ਦਿਹਾੜੇ ਤਾਂ ਸਿੱਧੇ ਹੀ ਈਸਵੀ ਤਾਰੀਖ਼ਾਂ ਨਾਲ ਝਟਕਾ ਦਿੱਤੇ ਤੇ ਨਾਮ ਰੱਖ ਦਿੱਤਾ ਬਿਕਰਮੀ।

ਅੱਗੇ ਸੁਣੋ ! ਬਾਕੀ ਬਚੇ 55 ਦਿਹਾੜਿਆਂ ਵਿਚੋਂ 16 ਮਤਲਬ 29 ਫੀਸਦੀ ਦਿਹਾੜੇ ਪਤਾ ਕਿੱਥੋਂ ਕਾਪੀ-ਚੇਪੀ ਕੀਤੇ ਗਏ ਹਨ, ਇਸ ਬਿਕਰਮੀ ਕੈਲੰਡਰ ਵਿਚ ? ਤੁਸੀਂ ਸੋਚ ਵੀ ਨਹੀਂ ਸਕਦੇ ਕਿ ਇਹ 16 ਦਿਹਾੜੇ (29 ਫੀਸਦੀ) ਉਸ ਕੈਲੰਡਰ ਵਿਚੋਂ ਚੁੱਕੇ ਹਨ ਜਿਸ ਦੇ ਕਰਤਾ ਨੂੰ ਬਿਕਰਮੀ ਕੈਲੰਡਰ ਦੇ ਹਮਾਇਤੀ ਕਾਮਰੇਡ ਤੇ ਨਾਸਤਿਕ ਵਾਲੇ ਲਕਬ ਨਾਲ ਸੰਬੋਧਨ ਕਰਦੇ ਹਨ...। ਜੀ ਹਾਂ ! 16 ਦਿਹਾੜੇ ਸ. ਪਾਲ ਸਿੰਘ ਪੁਰੇਵਾਲ ਦੇ ਨਾਨਕਸ਼ਾਹੀ ਕੈਲੰਡਰ ਵਿਚੋਂ ਹੂਬਹੂ, ਇੰਨ-ਬਿੰਨ ਚੁੱਕ ਕੇ ਚੇਪ ਦਿੱਤੇ, ਪਤਾ ਨਹੀਂ ਇਹ 16 ਦਿਹਾੜੇ ਬਿਕਰਮੀ ਤਾਰੀਖ਼ਾਂ ਅਨੁਸਾਰ ਦਰਜ ਕਰਨ ਲਈ ਕੀ ਮੁਸ਼ਕਲ ਸੀ ? ਲਗਦਾ ਇੰਝ ਬਿਕਰਮੀ ਕੈਲੰਡਰ ਨੂੰ ਕਾਮਰੇਡੀ ਤੜਕਾ ਲਾ ਕੇਸੁਆਦਲਾ ਬਣਾਇਆ ਗਿਆ ਹੈਪਰ 29 ਫੀਸਦੀ ਤਾਂ ਤੜਕੇ ਲਈ ਜ਼ਿਆਦਾ ਹੋ ਗਿਆ। ਝੰਡੇ ਅਤੇ ਪੇਂਡੂ ਨੇ ਤਾਂ ਪੈ ਜਾਣਾ ਸੀ ਪਿੱਛੇ, ਬਈ ਕਹਿਕੇ ਬਿਕਰਮੀ,ਛਾਪਤਾ ਓਹੀ ਕਾਮਰੇਡੀ ਈਸਵੀ ਕੈਲੰਡਰ !

ਸਮੁੱਚੇ ਕੈਲੰਡਰ ਵਿਚੋਂ ਭਗਤ ਕਬੀਰ, ਭਗਤ ਰਵਿਦਾਸ, ਭਗਤ ਧੰਨਾ ਜੀ ਸਮੇਤ ਸਾਰੇ ਭਗਤਾਂ ਦੇ ਜਨਮ ਦਿਹਾੜੇ ਵੀ ਗਾਇਬ ਕਰ ਦਿੱਤੇ ਗਏ ਨੇ, ਹਾਲਾਂਕਿ ਬਿਕਰਮੀ ਕੈਲੰਡਰ ਮੁਤਾਬਕ ਭਗਤਾਂ ਦੇ ਦਿਹਾੜੇ ਦਰਜ ਕਰਨੇ ਬੇਹੱਦ ਸੌਖੇ ਹੁੰਦੇ ਨੇ, ਕਿਉਂਕਿ ਬਿਕਰਮੀ ਕੈਲੰਡਰ ਅਨੁਸਾਰ ਹਿੰਦੁਸਤਾਨ ਵਿਚ ਤਕਰੀਬਨ-ਤਕਰੀਬਨ ਹਰ ਮਹਾਂਪੁਰਸ਼ ਸਿਰਫ ਪੂਰਨਮਾਸ਼ੀ ਨੂੰ ਹੀ ਪੈਦਾ ਹੁੰਦਾ ਹੈ। ਪਰ ਇਸ ਕੈਲੰਡਰ ਵਿਚ ਪੂਰਨਮਾਸ਼ੀ ਵਾਲੇ ਜਨਮ ਦਿਹਾੜਿਆਂ ਨੂੰ ਵੀ ਦਰਜ ਕਰਨਾ ਔਖਾ ਲੱਗਿਆ ਜਾਂ ਸ਼ਾਇਦ ਇਸ ਕੈਲੰਡਰ ਦੇ ਕਰਤਾ ਨੂੰ ਭਗਤਾਂ ਨਾਲ ਹੀ ਕੋਈ ਅਲਰਜ਼ੀ ਹੋਵੇ ਜਾਂ ਅਗਲਿਆਂ ਨੂੰ ਆਪਣੇ ਹਰ ਵਿਰੋਧੀ ਵਿਚਾਰਾਂ ਵਾਲੇ ਵਾਂਗ ਭਗਤ ਵੀਕਾਮਰੇਡਹੀ ਲੱਗਦੇ ਹੋਣ।

ਕਈ ਵਾਰ ਝਾੜ ਕੇ ਵੀ ਸਾਰੇ ਕੈਲੰਡਰ ਵਿਚੋਂ ਕਿਤੋਂ ਬਿਕਰਮੀ ਸੰਮਤ ਦਾ ਜ਼ਿਕਰ ਨਹੀਂ ਨਿਕਲਿਆ ਕਿ ਕਿਹੜਾ ਸੰਮਤ ਚੱਲ ਰਿਹਾ ਹੈ। ਖ਼ੈਰ ! ਜਿਸ ਕੈਲੰਡਰ ਵਿਚ ਵਦੀਆਂ-




ਸੁਦੀਆਂ, ਦੇਸੀ ਤਾਰੀਖ਼ਾਂ ਨੂੰ ਨਹੀਂ ਗੌਲਿਆ ਗਿਆ, ਸੰਮਤ ਤੋਂ ਵੀ ਕਿਸੇ ਨੇ ਕੀ ਕਰਾਉਣਾ ਸੀ ?

ਜੇ ਕਿਤੇ ਸੁਦੀਆਂ-ਵਦੀਆਂ ਲਿਖ ਦਿੰਦੇ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਵੀ ਪੋਹ ਸੁਦੀ ੭ ਨੂੰ ਮਨਾਉਣਾ ਪੈਣਾ ਸੀ ਜੋ ਹੁਣ ਇਸ ਕੈਲੰਡਰ ਦੇ ਹਮਾਇਤੀ ਸਥਾਨਕ ਸਮੇਂ ਅਨੁਸਾਰ ੮ ਸੁਦੀ ਨੂੰ ਮਨਾਉਣਗੇ ਪਰ ਫਿਰ ਸ਼ਾਇਦ 13 ਜਨਵਰੀ ਨੂੰ ਗੁਰਪੁਰਬ ਮਨਾਉਣ ਵਾਲੇ ਬਾਦਲਾਂ ਰਾਹੀਂ ਆਰ.ਐੱਸ.ਐੱਸ. ਦੇ ਇਲਾਹੀ ਹੁਕਮ ਦੀ ਅਵੱਗਿਆ ਹੋ ਜਾਣੀ ਸੀ।

ਕੈਲੰਡਰ ਬਣਾਉਣ ਵਾਲੇ ਵਿਦਵਾਨ ਸ਼ਾਇਦ ਇਹ ਗੱਲ ਭੁੱਲ ਗਏ ਕਿ ਸੁਦੀਆਂ-ਵਦੀਆਂ ਦੁਨੀਆ ਦੇ ਹਰ ਖੇਤਰ ਵਿਚ ਹਮੇਸ਼ਾ ਇਕੋ ਤਾਰੀਖ਼ ਨੂੰ ਨਹੀਂ ਆਉਂਦੀਆਂ ਜਿਵੇਂ ਐਤਕੀਂ ਪੋਹ ਸੁਦੀ ੭ ਭਾਰਤ ਵਿਚਲੇ, ਜੋਤਿਸ਼ ਲਗਾਉਣ ਲਈ ਕੇਂਦਰ ਬਿੰਦੂ, ਉਜੈਨ ਸ਼ਹਿਰ ਮੁਤਾਬਕ ਉਸ ਖ਼ਿੱਤੇ ਵਿਚ 13 ਜਨਵਰੀ ਨੂੰ ਹੈ, ਸਾਡੇ ਖੇਤਰ (Pacific Time Zone) ਵਿਚ 12 ਜਨਵਰੀ ਨੂੰ ਹੈ, ਤੇ ਕੁਝ ਕੈਲੰਡਰਾਂ ਮੁਤਾਬਕ ਇਸ ਧਰਤੀ ਦੇ ਕਈ ਖੇਤਰਾਂ ਵਿਚ ਪੋਹ ਸੁਦੀ ੭, 14 ਜਨਵਰੀ ਨੂੰ ਵੀ ਹੈ, ਪਰ ਇੰਨੇ ਝੰਜਟ ਵਿਚ ਕੌਣ ਪਵੇ ? ਕਿਹੜਾ ਗ੍ਰਹਿਆਂ-ਨਛੱਤਰਾਂ ਦੇ ਮਾਹਰ ਕਿਸੇ ਪੰਡਤ ਨੂੰ ਲੱਭੇ, ਜੋ ਫਰੀਮੌਂਟ ਦੀ ਭੂਗੋਲਿਕ ਸਥਿਤੀ ਮੁਤਾਬਕ ਬਿਕਰਮੀ ਕੈਲੰਡਰ ਤਿਆਰ ਕਰਕੇ ਦੇਵੇ ? ਤੇ ਪੰਡਤ ਤੋਂ ਬਗੈਰ ਕਿਹੜਾ ਜੰਮਿਆ ਵਦੀਆਂ-ਸੁਦੀਆਂ ਵਾਲਾ ਕੈਲੰਡਰ ਤਿਆਰ ਕਰਨ ਵਾਲਾ, ਬਸ ਫ਼ਖ਼ਰ-ਏ-ਕੌਮ ਦੇ ਹੁਕਮ 'ਤੇ ਜੋ ਅੰਗਰੇਜ਼ੀ ਮਹੀਨੇ ਦੀ ਤਾਰੀਖ਼ ਜਾਰੀ ਹੋਈ ਹੈ, ਉਸੇ ਨੂੰ ਦੁਨੀਆ ਦੇ ਹਰ ਖੇਤਰ ਵਿਚ ਪੋਹ ਸੁਦੀ ੭ ਮੰਨ ਲਵੋ, ਸੌਖਾ ਕੰਮ !

ਕੈਲੰਡਰ ਵਿਚ ਪੂਰਨਮਾਸ਼ੀ ਅਤੇ ਮੱਸਿਆ ਦੇ ਦਿਹਾੜਿਆਂ ਦਾ ਜ਼ਿਕਰ ਵੀ ਮਿਲਗੋਭਾ ਜਿਹਾ ਹੈ। ਕੁਝ ਤਾਰੀਖ਼ਾਂ ਭਾਰਤੀ ਸਮੇਂ ਅਨੁਸਾਰ ਹਨ ਤੇ ਕੁਝ ਸਾਡੇ ਇੱਥੇ ਦੇ ਸਮੇਂ ਮੁਤਾਬਕ। ਵਦੀਆਂ-ਸੁਦੀਆਂ ਵਾਲੇ ਸਾਰੇ ਦਿਹਾੜੇ ਹੀ ਭਾਰਤੀ ਸਮੇਂ ਮੁਤਾਬਕ ਹਨ। ਇਸੇ ਲਈ ਸਥਾਨਕ ਸਮੇਂ ਅਨੁਸਾਰ ਦਿਹਾੜੇ ਬਿਕਰਮੀ ਕੈਲੰਡਰ ਮੁਤਾਬਕ ਦਰਜ ਹੀ ਨਹੀਂ ਤੇ ਬਹੁਤੇ ਦਿਹਾੜੇ ਮਨਾਏ ਵੀ ਅਸਲੀ ਸੁਦੀ-ਵਦੀ ਤੋਂ ਅੱਗੇ ਪਿੱਛੇ ਹੀ ਜਾਣਗੇ।

ਇਸ ਕੈਲੰਡਰ ਦੀ ਸਭ ਤੋਂ ਦਿਲਚਸਪ ਤੇ ਹਾਸੇ ਭਰਪੂਰ ਗੱਲ ਦਾ ਜ਼ਿਕਰ ਕਰਨ ਤੋਂ ਪਹਿਲਾਂ ਆਪਣੇ ਸਕੂਲ ਵੇਲੇ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਸਾਡੇ ਸਕੂਲ ਵਿਚ ਜੋ ਕੰਮ ਨਾ ਹੋਣ ਵਾਲਾ ਹੁੰਦਾ ਜਾਂ ਨਾ ਕਰਨਾ ਹੁੰਦਾ, ਉਸ ਬਾਰੇ ਇਹ ਕਹਾਵਤ ਬਹੁਤ ਵਰਤੀ ਜਾਂਦੀ ਸੀ, ਬਈ ਚਾਨਣੀ ਦਿਵਾਲੀ ਨੂੰ ਹੋਊ, ਇਹ ਕੰਮ, ਜਾਂ ਚਾਨਣੀ ਦਿਵਾਲੀ ਨੂੰ ਕਰੂੰ, ਮੈਂ ਆਹ ਕੰਮ। ਦਿਵਾਲੀ ਹੁੰਦੀ ਹੈ ਹਮੇਸ਼ਾ ਮੱਸਿਆ ਦੀ ਕਾਲੀ ਰਾਤ ਨੂੰ, ਮਤਲਬ ਨਾ ਕਦੇ ਚਾਨਣੀ ਦਿਵਾਲੀ ਆਵੇ ਨਾ ਕੰਮ ਹੋਵੇ।

ਮੈਂ ਸੋਚ ਰਿਹਾ ਸੀ ਕਿ ਕਿਸ ਨੇ ਇਹ ਕੈਲੰਡਰ ਤਿਆਰ ਕੀਤਾ ਹੋਵੇਗਾ। ਵੈਸੇ ਤਾਂ ਫੇਸਬੁੱਕ ਵਿਦਵਾਨਾਂ ਨਾਲ ਭਰੀ ਪਈ ਹੈ ਪਰ ਨਾਨਕਸ਼ਾਹੀ ਕੈਲੰਡਰ ਦੇ ਵਿਰੁੱਧ ਲੱਤਾਂ ਡਾਹੁਣ ਵਾਲੇ ਦਿਲਗੀਰ, ਨਿਸ਼ਾਨ, ਲਾਂਬਾ ਤੇ ਅਨੁਰਾਗ ਵਰਗਿਆਂ ਵਿਚੋਂ ਕਿਸੇ ਇਕ ਦਾ ਤਿਆਰ ਕੀਤਾ ਲਗਦਾ ਹੈ, ਇਹ ਕੈਲੰਡਰ । ਭਾਵੇਂ ਕਿ ਇਹ ਚਾਰੇ, ਜੋ ਵਿਦਵਾਨ ਘੱਟ, ਹਾਸ-ਰਸ ਕਲਾਕਾਰ ਜ਼ਿਆਦਾ ਲਗਦੇ ਨੇ ਤੇ ਪੁਰੇਵਾਲ ਨੇ ਆਪਣੀਆਂ ਦਲੀਲਾਂ ਨਾਲ ਇਕ ਤੋਂ ਵੱਧ ਵਾਰੀ ਚਿੱਤ ਕੀਤੇ ਨੇ ਪਰ ਉਹ ਮੂਰਖ ਹੀ ਕਾਹਦਾ ਜੋ ਸਮਝ ਜਾਵੇ।

ਦਿਲਗੀਰ ਵੱਲੋਂ ਇਹ ਤਿਆਰ ਕੀਤਾ ਲਗਦਾ ਨਹੀਂ ਕਿਉਂਕਿ ਉਸ ਦੇ ਤਿਆਰ ਕੈਲੰਡਰ ਵਿਚ ਮਹੀਨਿਆਂ ਦੇ ਨਾਮ ਗੁਰੂ ਸਾਹਿਬ ਦੇ ਨਾਂਵਾਂ ਨਾਲ ਬਣਾਏ ਗਏ ਹਨ।ਇਸ ਲਈ ਇਹ ਬਾਕੀ ਤਿੰਨਾਂ ਵਿਚੋਂ ਕਿਸੇ ਇਕ ਦੁਆਰਾ ਤਿਆਰ ਕੀਤਾ ਗਿਆ ਲਗਦਾ ਹੈ। ਅਨੁਰਾਗ, ਲਾਂਬਾ ਤੇ ਨਿਸ਼ਾਨ ਹਨ ਤਾਂ ਤਿੰਨੇ ਹੀ ਬਹੁਤ ਮੰਨੋਰੰਜਨ ਭਰਪੂਰ, ਲਾਂਬੇ ਦੀ ਤਸਵੀਰ ਤਾਂ ਕਾਫ਼ੀ ਦੇਰ ਆਰ.ਐੱਸ.ਐੱਸ. ਦੀ ਵੈੱਬਸਾਈਟ ਦੀ ਸ਼ੋਭਾ ਵੀ ਵਧਾਉਂਦੀ ਰਹੀ ਆ ਪਰ ਸੱਚ ਇਹ ਹੈ ਕਿ ਅਨੁਰਾਗ ਵਰਗੀ ਕਾਮੇਡੀ ਕੋਈ ਨਹੀਂ ਕਰ ਸਕਦਾ। ਉਸ ਦੀ ਹਰ ਪੋਸਟ ਜਾਂ ਵੀਡੀਓ ਹਫ਼ਤਾ ਭਰ ਹਸਾਉਂਦੀ ਰਹਿੰਦੀ ਹੈ। ਪਹਿਲਾਂ ਮੈਂ ਸਮਝਦਾ ਸੀ ਕਿ ਉਹ ਸ਼ਾਇਦ ਨਸ਼ਾ ਵਗੈਰਾ ਕਰਕੇ ਇੰਨਾ ਹਸਾਉਂਦਾ ਹੈ ਪਰ ਹੁਣ ਲਗਦਾ ਹੈ ਕਿ ਉਸ ਦੇ ਰੋਮ-ਰੋਮ ਵਿਚ ਹੀ ਕੈਲੰਡਰ-ਕਮੇਡੀਵਸੀ ਪਈ ਹੈ। ਸੋ ਲਗਦਾ ਹੈ ਕਿ ਅਨੁਰਾਗ ਜਾਂ ਉਸ ਦੇ ਕਿਸੇ ਵੱਡੇ ਫੈਨਤੋਂ ਬਗੈਰ ਕੋਈ ਹੋਰ ਅਜਿਹਾ ਚੁਟਕਲੇ ਵਰਗਾ ਕੈਲੰਡਰ ਬਣਾ ਹੀ ਨਹੀਂ ਸਕਦਾ। ਲਓ ! ਜਾਣ ਲਵੋ ਇਸ ਹਾਸੋਹੀਣੇ ਕੈਲੰਡਰ ਦੀ ਸਭ ਤੋਂ ਹਾਸੇ ਵਾਲੀ ਗੱਲ।ਉੱਤਰੀ ਭਾਰਤ ਦੇ ਵੱਡੇ ਹਿੱਸੇ ਵਿਚ ਸਦੀਆਂ ਤੋਂ ਦਿਵਾਲੀ ਕੱਤਕ ਦੀ ਕਾਲੀ ਮੱਸਿਆ ਨੂੰ ਮਨਾਈ ਜਾਂਦੀ ਹੈ, ਜੋ ਕਿ ਇਸ ਸਾਲ ਈਸਵੀ ਤਾਰੀਖ਼ ਮੁਤਾਬਕ 27 ਅਕਤੂਬਰ ਨੂੰ ਹੈ ਪਰ ਇਸ ਕੈਲੰਡਰ ਮੁਤਾਬਕ ਸਾਲ 2019 ਦੀ ਦਿਵਾਲੀ ਐਤਕੀਂ ਕੱਤਕ ਦੀ ਪੂਰਨਮਾਸ਼ੀ ਭਾਵ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਤੋਂ ਇਕ ਦਿਨ ਪਹਿਲਾਂ, 11 ਨਵੰਬਰ ਨੂੰ ਆਵੇਗੀ। ਮਤਲਬ ਚਾਨਣੀ ਦਿਵਾਲੀ ਹੋਵੇਗੀ 2019 ਦੀ। ਕਿਉਂ ਮੰਨ ਗਏ ਨਾ ਫਿਰ ਸਕੀਮ ਨੂੰ ? ਇੰਝ ਡੁਬੋ ਦਈਦੀ ਆ ਮੱਸਿਆ ਦੀ ਕਾਲੀ ਰਾਤ..ਢੀਂਗਾਵਜਾ ਕੇ !

ਅਨੁਰਾਗ ਜਾਂ ਜਿਸ ਨੇ ਵੀ ਇਹ ਕੈਲੰਡਰ ਤਿਆਰ ਕੀਤਾ, ਉਸ ਦਾ ਬਹੁਤ-ਬਹੁਤ ਧੰਨਵਾਦ ! ਜਿਵੇਂ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀਆਂ ਦੀ ਤਕਰੀਬਨ ਹਰ ਪੋਸਟ/ਵੀਡੀਓ ਬੇਸਿਰ-ਪੈਰ ਹੋਣ ਕਰਕੇ ਮਨ ਖ਼ੁਸ਼ ਕਰ ਦਿੰਦੀ ਹੈ, ਆਹ ਚਾਨਣੀ ਦਿਵਾਲੀ ਨੇ ਵੀ ਨਜ਼ਾਰਾ ਲਿਆ ਦੇਣਾ ਹੈ।

ਇਸ ਚੁਟਕਲੇ ਵਰਗੇ ਕੈਲੰਡਰ ਨੂੰ ਜਾਰੀ ਕਰਨ ਵਾਲੇ, ਜਿਵੇਂ ਦਸ਼ਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜਾ ਨਾਨਕਸ਼ਾਹੀ 23 ਪੋਹ ਜਾਂ ਬਿਕਰਮੀ ਦੀ ਸੁਦੀ ਸੱਤ ਦੀ ਬਜਾਏ ਸੁਦੀ ਅੱਠ ਨੂੰ ਜ਼ਿੱਦ ਨਾਲ ਮਨਾ ਰਹੇ ਨੇਜੇ ਇਸੇ ਤਰ੍ਹਾਂ ਆਪਣੇ ਜ਼ਿੱਦੀ ਸੁਭਾਅ ਅਨੁਸਾਰ ਚਾਨਣੀ ਦਿਵਾਲੀ ਵੀ, ਦੁਨੀਆ ਦੀ ਅਸਲੀ ਦਿਵਾਲੀ ਤੋਂ ਦੋ ਹਫ਼ਤੇ ਬਾਅਦ, ਆਪਣੇ ਕੈਲੰਡਰ ਵਿਚ ਲਿਖੇ ਮੁਤਾਬਕ ਚਾਨਣੀ ਰਾਤ ਨੂੰ ਹੀ ਮਨਾ ਲੈਣ, ਫਿਰ ਘੱਟੋ-ਘੱਟ ਮੈਂ ਆਪਣੇ ਪੁਰਾਣੇ ਜਮਾਤੀਆਂ ਨੂੰ ਫ਼ੋਨ ਕਰਕੇ ਦੱਸ ਦਿਆਂ ਕਿ ਲਓ ਬਈ ਮੈਂ ਚਾਨਣੀ ਦਿਵਾਲੀ ਵੀ ਵੇਖ ਲਈ।ਇਹ ਪਤਾ ਨਹੀਂ ਕਿ ਵਦੀਆਂ-ਸੁਦੀਆਂ ਦੀ ਵਿਦਵਤਾ ਦੇ ਕਿਹੜੇ ਗਜ਼ਾਂ ਨਾਲ ਮਿਣ ਕੇ ਦੁਨੀਆ ਭਰ ਦੇ ਕੈਲੰਡਰਾਂ ਨਾਲ਼ੋਂ ਦਿਵਾਲੀ ਦੋ ਹਫ਼ਤੇ ਅੱਗੇ ਕਰ ਦਿੱਤੀ।

ਹੁਣ ਹਿੰਮਤ ਨਾ ਛੱਡਣ ਤੇ ਆਰ.ਐੱਸ. ਐੱਸ. ਤੋਂ ਮਾਨਤਾ ਪ੍ਰਾਪਤ, ਆਪਣੇ ਪਿਆਰੇ ਹਾਸ-ਰਸ ਕਲਾਕਾਰ, ਲਾਂਬੇ ਦੇ ਹੀ ਆਖੇ ਸ਼ੇਅਰ ਮੁਤਾਬਕ,"ਝੂਠ ਬੋਲਾ ਹੈ ਤੋ ਉਸ ਪੇ ਕਾਇਮ ਵੀ ਰਹੋ ਜ਼ਫ਼ਰ, ਆਦਮੀ ਕੋ ਕੁਛ ਤੋ ਸਾਹਿਬ ਏ ਕਿਰਦਾਰ ਹੋਨਾ ਚਾਹੀਏ,"ਕੁਝ ਵੀ ਹੋ ਜਾਵੇ ਪਰ ਦਿਵਾਲੀ 11 ਨਵੰਬਰ ਦੀ ਚਾਨਣੀ ਰਾਤ ਨੂੰ ਹੀ ਮਨਾਉਣ।ਨਾਲੇ ਸੰਗਤ ਦਾ ਮੰਨੋਰੰਜਨ ਵੀ ਹੋ ਜਾਵੇਗਾ, ਦਸ਼ਮੇਸ਼ ਪਿਤਾ

**ਬਾਕੀ ਸਫ਼ਾ 28 'ਤੇ**

ਅੰਮ੍ਰਿਤਸਰ ਟਾਈਮਜ਼
AMRITSAR TIMES
16 ਜਨਵਰੀ 2019 ਤੋਂ 22 ਜਨਵਰੀ 2019

# ਦੇਖ ਕਬੀਰਾ ਰੋਇਆ...

**ਮਨਜੀਤ ਸਿੰਘ ਟਿਵਾਣਾ**

ਅਰਬੀ ਭਾਸ਼ਾ ਵਿਚ 'ਕਬੀਰ' ਸ਼ਬਦ ਦਾ ਅਰਥ 'ਮਹਾਨ' ਹੈ। ਸੰਤ ਕਬੀਰ ਦਾਸ ਜੀ ਭਾਰਤ ਵਿਚ ਭਗਤੀ ਲਹਿਰ ਦੇ ਇਕ ਬਹੁਤ ਹੀ ਮਹਾਨ ਦਾਰਸ਼ਨਿਕ ਸੰਤ ਕਵੀ ਹੋਏ ਹਨ। ਉਨ੍ਹਾਂ ਨੂੰ ਤਰਕ ਤੇ ਦਲੀਲ ਨਾਲ ਆਪਣੀ ਗੱਲ ਕਰਨ ਵਾਲੇ ਦਾਰਸ਼ਨਿਕ ਸੰਤ ਮੰਨਿਆ ਜਾਂਦਾ ਹੈ। ਉਨ੍ਹਾਂ ਦੀ ਰਚੀ ਬਹੁਤ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ।

ਭਗਤ ਕਬੀਰ ਜੀ ਨੇ ਆਪਣੇ ਸਮੇਂ ਵਿਚ ਭਾਰਤ ਨੂੰ ਸਦੀਆਂ ਤੋਂ ਸਿਉਂਕ ਵਾਂਗ ਚਿੰਬੜੇ ਬਿਪਰਵਾਦ ਦੇ ਦੰਭ ਨੂੰ ਸੱਚ ਦੀ ਕਸੌਟੀ ਉਤੇ ਚਾੜ੍ਹ ਕੇ ਅਜਿਹਾ ਰੰਦਿਆਂ ਸੀ ਕਿ ਉਸ ਦੀਆਂ ਚੂਲਾਂ ਹਿਲਾ ਦਿੱਤੀਆਂ ਸਨ। ਬੌਧਿਕ-ਭ੍ਰਿਸ਼ਟਾਚਾਰ ਦਾ ਪ੍ਰਤੀਕ ਬਣੇ ਅਤੇ ਭਾਰਤੀ ਸਮਾਜ ਦਾ ਬਹੁਪੱਖੀ ਸ਼ੋਸ਼ਣ ਕਰ ਰਹੇ ਬਿਪਰਵਾਦ ਦੇ ਝੂਠ, ਮੱਕਾਰੀਪਣ ਤੇ ਇਸ ਦੇ ਆਪੂ ਸਿਰਜੇ ਗਪੌੜਾਂ ਉਤੇ ਭਗਤ ਜੀ ਨੇ ਖੂਬ ਵਿਅੰਗ ਕੱਸੇ ਹਨ। ਭਗਤ ਜੀ ਦੇ ਵਿਅੰਗ ਵਿਚ ਤਰਕ ਤੇ ਸੂਝ ਨਾਲ ਭਰੀਆਂ ਅਜਿਹੀਆਂ ਟਕੋਰਾਂ ਸਨ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਆਮ ਲੋਕਾਈ ਵਿਚ ਬਿਪਰ ਦੀ ਜੱਗ-ਹਸਾਈ ਹੋ ਗਈ ਸੀ। ਸਿੱਖਾਂ ਦੇ ਬਾਨੀ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਮਿਸ਼ਨ ਨੇ ਆਖਿਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਖਾਲਸਾ ਪੰਥ ਦੇ ਰੂਪ ਵਿਚ ਵਿਸ਼ਵ ਇਤਿਹਾਸ ਦੀ ਇਕ ਇਨਕਲਾਬੀ ਘਟਨਾ ਨਾਲ ਬਿਪਰਵਾਦ ਦੇ ਜਾਤਪਾਤੀ ਕੂੜ ਦੀ ਇਹ ਕੰਧ ਢਾਹ ਦਿੱਤੀ। ਬਿਪਰ ਨੇ ਆਪਣਾ ਸਿੰਘਾਸ਼ਨ ਡੋਲਦਾ ਦੇਖ ਕੇ ਉਦੋਂ ਵੀ ਬੜੀਆਂ ਚਾਲਾਂ ਚੱਲੀਆਂ ਤੇ ਅੱਜ ਵੀ ਉਹ ਆਪਣੀਆਂ ਇਨ੍ਹਾਂ 'ਕਾਰਸ਼ਤਾਨੀਆਂ' ਦੀ ਬਦੌਲਤ ਹੀ ਮੁੜ-ਮੁੜ ਆਪਣੀ ਕੂੜ ਦੀ ਦੁਕਾਨਦਾਰੀ ਕਿਸੇ ਨਾ ਕਿਸੇ ਰੂਪ ਵਿਚ ਚਲਾ ਜਾਂਦਾ ਹੈ।

ਅੱਜ ਭਾਰਤ ਵਿਚ ਮੋਦੀ-ਮਾਅਰਕਾ ਰਾਜਨੀਤੀ ਨਿੱਤ ਨਵੇਂ 'ਗੁੱਲ-ਖਿਲਾ' ਰਹੀ ਹੈ। ਦੇਸ਼ ਵਿਚ 'ਜੁਮਲੇਬਾਜ਼ਾਂ' ਦਾ ਰਾਜ ਚੱਲ ਰਿਹਾ ਹੈ। ਉਹ ਆਪਣੀ 'ਜੁਮਲੇਬਾਜ਼' ਰਾਜਨੀਤੀ ਨਾਲ ਲੋਕਾਂ ਦੇ 'ਹੱਥਾਂ ਉਤੇ ਸਰ੍ਹੋਂ ਜਮਾਉਣ' ਦੇ ਮੁਹਾਵਰੇ ਦੀ ਅਸਲ ਹਕੀਕਤ ਤੋਂ ਕੋਰੇ ਹੀ ਝੱਖ ਮਾਰ ਰਹੇ ਹਨ, ਜਦਕਿ ਭਾਰਤ ਦੇ ਗਵਾਂਢੀ ਮੁਲਕ ਚੀਨ ਨੇ ਚੰਦ ਉਤੇ ਕਪਾਹ ਜੰਮਾ ਕੇ ਵਾਕਈ ਦੁਨੀਆ ਦੇ ਹੱਥਾਂ ਉਤੇ 'ਸਰ੍ਹੋਂ ਜਮਾਉਣ' ਵਾਲਾ ਕੰਮ ਕਰ ਦਿਖਾਇਆ ਹੈ। ਭਗਵਿਆਂ ਦੇ ਰੰਗ ਵਿਚ ਰੰਗੇ ਕਥਿਤ ਵਿਗਿਆਨੀ ਆਪਣੀਆਂ 'ਗੱਪਾਂ' ਨਾਲ ਦੁਨੀਆ ਭਰ ਵਿਚ ਭਾਰਤ ਦੀ ਸਥਿਤੀ ਹਾਸੋਹੀਣੀ ਬਣਾ ਰਹੇ ਹਨ।

ਹਾਲ ਹੀ ਵਿਚ ਪੰਜਾਬ ਦੇ ਜਲੰਧਰ ਸ਼ਹਿਰ ਵਿਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ 106ਵੀਂ ਨੈਸ਼ਨਲ ਸਾਇੰਸ ਕਾਂਗਰਸ ਹੋਈ ਹੈ। ਇਸ ਵਿਗਿਆਨੀਆਂ ਦੇ ਸੰਮੇਲਨ ਵਿਚ ਹੋਣਾ ਤਾਂ ਇਹ ਚਾਹੀਦਾ ਸੀ ਕਿ ਦੇਸ਼ ਦੇ ਵਿਕਾਸ ਦਾ ਚੱਕਾ ਵਿਗਿਆਨਕ ਨਜਰੀਏ ਤੋਂ ਤੇਜ਼ ਕਰਨ ਦੀਆਂ ਵਿਉਂਤਾਂ ਉਤੇ ਵਿਚਾਰਾਂ ਹੁੰਦੀਆਂ, ਭਾਰਤੀ ਲੋਕਾਂ ਦਾ ਜੀਵਨ-ਪੱਧਰ ਉਚਾ ਚੁੱਕਣ ਲਈ ਦੁਨੀਆ ਦੇ ਵਿਗਿਆਨੀਆਂ ਦੀਆਂ ਤਾਜ਼ਾ ਲੱਭਤਾਂ ਨੂੰ ਪੇਸ਼ੇ-ਨਜ਼ਰ ਕਰ ਕੇ ਕੋਈ ਲਾਹਾ ਖੱਟਣ ਦੀ ਕੋਸ਼ਿਸ਼ ਹੁੰਦੀ ਪਰ ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜੀ. ਨਾਗੇਸ਼ਵਰ ਰਾਓ ਨੇ ਮਿਥਿਹਾਸਕ ਹਵਾਲਿਆਂ ਨੂੰ ਵਿਗਿਆਨ ਦਾ ਤੜਕਾ ਲਗਾ ਕੇ ਅਜਿਹੀਆਂ ਫੁੱਲਝੜੀਆਂ ਚਲਾਈਆਂ ਕਿ ਦੁਨੀਆ ਭਾਰਤ ਉਤੇ ਹੱਸ ਰਹੀ ਹੈ ਤੇ ਦੇਸ਼ ਸ਼ਰਮਸ਼ਾਰ ਹੋ ਰਿਹਾ ਹੈ। ਇਹ ਸਭ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਾਹਮਣੇ ਹੋ ਰਿਹਾ ਸੀ।

ਵਿਸ਼ਵ ਭਰ ਦੇ ਮੀਡੀਆ ਅਦਾਰਿਆਂ ਨੇ ਸਾਡੇ ਕਥਿਤ ਵਿਗਿਆਨੀਆਂ ਦੀ ਸੋਚ ਦੇ ਪੱਧਰ ਦਾ ਰੱਜ ਕੇ ਮਜ਼ਾਕ ਉਡਾਇਆ। ਚੁਟਕੀਆਂ ਲੈ ਕੇ ਖਬਰਾਂ ਛਾਪੀਆਂ ਗਈਆਂ ਪਰ ਇਸ ਨਾਲ ਨਾ ਤਾਂ ਕਿਸੇ 'ਰਾਸ਼ਟਰਵਾਦੀ' ਨੂੰ ਹੀ ਭੋਰਾ ਸ਼ਰਮ ਆਈ ਤੇ ਨਾ ਹੀ ਭਾਰਤ ਦੇ ਹਿੰਦੂਤਵੀ ਸੋਚ ਵਾਲੇ ਮੀਡੀਆ ਦੇ ਕੰਨ ਉਤੇ ਕੋਈ ਜੂੰ ਸਰਕੀ। ਬਦਕਿਸਮਤੀ ਨਾਲ ਇਹਨਾਂ ਗਪੌੜਸੰਖ 'ਵਿਗਿਆਨੀਆਂ' ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਥਾਪੜਾ ਹੈ। ਇਹ ਲੋਕ ਆਰਐਸਐਸ ਤੇ ਭਾਜਪਾ ਦੇ ਆਸ਼ੀਰਵਾਦ ਨਾਲ ਇਸ ਸਮੇਂ ਵੱਡੇ-ਵੱਡੇ ਅਹੁਦਿਆਂ ਉਤੇ ਬਿਰਾਜਮਾਨ ਹਨ। ਦੇਸ਼ ਦੀ ਜੱਗ-ਹਸਾਈ ਕਰਵਾ ਰਹੇ ਇਹ ਲੋਕ ਸ਼ਾਇਦ ਬੀਤੇ ਦਾ ਬਦਲਾ ਲੈ ਰਹੇ ਹਨ ਜਾਂ ਇਨ੍ਹਾਂ ਦੇ ਲਹੂ ਵਿਚ ਰਚਿਆ ਸਦੀਆ ਪੁਰਾਣਾ ਬਿਪਰਵਾਦੀ ਦੰਭ ਹੀ ਮੁੜ-ਮੁੜ ਗਰਦਿਸ਼ ਵਿਚ ਆਉਂਦਾ ਹੈ, ਇਹ ਵੀ ਖੋਜ ਦਾ ਹੀ ਵਿਸ਼ਾ ਹੈ। ਭਾਰਤੀਅਤਾ ਦੀ ਇਸ ਹਾਸੋਹੀਣੀ ਹਾਲਤ ਉਤੇ 'ਦੇਖ ਕਬੀਰਾ ਰੋਇਆ' ਦਾ ਸਿਰਲੇਖ ਹੀ ਦਿੱਤਾ ਜਾ ਸਕਦਾ ਹੈ। ਆਪਣੇ ਗੁਰੂਆਂ-ਪੀਰਾਂ ਤੇ ਰਿਸ਼ੀਆਂ-ਮੁਨੀਆਂ ਦੇ ਨਾਮ ਉਤੇ ਘੜੀਆਂ ਜਾਂਦੀਆਂ ਕੂੜ-ਕਹਾਣੀਆਂ ਉਤੇ ਹੱਸਿਆ ਨਹੀਂ ਰੋਇਆ ਹੀ ਜਾ ਸਕਦਾ ਹੈ। ਹਾਂ, ਤੁਸੀਂ ਭਾਰਤੀ ਰਾਜਨੀਤੀ ਦੇ ਇਨ੍ਹਾਂ ਮਾਡਰਨ ਜੁਮਲੇਬਾਜ਼ਾਂ ਦੀ ਅਜਿਹੀ ਜੁਮਲੇਬਾਜ਼ੀ ਦਾ ਸੱਚ ਜਾਣਦਿਆਂ ਇਨ੍ਹਾਂ ਉਤੇ ਜ਼ਰੂਰ ਹੱਸ ਸਕਦੇ ਹੋ।

ਹਿੰਦੁਸਤਾਨ ਵਰਗੇ ਗ਼ਰੀਬ ਦੇਸ਼ ਵਿਚ ਅੰਕੜਿਆਂ ਮੁਤਾਬਕ 36 ਕਰੋੜ ਤੋਂ ਵੱਧ ਆਬਾਦੀ ਗ਼ਰੀਬ ਅਤੇ 27 ਫ਼ੀਸਦੀ ਲੋਕ ਅਨਪੜ੍ਹ ਦੱਸੇ ਜਾਂਦੇ ਹਨ। ਅੰਕੜਿਆਂ ਮੁਤਾਬਿਕ ਹੀ ਖ਼ੁਦਕੁਸ਼ੀਆਂ ਕਰਨ ਅਤੇ ਡਿਪਰੈਸ਼ਨ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਵਿਚ ਵੀ ਭਾਰਤ ਵਿਸ਼ਵ ਵਿਚੋਂ ਮੋਹਰੀ ਦੇਸ਼ ਹੈ। ਅਜਿਹੇ ਹਾਲਾਤ ਵਿਚ ਅਜਿਹੀ ਜੁਮਲੇਬਾਜ਼ੀ ਦੇ ਅਰਥ ਸੱਤਾ ਪ੍ਰਾਪਤੀ ਵਿਚ ਨਿਕਲਣਾ ਆਮ ਵਰਤਾਰਾ ਹੈ। ਇਸ ਕਰਕੇ ਬਿਪਰਵਾਦੀਆਂ ਦੇ ਇਸ ਅੰਧਵਿਸ਼ਵਾਸ ਫੈਲਾਉਣ ਵਾਲੇ ਅਸਤਰ ਦੀ ਕਾਟ ਲਈ ਸੁਚੇਤ ਹੋਣ ਅਤੇ ਭਗਤ ਕਬੀਰ ਜੀ ਤੇ ਗੁਰੂ ਨਾਨਕ ਸਾਹਿਬ ਦੇ ਵਿਸ਼ਵ-ਵਿਆਪੀ ਸੋਚ ਵਾਲੇ ਮਿਸ਼ਨ ਦੀ ਸ਼ਰਣ ਵਿਚ ਜਾਣ ਦੀ ਜ਼ਰੂਰਤ ਹੈ। ਕਦੇ ਧੁੰਦ ਤੇ ਕਦੇ ਧੁੱਪ ਦਾ ਪਸਰਨਾ ਕੁਦਰਤ ਦਾ ਆਮ ਵਰਤਾਰਾ ਹੈ। ਵਿਗਿਆਨਕ ਦ੍ਰਿਸ਼ਟੀਕੋਣ ਤੋਂ ਖਾਲੀ ਬਿਪਰਵਾਦ 'ਤਿੰਨ ਕੋਣਾਂ' ਵਾਲੇ ਰੱਬ ਦੇ ਦਰਸ਼ਨ ਕਰ ਕੇ ਹੀ ਨਿਹਾਲ ਹੋ ਜਾਂਦਾ ਹੈ। ਰੱਬ ਜੀ ਦਾ ਚੌਥੇ ਕੋਣ ਵਾਲਾ ਨਿਰਾਕਾਰ ਰੂਪ ਗੁਰੂ ਨਾਨਕ ਸਾਹਿਬ ਜੀ ਦੇ ਵਿਗਿਆਨਕ ਦ੍ਰਿਸ਼ਟੀਕੋਣ ਵਾਲੇ ਨੂੰ ਹੀ ਦਿਖਦਾ ਹੈ। ਭਾਰਤ ਰਿਸ਼ੀਆਂ-ਮੁਨੀਆਂ ਅਤੇ ਗੁਰੂਆਂ ਦੇ ਚਰਨ-ਛੋਹ ਵਾਲੀ ਧਰਤੀ ਹੈ ਜਿਨ੍ਹਾਂ ਦੇ ਪ੍ਰਕਾਸ਼ ਨਾਲ ਅੰਧਕਾਰ ਤੇ ਅੰਧਵਿਸ਼ਵਾਸ ਦੀ ਧੁੰਦ ਮਿਟ ਗਈ ਸੀ ਤੇ ਜਗ ਵਿਚ ਚਾਨਣ ਹੋਇਆ ਸੀ। ਮੱਧਕਾਲੀਨ ਯੁਗ ਵਿਚ ਭਗਤੀ ਲਹਿਰ ਚੱਲੀ ਜਿਸ ਨੇ ਲੋਕਾਂ ਵਿਚ ਚੇਤਨਾ ਦਾ ਸੰਚਾਰ ਕੀਤਾ ਸੀ। ਵਿਗਿਆਨ ਕੁਦਰਤ ਦੇ ਰਹੱਸਾਂ ਨੂੰ ਖੋਲ੍ਹਣ ਅਤੇ ਪ੍ਰਗਟ ਕਰਨ ਵਾਲਾ ਇਕ ਅਜਬ ਵਰਤਾਰਾ ਹੈ। ਉਹ ਰੋਜ਼ ਹੀ ਨਵੇਂ-ਨਵੇਂ ਰਹੱਸ ਸਾਡੇ ਸਾਹਮਣੇ ਫਰੋਲਦਾ ਜਾ ਰਿਹਾ ਹੈ। ਵਿਗਿਆਨ ਦੇ ਚੰਗੇ ਪੱਖ ਨੇ ਅੱਜ ਮਨੁੱਖ ਦਾ ਰਾਹ ਦਿਸੇਰਾ ਬਣ ਕੇ ਬਹੁਤ ਕੁਝ ਨਵਾਂ ਸਿਰਜਿਆ ਹੈ ਤੇ ਬਹੁਤ ਸਾਰੀਆਂ ਪੁਰਾਣੀਆਂ ਮਿੱਥਾਂ ਨੂੰ ਤੋੜਿਆ ਹੈ। ਸਿਆਣੇ ਲੋਕ ਬੇ-ਦਲੀਲ ਤੇ ਤਰਕਹੀਣ ਵਿਚਾਰਾਂ ਨੂੰ ਵਿਸਾਰ ਛੱਡਦੇ ਹਨ ਪਰ ਕਈ ਇਨ੍ਹਾਂ 'ਚ ਘਿਰੇ ਹੀ ਸਾਰੀ ਜ਼ਿੰਦਗੀ ਹਨੇਰਾ ਢੋਂਹਦੇ ਰਹਿੰਦੇ ਹਨ। ਅਜਿਹੇ ਅੰਧ-ਵਿਸ਼ਵਾਸ ਜੇਕਰ ਸਾਡੀ ਸੋਚ ਨਾਲ ਨਾ ਜੁੜਨ, ਤਾਂ ਹੀ ਇਸ ਮਨੁੱਖਾ ਜੀਵਨ ਦੇ ਵਧੀਆ ਹੋਣ ਦੀ ਜ਼ਾਮਨੀ ਕੀਤੀ ਜਾ ਸਕਦੀ ਹੈ। ਇਸੇ ਵਿਚ ਹੀ ਦੇਸ਼, ਕੌਮ ਤੇ ਸੰਸਾਰ ਦਾ ਭਲਾ ਹੋ ਸਕਦਾ ਹੈ।

# 1984, 2047, 2084
# ਅਜੇ ਛਪਣੇ ਤਬਸਰੇ ਹੋਰ ਬਥੇਰੇ



**ਇਨਸਾਫ਼ ਮੰਗਦੇ ਭਾਈਚਾਰੇ ਨੂੰ ਵੀ ਇਹ ਵੱਖਰੇ-ਵੱਖਰੇ ਸਿਰਨਾਵੇਂ ਇਕ ਅੜਾਉਣੀ ਪਾਉਂਦੇ ਨੇ। ਸੱਜਣ ਕੁਮਾਰ ਨੂੰ ਜੇਲ੍ਹ ਜਾਂਦਾ ਵੇਖਣ ਲਈ ਆਤੁਰ ਹੁੰਦੀ ਭੀੜ ਦੇ ਆਪੂੰ-ਬਣੇ ਨੇਤਾ ਹਾਸ਼ਿਮਪੁਰਾ ਦੇ ਕਤਲੇਆਮ ਦੇ ਸਵਾਲ 'ਤੇ ਬਿਆਨ ਦੇਣਾ ਕਿਉਂ ਭੁੱਲ ਜਾਂਦੇ ਨੇ? ਹਮੇਸ਼ਾ ਜੋਸ਼ੀਲੇ ਨਾਅਰਿਆਂ ਦੀ ਤਲਾਸ਼ ਕਰਦੇ ਲੋਕ "ਚੁਰਾਸੀ, 2002 ਦੇ ਕਾਤਲਾਂ ਨੂੰ ਸਜ਼ਾ ਦਿਓ" ਦਾ ਨਾਅਰਾ ਕਿਉਂ ਸਿਰਫ਼ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੇ ਢਾਈ ਟੋਟਰੂਆਂ ਲਈ ਛੱਡ ਦਿੰਦੇ ਨੇ?**

**ਐੱਸ ਪੀ ਸਿੰਘ**
(ਲੇਖਕ ਸੀਨੀਅਰ ਪੱਤਰਕਾਰ ਹੈ)

ਸੱਜਣ ਕੁਮਾਰ ਨੂੰ ਜੇਲ੍ਹ ਭੇਜਣ ਵਾਲੇ ਅਦਾਲਤੀ ਫ਼ੈਸਲੇ ਮਗਰੋਂ ਅਖ਼ਬਾਰਾਂ ਵਿਚ ਸੰਨ 1984 ਦੀ ਦਿੱਲੀ ਬਾਰੇ ਫਿਰ ਕੁਝ ਮਜ਼ਮੂਨ



ਛਪੇ ਹਨ। ਤਫ਼ਸੀਲੀ ਬਿਆਨੀਏ ਵਿਚੋਂ, ਉਨ੍ਹਾਂ ਪੱਤਰਕਾਰਾਂ ਦੀ ਲੇਖਣੀ ਵਿਚੋਂ ਜਿਹੜੇ ਖ਼ੂਨ ਨਾਲ ਲੱਥਪਥ ਗਲੀਆਂ ਵਿਚ ਉਦੋਂ ਬਹੁੜੇ, ਜਦੋਂ ਸਮੇਂ ਦੀ ਜ਼ਹਿਰੀਲੀ ਹਵਾ ਦੀ ਬਦਬੂ ਆਉਂਦੀ ਹੈ। ਸੜਦੀਆਂ ਲੋਥਾਂ, ਚੀਥੜੇ-ਚੀਥੜੇ ਬਿਖਰੇ ਮਨੁੱਖੀ ਅੰਗ, ਟਾਇਰਾਂ ਦੀ ਸੜਾਂਦ, ਹਾਉਕੇ ਭਰਦੀਆਂ ਔਰਤਾਂ, ਭੁੱਬੀਂ ਰੋਂਦੇ ਪਰਿਵਾਰ। ਹਰ ਖ਼ਬਰ, ਲੇਖ, ਤਬਸਰਾ, ਸੰਪਾਦਕੀ ਪੜ੍ਹ ਕੁਝ ਸਮੇਂ ਲਈ ਪਾਠਕ ਰੁਕਦਾ ਹੈ। ਕੋਈ ਹੋਰ ਚੰਗਾ ਲੇਖ ਪੜ੍ਹਨ ਲਈ ਅਜੇ ਉਹਨੂੰ ਇਕ ਵਕਫ਼ਾ ਲੋੜੀਂਦਾ ਹੈ। ਇੰਨੇ ਸਾਲਾਂ ਵਿਚ ਉਹ ਉਨ੍ਹਾਂ ਗਲੀਆਂ ਵਿਚ ਲੋਕਾਂ ਨੂੰ ਮਿਲਣ ਨਹੀਂ ਜਾ ਸਕਿਆ, ਇਹ ਅਫ਼ਸੋਸ ਕਰਦਾ ਹੈ। ਬੀਤੇ ਦੀ ਕੋਈ ਤਸਵੀਰ, ਕੋਈ ਤਫ਼ਸੀਲ ਦਿਲ ਨੂੰ ਧੂਹ ਪਾਉਂਦੀ ਹੈ ਪਰ ਨਾਲ ਨਾਲ ਨਵੇਂ ਬਿਆਨਾਂ ਵਿਚੋਂ ਸਮਾਪਤੀ ਦੀ ਕੰਨਸੋਅ ਆਉਂਦੀ ਹੈ। 'ਇਨਸਾਫ਼' ਵਰਗੇ ਸ਼ਬਦ ਸੁਣਾਈ ਦਿੰਦੇ ਨੇ। ਜਿਨ੍ਹਾਂ ਘਰ ਦੇ ਜੀਅ ਨਫ਼ਰਤੀ ਸਿਆਸਤ ਹੱਥ ਗਵਾਏ, ਉਹ ਵੀ ਸ਼ੁਕਰਾਨੇ ਕਰਦੇ ਨੇ। ਹਰ ਮੌਜ਼ੂ 'ਤੇ ਰੋਟੀਆਂ ਸੇਕਣ ਵਾਲੇ ਕੈਮਰਿਆਂ ਵੱਲ ਮੂੰਹ ਕਰਦੇ ਨੇ, ਟੀਵੀ ਦੀ ਬਹਿਸ ਵਿਚ ਆ ਕੁਰਸੀਆਂ ਮੱਲਦੇ ਨੇ। 'ਚਾਰ ਸਾਲ ਪਹਿਲਾਂ ਇਹ ਇਨਸਾਫ਼ ਨਹੀਂ ਸੀ ਹੋਣਾ,' ਇਹ ਕਹਿ ਕੇ 34 ਸਾਲਾਂ ਦੀ ਲੜਾਈ ਨੂੰ ਨਿਗੂਣਾ ਕਰਦੇ ਨੇ।

ਸ਼ਬਦ ਬੜੀ ਸਿਆਸੀ ਬਲਾ ਹੁੰਦੇ ਨੇ। ਜਦੋਂ ਇਹ ਮਲਕੜੇ ਜਿਹੇ ਤਬਸਰੇ ਜਾਂ ਸੰਪਾਦਕੀਆਂ ਵਿਚ ਆ ਵੜਨ ਤਾਂ ਜ਼ਹਿਨ ਵਿਚ ਨਾਜਾਇਜ਼ ਕਬਜ਼ੇ ਕਰ ਬਹਿੰਦੇ ਨੇ। ਇਸ ਲਈ ਇਹ ਸਵਾਲ ਪੁੱਛਣੇ ਜ਼ਰੂਰੀ ਹੋ ਜਾਂਦੇ ਨੇ ਕਿ ਕੀ 34 ਸਾਲ ਬਾਅਦ ਕਿਸੇ ਸਿਆਸਤਦਾਨ ਦੇ ਜੇਲ੍ਹ ਜਾਣ ਨਾਲ ਇਨਸਾਫ਼ ਹੋ ਜਾਂਦਾ ਹੈ? ਅਤੇ ਕੀ ਇਸ ਨੂੰ ਉਨ੍ਹਾਂ ਦੇ ਦੁੱਖਾਂ ਦੇ ਅੰਤ ਜਾਂ 'ਸਮਾਪਤੀ' ਵਜੋਂ ਵੇਖਿਆ ਜਾ ਸਕਦਾ ਹੈ?

ਜਗਦੀਸ਼ ਕੌਰ, ਨਿਰਪ੍ਰੀਤ ਕੌਰ ਅਤੇ ਜਗਸ਼ੇਰ ਸਿੰਘ ਨੂੰ ਅਦਾਲਤ ਦਾ ਫ਼ੈਸਲਾ ਕੁਝ ਸਕੂਨ ਦੇ ਸਕਦਾ ਹੈ ਪਰ ਕੀ ਇਹ 'ਇਨਸਾਫ਼' ਹੈ? ਇਹ ਫ਼ੈਸਲਾ ਵੀ ਕਰ ਲਵੋ ਕਿ ਇਨਸਾਫ਼ ਕੌਣ ਮੰਗ ਰਿਹਾ ਹੈ? ਇਹ ਕਿਸ ਨੂੰ ਚਾਹੀਦਾ ਹੈ? 34 ਸਾਲ ਬਾਅਦ ਆਇਆ ਕੋਈ ਅਦਾਲਤੀ ਫ਼ੈਸਲਾ, ਭਾਵੇਂ ਉਹ ਕਿੰਨੀ ਵੀ ਦਿਆਨਤਦਾਰੀ ਨਾਲ ਲਿਆ ਗਿਆ ਹੋਵੇ, ਮਜ਼ਲੂਮ ਲਈ ਇਨਸਾਫ਼ ਨਹੀਂ ਹੁੰਦਾ। ਅਦਾਲਤਾਂ ਸਾਹਮਣੇ ਉਹ ਲੋਕ ਹਨ ਹੀ ਨਹੀਂ ਜਿਨ੍ਹਾਂ ਨਾਲ ਜ਼ੁਲਮ ਹੋਇਆ। ਜਿਸ ਨੌਜਵਾਨ ਨੇ ਆਪਣੇ ਪਿਓ ਨੂੰ ਅੱਖਾਂ ਸਾਹਵੇਂ ਮਰਦਿਆਂ ਵੇਖਿਆ, ਉਹ ਆਪ ਅੱਜ 65 ਸਾਲਾਂ ਦਾ ਅਧੇੜ-ਉਮਰ ਦਾ ਬਾਪ ਹੈ। ਜਿਸ ਔਰਤ ਨੇ ਆਪਣਾ ਪਤੀ ਮਰਦਾ ਨਹੀਂ ਵੇਖਿਆ ਕਿਉਂ ਜੋ ਉਹ ਦਰਵਾਜ਼ੇ ਪਿੱਛੇ ਲੁਕੀ ਰਹੀ, ਉਹਦੀ ਤਾਂ ਹੁਣ ਨਜ਼ਰ ਹੀ ਬਹੁਤ ਕਮਜ਼ੋਰ ਹੈ। ਉੱਚਾ ਸੁਣਦੀ ਹੈ, ਝੁਰੜੀਆਂ ਵਿਚ ਉਹਦੇ ਚਿਹਰੇ 'ਤੇ ਲਿਖਿਆ ਦਰਦ ਗਵਾਚ ਗਿਆ ਹੈ। ਜਿਸ ਬਾਪੂ ਨੇ ਤਿੰਨੇ ਕਾਕੇ ਗਵਾਏ, ਉਹਦਾ ਤਾਂ ਸਸਕਾਰ ਹੋਇਆਂ ਕਈ ਸਾਲ ਹੋ ਗਏ ਨੇ। ਉਹ ਲੋਕ ਇਨਸਾਫ਼ ਨਹੀਂ ਮੰਗ ਰਹੇ। ਉਨ੍ਹਾਂ ਨਾਲ ਕੋਈ ਇਨਸਾਫ਼ ਨਹੀਂ ਕਰ ਸਕਦਾ। ਹਿੰਦੋਸਤਾਨ ਨੇ ਇਹ ਇਨਸਾਫ਼ ਆਪਣੇ ਆਪ ਨਾਲ ਕਰਨਾ ਹੈ। ਇਨਸਾਫ਼ ਦੀ ਲੋੜ ਇਸ ਦੇਸ਼ ਨੂੰ ਹੈ। ਜਿਨ੍ਹਾਂ ਬੱਚਿਆਂ ਅੱਜ ਜੰਮਣਾ ਹੈ, ਉਹ ਭਰ ਜਵਾਨ ਹੋਣਗੇ, ਜਦੋਂ ਇਹ ਦੇਸ਼ ਆਪਣੀ ਆਜ਼ਾਦੀ ਦੀ 100 ਵੀਂ ਵਰ੍ਹੇਗੰਢ ਮਨਾਏਗਾ। ਅੱਧਖੜ ਉਮਰੇ ਸੰਨ 2084 ਵਿਚ ਉਹ ਪਿੱਛੇ ਮੁੜ ਕੇ ਵੇਖਣਗੇ ਕਿ ਇਕ ਧਰਮ ਦੇ ਲੋਕਾਂ ਨਾਲ 100 ਸਾਲ ਪਹਿਲੋਂ ਕੀ ਬੀਤੀ। ਸੰਨ 2047 ਅਤੇ ਸੰਨ 2084 ਵਿਚ ਅਖ਼ਬਾਰਾਂ ਵਿਚ ਲੇਖ, ਤਬਸਰੇ ਤੇ ਸੰਪਾਦਕੀਆਂ ਛਪਣਗੀਆਂ। ਹਿੰਦੋਸਤਾਨ ਦੀਆਂ ਕੱਲ੍ਹ ਜੰਮਣ ਵਾਲੀਆਂ ਬੱਚੀਆਂ-ਬੱਚੇ, ਜਿਹੜੇ ਉਸ ਵੇਲੇ ਆਪ ਬੱਚਿਆਂ ਵਾਲੇ ਹੋਣਗੇ, ਉਹ ਪੜ੍ਹਨਗੇ ਕਿ ਉਨ੍ਹਾਂ ਦੇ ਬਜ਼ੁਰਗਾਂ ਨੇ ਇਨਸਾਫ਼ ਦੀ ਲੜਾਈ ਦਾ ਭਾਰ ਕਿਸੇ ਇਕ ਖ਼ਾਸ ਫਿਰਕੇ ਦੇ ਕੁਝ ਕੁ ਉਨ੍ਹਾਂ ਲੋਕਾਂ ਉੱਤੇ ਪਾ ਦਿੱਤਾ ਜਿਨ੍ਹਾਂ ਦੇ ਘਰ ਦੇ ਜੀਅ ਕੋਹ-ਕੋਹ ਮਾਰੇ ਗਏ, ਜਿਉਂਦੇ ਜਲਾਏ ਗਏ। ਉਨ੍ਹਾਂ ਦੇ ਘਰ ਦੀ ਪੁਰਾਣੀ ਐਲਬਮ ਵਿਚ ਉਨ੍ਹਾਂ ਦੀ ਤਸਵੀਰ ਕਿਸ ਤਰ੍ਹਾਂ ਦੀ ਗੁਫ਼ਤਗੂ ਨੂੰ ਜਨਮ ਦੇਵੇਗੀ? ਨਵੇਂ-ਨਵੇਂ ਕਾਲਜ ਵਿਚੋਂ ਨਿਕਲੇ ਸਾਂ ਜਦੋਂ ਸੰਨ 1988 ਵਿਚ ਟੀਵੀ 'ਤੇ ਭੀਸ਼ਮ ਸਾਹਨੀ ਦਾ 'ਤਮਸ' ਸ਼ੁਰੂ ਹੋਇਆ। ਘਰ ਟੀਵੀ ਨਹੀਂ ਸੀ, ਅਜੇ ਗਵਾਂਢਪੁਣਾ ਮਰਿਆ ਨਹੀਂ ਸੀ, ਸੋ ਨਾਲ ਵਾਲੇ ਘਰ ਟੀਵੀ ਵੇਖਦੇ ਸਾਂ। ਘਰ ਆ ਮਾਂ-ਪਿਓ ਨੂੰ ਨਿੱਤ ਪੁੱਛਣਾ, "ਤੁਸੀਂ, ਤੁਹਾਡੇ ਮਾਪਿਆਂ ਕੀਤੇ ਇਹੋ ਜਿਹੇ ਕੰਮ?" ਬਾਪੂ ਮੇਰਾ ਅਤਿ ਦਾ ਸ਼ਰੀਫ਼ ਆਦਮੀ। ਸੱਤਾਂ ਸਾਲਾਂ ਦਾ ਸੀ ਜਦੋਂ ਹੁਜਰਾ ਸ਼ਾਹ ਮੁਕੀਮ ਤੋਂ ਉੱਠਿਆ। ਪਰਿਵਾਰ ਸੁਲੇਮਾਨਕੀ ਹੈੱਡ ਤੋਂ ਹੁੰਦਾ ਲੁਧਿਆਣੇ ਦੇ ਰਫਿਊਜੀ ਕੈਂਪ ਵਿੱਚ ਪਹੁੰਚਿਆ। ਕਹਿੰਦਾ, "ਪੁੱਤ, ਸਾਡੇ ਨਾਲ ਤੇ ਆਪ ਮਾੜੀ ਹੋਈ।"

'ਤਮਸ' ਰੋਜ਼ ਆਵੇ। "ਅੱਛਾ, ਤੁਸੀਂ ਉਨ੍ਹਾਂ ਨੂੰ ਜਾਣਦੇ ਹੋ ਜਿਨ੍ਹਾਂ ਨੇ ਮੁਸਲਮਾਨ ਔਰਤਾਂ ਨਾਲ ਇਹ ਕੀਤਾ?" ਮੈਂ ਹਰ ਰਿਸ਼ਤੇਦਾਰ, ਵਾਕਫ਼, ਦਾਦੇ, ਤਾਏ ਦੇ ਦੋਸਤ ਨੂੰ ਸ਼ੱਕ ਨਾਲ ਦੇਖਣ ਲੱਗ ਪਿਆ ਸਾਂ। ਪਰੇਸ਼ਾਨ ਹੋਏ ਬਾਪੂ ਨੇ ਹਿਜਰਤ ਦੇ ਕਈ ਕਿੱਸੇ ਸੁਣਾਏ। ਕਈ ਵਾਰੀ ਲੱਗਦਾ 47 ਸਾਲ ਦਾ ਬਾਪੂ 20 ਸਾਲ ਦੇ ਮੁੰਡੇ ਨੂੰ ਸੱਤ ਸਾਲਾਂ ਦੇ ਬੱਚੇ ਦੇ ਬੇਕਸੂਰ ਹੋਣ ਦੀ ਗਵਾਹੀ ਦੇਈ ਜਾਂਦਾ। "ਕਿਸੇ ਤਾਂ ਕੀਤੇ ਹੀ ਸੀ ਇਹ ਕਾਰੇ!" ਕਦੇ ਮੈਂ ਕਹਿ ਦਿੰਦਾ, ਕਦੇ ਬੁੜਬੁੜਾਉਂਦਾ।

ਜੇ ਇਸ ਦੇਸ਼ ਦੇ ਨਾਗਰਿਕਾਂ ਨੂੰ ਲਗਦਾ ਹੈ ਕਿ ਉਨ੍ਹਾਂ ਦੇ ਜਵਾਨ ਬੱਚੇ ਸਵਾਲ ਨਹੀਂ ਪੁੱਛਣਗੇ ਤਾਂ ਉਹ ਬੇਸ਼ੱਕ ਇਸ ਲੜਾਈ ਦਾ ਭਾਰ ਸੰਨ 1984 ਦੇ ਜ਼ਾਹਿਰਾ ਪੀੜਤਾਂ ਉੱਤੇ ਛੱਡ ਦੇਣ। ਨਹੀਂ ਤਾਂ ਹਿੰਦੋਸਤਾਨ ਆਪਣੇ ਲਈ ਇਨਸਾਫ਼ ਲੱਭਣ ਤ੍ਰਿਲੋਕਪੁਰੀ ਦੀਆਂ ਗਲੀਆਂ ਵਿਚ ਜਾਵੇ। ਵੈਸੇ ਇਹ ਦਾਦਰੀ ਦੀ ਉਸ ਗਲੀ ਵਿਚੋਂ ਵੀ ਮਿਲ ਸਕਦਾ ਹੈ ਜਿੱਥੇ ਅਖ਼ਲਾਕ ਰਹਿੰਦਾ ਸੀ। ਪਹਿਲੂ ਖਾਨ ਦੇ ਘਰ ਨੂੰ ਜਾਂਦੀ ਸੜਕ 'ਤੇ ਵੀ, ਨਜੀਬ ਲੱਭਦੀ ਮਾਂ ਦੀ ਬੁੱਕਲ ਵਿਚੋਂ ਵੀ। ਸੋਚਣ ਹੀ ਲੱਗੇ ਹੋ ਤਾਂ ਇਹ ਵੀ ਸੋਚੋ ਕਿ ਜੇ ਇਕ ਫਿਰਕੇ ਦੇ ਲੋਕਾਂ ਨੂੰ ਏਨੀ ਬੇਰਹਿਮੀ ਨਾਲ ਦੇਸ਼ ਦੀ ਰਾਜਧਾਨੀ ਵਿਚ ਕਤਲ ਕੀਤਾ ਗਿਆ ਤਾਂ ਦਹਾਕਿਆਂ ਤਕ ਦੇਸ਼ ਵਿਚ ਹਾਏ-ਤੌਬਾ ਕਿਉਂ ਨਹੀਂ ਹੋਈ? ਸਾਰੇ ਦੇਸ਼ਵਾਸੀ ਇੰਨੇ ਘਟੀਆ ਹੋ ਗਏ ਅਤੇ ਅਸੀਂ ਬਸ ਮੁੱਠੀ-ਭਰ ਮਜ਼ਲੂਮ ਰਹਿ ਗਏ? ਸੱਚ ਇਹ ਹੈ ਕਿ ਉਨ੍ਹਾਂ ਕੋਲ ਇਕ ਬਿਰਤਾਂਤ ਸੀ ਜਿਸ ਨਾਲ ਉਨ੍ਹਾਂ ਆਪਣੀ ਸਮਝ ਦਾ ਨਿਰਮਾਣ ਕੀਤਾ। ਪੰਜਾਬ ਦੀ ਗੁੰਝਲਦਾਰ ਸਿਆਸਤ ਤੋਂ ਦੂਰ ਪਰ੍ਹੇ ਇਹ ਬਿਰਤਾਂਤ ਉਨ੍ਹਾਂ ਨੂੰ ਪਰੋਸਿਆ ਗਿਆ ਜਿਸ ਨਾਲ ਉਨ੍ਹਾਂ ਚੁਰਾਸੀ ਦੇ ਕਤਲੇਆਮ ਨੂੰ ਤਰਕਪੂਰਣ ਬਣਾਇਆ, ਭਾਵੇਂ ਉਚਿਤ ਸਿੱਧ ਨਾ ਵੀ ਕੀਤਾ ਹੋਵੇ।

ਕਤਲੇਆਮ ਅਤੇ ਦੰਗਿਆਂ ਦੀ ਰਾਜਨੀਤੀ ਦੀ ਆਪਣੀ ਖਾਸੀਅਤ ਹੁੰਦੀ ਹੈ ਤੇ ਉਪਜੀ ਇਨਸਾਫ਼ ਦੀ ਮੰਗ ਦੀ ਆਪਣੀ। ਅਸੀਂ ਕਦੇ ਵੀ ਬਾਕੀ ਦੇ ਦੇਸ਼ ਨਾਲ ਪੈਦਾ ਹੋਈ ਆਪਣੀ ਵਿੱਥ ਨਾਲ ਨਹੀਂ ਸਿੱਝਿਆ। ਸਿੱਖ ਦਾ ਮਰਨਾ ਨਾਗਰਿਕ ਦੀ ਮੌਤ ਹੈ, ਇਹ ਕਹਿਣ ਦਾ ਵੀ ਹੀਆ ਨਹੀਂ ਕੀਤਾ। ਸੰਨ 1984 ਅਤੇ ਸੰਨ 2002 ਦੀ ਲੜਾਈ ਵਿਚ ਸਾਂਝ ਨਹੀਂ ਬਣਾਈ। ਕਈਆਂ ਨੂੰ ਤਾਂ ਇਹ ਲੱਗੇਗਾ ਕਿ ਇਹ ਸਤਰ ਲਿਖ ਕੇ ਹੀ ਮੈਂ ਗਦਾਰੀ ਕਮਾਈ ਹੈ।

ਇਨਸਾਫ਼ ਮੰਗਦੇ ਭਾਈਚਾਰੇ ਨੂੰ ਵੀ ਇਹ ਵੱਖਰੇ-ਵੱਖਰੇ ਸਿਰਨਾਵੇਂ ਇਕ ਅੜਾਉਣੀ ਪਾਉਂਦੇ ਨੇ। ਸੱਜਣ ਕੁਮਾਰ ਨੂੰ ਜੇਲ੍ਹ ਜਾਂਦਾ ਵੇਖਣ ਲਈ ਆਤੁਰ ਹੁੰਦੀ ਭੀੜ ਦੇ ਆਪੂੰ-ਬਣੇ ਨੇਤਾ ਹਾਸ਼ਿਮਪੁਰਾ ਦੇ ਕਤਲੇਆਮ ਦੇ ਸਵਾਲ 'ਤੇ ਬਿਆਨ ਦੇਣਾ ਕਿਉਂ ਭੁੱਲ ਜਾਂਦੇ ਨੇ? ਹਮੇਸ਼ਾ ਜੋਸ਼ੀਲੇ ਨਾਅਰਿਆਂ ਦੀ ਤਲਾਸ਼ ਕਰਦੇ ਲੋਕ "ਚੁਰਾਸੀ, 2002 ਦੇ ਕਾਤਲਾਂ ਨੂੰ ਸਜ਼ਾ ਦਿਓ" ਦਾ ਨਾਅਰਾ ਕਿਉਂ ਸਿਰਫ਼ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੇ ਢਾਈ ਟੋਟਰੂਆਂ ਲਈ ਛੱਡ ਦਿੰਦੇ ਨੇ? ਅਜੇ ਲੜਾਈ ਸਿਰਫ਼ ਕੁਝ ਕੁ ਦੋਸ਼ੀਆਂ ਨੂੰ ਜੇਲ੍ਹ ਪਹੁੰਚਾਉਣ ਦੀ ਹੈ। ਜ਼ਰਾ ਸੋਚੋ, ਕਿੰਨੇ ਲੋਕਾਂ ਇਹ ਕਾਰੇ ਕੀਤੇ ਹੋਣਗੇ? ਕਿੰਨਿਆਂ ਵੇਖੇ ਹੋਣਗੇ? ਕਿੰਨਿਆਂ ਦੇ ਧੀਆਂ, ਪੁੱਤਾਂ ਆਪਣੇ ਪਿਓ ਨੂੰ ਕਿਸੇ ਨੂੰ ਸਾੜਦਿਆਂ ਤੱਕਿਆ ਹੋਵੇਗਾ? ਕਿੰਨਿਆਂ ਨੇ ਵਰ੍ਹਿਆਂ ਬਾਅਦ ਧੀ ਨੂੰ ਦੱਸਿਆ ਹੋਵੇਗਾ ਕਿ ਬਾਪੂ ਕਿਉਂ ਅੱਧੀ ਰਾਤੀਂ ਨੀਂਦ 'ਚੋਂ ਚੀਕਾਂ ਮਾਰ ਉੱਠਦਾ ਹੈ? ਉਨ੍ਹਾਂ ਲਈ ਕਿਸ ਨੇ ਲੜਨਾ ਸੀ? ਕਿੰਨੇ ਪੁਲੀਸ ਵਾਲਿਆਂ ਨੇ ਸਾਹਮਣੇ ਕਤਲ ਹੁੰਦੇ ਵੇਖ ਗੋਲੀ ਨਹੀਂ ਚਲਾਈ, ਵਾਇਰਲੈੱਸ 'ਤੇ ਸੰਦੇਸ਼ ਨਹੀਂ ਭੇਜਿਆ? ਸਮਾਪਤੀ ਤਾਂ ਸਭਨਾਂ ਨੂੰ ਨਸੀਬ ਹੋਵੇ, ਦੁਆ ਹੈ।

1984 ਦੇ ਕਤਲੇਆਮ ਦੀ 25ਵੀਂ ਵਰ੍ਹੇਗੰਢ

ਬਾਕੀ ਸਫ਼ਾ 29 'ਤੇ

# ਸਿਰੋਪੇ ਦੀ ਰਾਜਨੀਤੀ ਬੰਦ ਹੋਵੇ

**ਡਾ. ਜਸਪਾਲ ਸਿੰਘ**

ਅੱਜ ਦੇ ਦੌਰ ਵਿੱਚ ਸਭ ਤੋਂ ਵੱਡਾ ਨੁਕਸਾਨ ਇਹੋ ਹੈ ਕਿ ਸਾਡੀਆਂ ਤਕਰੀਬਨ ਸਾਰੀਆਂ ਸੰਸਥਾਵਾਂ ਨਿਘਾਰ ਵੱਲ ਚਲੀਆਂ ਗਈਆਂ ਹਨ। ਜਿਹਨਾਂ ਸੰਸਥਾਵਾਂ ਨੂੰ ਬਣਦਿਆਂ ਪੰਜ ਸਦੀਆਂ ਲੱਗੀਆਂ ਹਨ, ਉਹਨਾਂ ਨੂੰ ਸਾਡੀਆਂ ਨਾਦਾਨੀਆਂ ਨੇ ਕੁਝ ਸਾਲਾਂ ਵਿੱਚ ਹੀ ਤਬਾਹੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਜੇ ਅਸੀਂ ਸਵਾਰਥਵੱਸ ਆਪਣੀਆਂ ਸੰਸਥਾਵਾਂ ਦੀ ਸੰਭਾਲ ਨਹੀਂ ਕਰਾਂਗੇ, ਤਾਂ ਇੱਕ ਦਿਨ ਅਜਿਹਾ ਆਵੇਗਾ ਕਿ ਸਾਡੀ ਆਪਣੀ ਹਸਤੀ ਤੇ ਜਮਾਤੀ ਹੋਂਦ ਵੀ ਖ਼ਤਰੇ ਵਿੱਚ ਪੈ ਜਾਵੇਗੀ। ਸਰਕਾਰ ਉੱਪਰ ਅਸੀਂ ਹਮੇਸ਼ਾਂ ਦੋਸ਼ ਦਿੰਦੇ ਹਾਂ ਕਿ ਉਹ ਸਾਡੀਆਂ ਸੰਸਥਾਵਾਂ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੀ ਹੈ, ਪਰ ਪੁੱਛਣਾ ਬਣਦਾ ਹੈ ਕਿ ਸਿਰੋਪਾ ਵਰਗੀ ਪਰੰਪਰਾਗਤ ਸੰਸਥਾ ਨੂੰ ਕਿਸ ਨੇ ਢਾਹ ਲਾਈ ? ਕੌਣ ਸੱਦਾ ਦਿੰਦਾ ਹੈ ਜਦੋਂ ਪੰਥ ਦੇ ਨਾਂ 'ਤੇ ਰਾਜਨੀਤੀ ਕਰਨ ਵਾਲੇ ਸਰਕਾਰ ਦੇ ਬੂਹੇ 'ਤੇ 'ਸਿਰੋਪਾ' ਲੈ ਕੇ ਖੜ੍ਹੇ ਹੁੰਦੇ ਹਨ।

ਅਜੋਕੇ ਸਮੇਂ ਦੀ ਤਫਸੀਲ ਕਰਦਿਆਂ ਰਤਾ ਸਿਧਾਂਤਕ ਪਿਛੋਕੜ ਦੀ ਗੱਲ ਕਰ ਲਈਏ। ਸਿਰੋਪਾ ਦਾ ਲਫਜ਼ੀ ਅਰਥ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਸਿਰ ਤੋਂ ਪੈਰ ਤੱਕ ਪਹਿਨਣ' ਵਾਲੀ ਪੋਸ਼ਾਕ' ਹੈ ਪਰ ਅਸਲ ਵਿੱਚ ਇਹ ਸਨਮਾਨ ਦਾ ਚਿੰਨ੍ਹ ਹੈ। ਗੁਰੂ ਦਰਬਾਰ ਵੱਲੋਂ ਪ੍ਰਸੰਨ ਹੋ ਕੇ, ਗੁਰੂ ਦੇ ਵਸਤਰ ਵਜੋਂ ਚਿੰਨ੍ਹ ਰੂਪ ਵਿੱਚ ਜਿਹੜੀ ਵਸਤੂ ਦਿੱਤੀ ਜਾਂਦੀ ਹੈ-ਉਸ ਨੂੰ ਸਿਰੋਪਾ ਕਿਹਾ ਜਾਂਦਾ ਹੈ। ਇਤਿਹਾਸ ਵੱਲ ਝਾਤ ਮਾਰੀਏ, ਤਾਂ ਪਹਿਲੀ ਵਾਰ ਸਿਰੋਪਾ ਵਜੋਂ ਦਸਤਾਰ ਦੀ ਬਖ਼ਸ਼ਸ਼ (ਗੁਰੂ) ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਵੱਲੋਂ ਕੀਤੀ ਗਈ ਸੀ। (ਗੁਰੂ) ਅਮਰਦਾਸ ਜੀ ਗੁਰੂ ਘਰ ਦੀ ਅਥਾਹ ਸੇਵਾ ਕਰਦੇ ਸਨ। ਹਮੇਸ਼ਾਂ ਅੱਧੀ ਰਾਤ ਨੂੰ ਜਾਗ ਕੇ ਤਿੰਨ ਕੋਹ ਦੂਰ ਬਿਆਸ ਨਦੀ ਵਿੱਚੋਂ ਜਲ ਲਿਆਇਆ ਕਰਦੇ ਤੇ ਕੋਸ਼ਿਸ਼ ਕਰਦੇ ਕਿ ਪੁੱਠੇ ਪੈਰੀਂ ਜਾਵਾਂ ਤਾਂ ਜੋ ਗੁਰੂ ਵੱਲ ਪਿੱਠ ਨਾ ਹੋ ਜਾਵੇ। ਇਸ ਬੇਮਿਸਾਲ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਅੰਗਦ ਦੇਵ ਜੀ ਨੇ ਉਹਨਾਂ ਨੂੰ ਸਿਰੋਪਾ ਵਜੋਂ ਆਪਣੀ ਦਸਤਾਰ ਦਿੱਤੀ ਜਿਸ ਨੂੰ ਉਹਨਾਂ ਵੱਡੀ ਪ੍ਰਾਪਤੀ ਤੇ ਬਖਸ਼ਸ਼ ਮੰਨ ਕੇ ਆਪਣੇ ਸਿਰ 'ਤੇ ਬੰਨ੍ਹ ਲਿਆ। ਇਸੇ ਤਰ੍ਹਾਂ ਪ੍ਰਸੰਨ ਹੋ ਕੇ ਗੁਰੂ ਅੰਗਦ ਦੇਵ ਕਦੇ ਕਦਾਈਂ ਉਹਨਾਂ ਨੂੰ ਦਸਤਾਰ ਦਿੰਦੇ ਰਹੇ। ਇਹ ਸਿਲਸਿਲਾ ਚੱਲਦਾ ਰਿਹਾ ਤੇ ਜਦੋਂ 12 ਵਰ੍ਹਿਆਂ ਪਿੱਛੋਂ ਗੁਰੂ ਅੰਗਦ ਦੇਵ ਨੇ ਗੁਰਿਆਈ ਗੁਰੂ ਅਮਰਦਾਸ ਨੂੰ ਦੇਣ ਦਾ ਫ਼ੈਸਲਾ ਕਰ ਲਿਆ ਅਤੇ ਉਹਨਾਂ ਨੂੰ ਨਵੀਂ ਪੁਸ਼ਾਕ ਪਹਿਨਾਉਣ ਲੱਗੇ, ਤਾਂ ਸਿਰ 'ਤੇ ਦਸਤਾਰ ਦਾ ਭਾਰ ਦੇਖ ਕੇ ਗੁਰੂ ਜੀ ਹੈਰਾਨ ਹੋ ਗਏ।

ਗੁਰੂ ਅਮਰਦਾਸ ਜੀ ਨੇ ਕਿਹਾ ਕਿ ਜਿੰਨੀਆਂ ਵੀ ਦਸਤਾਰਾਂ ਉਹਨਾਂ ਨੂੰ ਸਿਰੋਪਾ ਵਿੱਚ ਮਿਲੀਆਂ ਸਨ ਉਹਨਾਂ ਸਿਰ 'ਤੇ ਬੰਨ੍ਹ ਲਈਆਂ ਸਨ ਤੇ ਉਹਨਾਂ ਨੂੰ ਉਤਾਰਨ ਦੀ ਸਮੱਰਥਾ ਤੇ ਹਿੰਮਤ ਉਹਨਾਂ ਵਿੱਚ ਨਹੀਂ ਸੀ। ਗਿਆਨੀ ਗਿਆਨ ਸਿੰਘ ਨੇ ਇਸ ਹਕੀਕਤ ਨੂੰ ਬਿਆਨ ਕੀਤਾ ਹੈ।

ਹੁਤੋ ਮੰਡਾਸਾ ਇਨ ਕੋ ਸਿਰ ਸੋਊ ਖੁਲਾਇਓ
ਬਾਰਾ ਦ੍ਵਾਦਸ ਬਿਤੇ ਥੇ ਨਹਿ ਕਬਹੂੰ ਲਾਹਿਓ
ਚਾਦਰ ਜੋ ਗੁਰ ਬਖਸ਼ ਤੇ ਨਿਜ ਊਪਰ ਕੇਰੋ
ਸੋ ਸਿਰ ਪਰ ਬੰਧ ਲੇਤ ਥੇ ਇਓ ਭਯੋ ਬਡੇਰੋ।

ਸਿਰੋਪਾ ਦੀ ਮਹੱਤਤਾ ਇਸ ਇਤਿਹਾਸਕ ਘਟਨਾ ਤੋਂ ਸਪੱਸ਼ਟ ਉਜਾਗਰ ਹੈ। ਸਿੱਖ ਪਰੰਪਰਾ ਦੀ ਵੈਸੇ ਵੀ ਖਾਸੀਅਤ ਰਹੀ ਹੈ ਕਿ ਗੁਰੂ ਸਾਹਿਬਾਨ ਸਿਰਫ਼ ਉਪਦੇਸ਼ ਨਹੀਂ ਕਰਦੇ, ਸਗੋਂ ਹਰ ਗੱਲ ਅਮਲੀ ਰੂਪ ਵਿੱਚ ਕਰ ਵਿਖਾਉਂਦੇ ਹਨ। ਸਿਰੋਪਾ ਦਾ ਪਾਤਰ ਕੌਣ ਹੈ, ਸਿਰੋਪਾ ਦੇਣ ਦੀ ਸਮਰੱਥਾ ਕਿਸ ਪਾਸ ਹੈ ਤੇ ਸਿਰੋਪਾ ਦਾ ਕਿੰਨਾ ਸਤਿਕਾਰ ਹੋਣਾ ਚਾਹੀਦਾ ਹੈ ? ਗੁਰੂ ਸਾਹਿਬ ਨੇ ਆਪ ਇਹਨਾਂ ਪ੍ਰਸ਼ਨਾਂ ਦਾ ਉੱਤਰ ਅਮਲੀ ਤੌਰ 'ਤੇ ਦਿੱਤਾ ਹੈ ਅਤੇ ਸਿੱਖ ਜਗਤ ਵਾਸਤੇ ਲੀਹਾਂ ਮੁਕੱਰਰ ਕਰ ਦਿੱਤੀਆਂ ਹਨ। ਗੁਰੂ ਸਾਹਿਬਾਨ ਦੇ ਜੀਵਨ ਦਰਸ਼ਨ ਵਿੱਚ ਮਰਿਆਦਾ ਬਾਰੇ ਜਿਹੜੇ ਸੰਕੇਤ ਪ੍ਰਾਪਤ ਹੁੰਦੇ ਹਨ ਉਸ ਤੋਂ ਇਲਾਵਾ ਸਿੱਖ ਮਰਿਆਦਾ ਦਾ ਮੁੱਢ ਦਰਬਾਰ ਸਾਹਿਬ ਦੀ ਰਹੁ-ਰੀਤੀ ਦੇ ਆਧਾਰ 'ਤੇ ਬੰਨ੍ਹਿਆ ਜਾਂਦਾ ਹੈ ਅਤੇ ਉੱਥੋਂ ਹੀ ਸਾਰੀ ਮਰਿਆਦਾ ਦਾ ਫੈਲਾਓ ਸਮੁੱਚੇ ਸਿੱਖ ਜਗਤ ਵਿੱਚ ਹੁੰਦਾ ਹੈ। ਇੱਥੇ ਦਰਬਾਰ ਸਾਹਿਬ ਵਿੱਚ ਸਿਰੋਪਾ ਦੀ ਪਰੰਪਰਾ ਨਾਲ ਸੰਬੰਧਿਤ ਕੁਝ ਇਤਿਹਾਸਕ ਘਟਨਾਵਾਂ ਦੇ ਵੇਰਵਿਆਂ ਵੱਲ ਤੁਹਾਡਾ ਧਿਆਨ ਦੁਆਉਣਾ ਜ਼ਰੂਰੀ ਹੈ। ਪਹਿਲੀ ਘਟਨਾ ਸੰਨ 1925 ਦੀ ਹੈ। ਗੁਰੂ ਨਾਨਕ ਪਾਤਸ਼ਾਹ ਉੱਪਰ ਅਥਾਹ ਸ਼ਰਧਾ ਰੱਖਣ ਵਾਲੇ ਫ਼ਕੀਰ ਹਾਜੀ ਮੁਹੰਮਦ ਮਸਕੀਨ ਨੇ ਤਕਰੀਬਨ ਛੇ ਸਾਲ ਟਿਕ ਬੈਠ ਕੇ ਚੰਦਨ ਦੀ ਲੱਕੜੀ ਵਿੱਚੋਂ ਕੱਢੇ ਇੱਕ ਲੱਖ 45 ਹਜ਼ਾਰ ਰੇਸ਼ਿਆਂ ਨਾਲ ਇੱਕ ਅਤਿ-ਖ਼ੂਬਸੂਰਤ ਚਵਰ ਤਿਆਰ ਕੀਤਾ ਅਤੇ ਦਰਬਾਰ ਸਾਹਿਬ ਦੀ ਭੇਟ ਚੜ੍ਹਾਇਆ। ਦੁਨੀਆਂ ਇਸ ਚਵਰ ਨੂੰ ਦੇਖਣ ਲਈ ਆਈ। ਦਰਬਾਰ ਸਾਹਿਬ ਦੇ ਅਧਿਕਾਰੀਆਂ ਨੇ ਹਾਜੀ ਸਾਹਿਬ ਦੀ ਗੁਰੂ-ਭਗਤੀ, ਲਗਨ ਤੇ ਸੇਵਾ ਪ੍ਰਤੀ ਸਤਿਕਾਰ ਭਾਵਨਾ ਪ੍ਰਗਟਾਉਣ ਲਈ ਉਹਨਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਇਸੇ ਤਰ੍ਹਾਂ ਦੂਜੀ ਘਟਨਾ ਭਾਈ ਗਿਆਨ ਸਿੰਘ ਨਾਲ ਜੁੜੀ ਹੈ ਜਿਹਨਾਂ ਨੇ 32 ਸਾਲ ਦਰਬਾਰ ਸਾਹਿਬ ਵਿੱਚ ਨੱਕਾਸ਼ੀ ਦਾ ਕੰਮ ਕੀਤਾ ਅਤੇ ਆਪਣੀ ਅਦੁੱਤੀ ਕਲਾ ਸਦਕਾ ਆਪਣਾ ਨਾਮ ਅਮਰ ਕਰ ਲਿਆ। ਭਾਈ ਸਾਹਿਬ ਨੱਕਾਸ਼ੀ ਦੀ ਸਿੱਖ ਪਰੰਪਰਾ ਦੀ ਆਖਰੀ ਕੜੀ ਸਨ, ਕਿਉਂਕਿ ਉਹਨਾਂ ਦੀ ਮੌਤ ਤੋਂ ਬਾਅਦ ਕੋਈ ਵੀ ਉਹਨਾਂ ਦੀ ਥਾਂ ਗ੍ਰਹਿਣ ਨਹੀਂ ਕਰ ਸਕਿਆ। ਸੰਨ 1949 ਵਿੱਚ ਸ਼੍ਰੋਮਣੀ ਕਮੇਟੀ ਨੇ ਭਾਈ ਗਿਆਨ ਸਿੰਘ ਨੂੰ ਉਹਨਾਂ ਦੀ ਅਦੁੱਤੀ ਕਲਾ ਤੇ ਸੇਵਾ ਪ੍ਰਤੀ ਸਤਿਕਾਰ ਪ੍ਰਗਟ ਕਰਨ ਲਈ ਗੁਰੂ ਘਰ ਵੱਲੋਂ ਸਿਰੋਪਾ ਦੇ ਕੇ ਨਿਵਾਜਿਆ।



ਤੀਜੀ, ਸਿਰੋਪਾ ਨਾਲ ਜੁੜੀ ਸਿੱਖ ਹਿਰਦਿਆਂ ਨੂੰ ਦੁਖਾਉਣ ਵਾਲੀ ਇੱਕ ਘਟਨਾ ਵੀ ਇਤਿਹਾਸ ਦੇ ਪੰਨਿਆਂ ਵਿੱਚ ਬੰਦ ਹੈ। ਸਰਕਾਰ ਦੁਆਰਾ ਮੁਕੱਰਰ ਦਰਬਾਰ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਨੇ ਅਕਾਲ ਤਖ਼ਤ ਸਾਹਮਣੇ ਬੰਦੇ ਇਕੱਠੇ ਕਰਕੇ ਸੰਨ 1919 ਵਿੱਚ ਜਲ੍ਹਿਆਂਵਾਲੇ ਬਾਗ਼ ਵਿੱਚ ਸੈਂਕੜੇ ਬੇਗੁਨਾਹਾਂ ਦਾ ਖ਼ੂਨ ਡੋਲ੍ਹਣ ਵਾਲੇ ਜਨਰਲ ਡਾਇਰ ਨੂੰ ਸਿਰੋਪਾ ਦੇ ਦਿੱਤਾ। ਪੂਰੇ ਪੰਜਾਬ ਵਿੱਚ ਅਤੇ ਖ਼ਾਸ ਤੌਰ 'ਤੇ ਅੰਮ੍ਰਿਤਸਰ ਸ਼ਹਿਰ ਵਿੱਚ ਇਸ ਕਾਰਵਾਈ ਵਿਰੁੱਧ ਗ਼ਮ ਤੇ ਗੁੱਸੇ ਦੀ ਲਹਿਰ ਦੌੜ ਗਈ। ਥਾਂ-ਥਾਂ ਪ੍ਰੋਟੈਸਟ ਹੋਏ, ਜਲੂਸ ਕੱਢੇ ਗਏ। ਅੰਤ ਵਿੱਚ ਇੱਕ ਵੱਡਾ ਇਕੱਠ ਜਲ੍ਹਿਆਂਵਾਲਾ ਬਾਗ਼ ਵਿੱਚ ਕੀਤਾ ਗਿਆ। ਇਸ ਇਕੱਠ ਵਿੱਚ ਸਰਕਾਰ ਨੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਅਰੂੜ ਸਿੰਘ ਨੂੰ ਪੇਸ਼ ਕਰ ਦਿੱਤਾ। ਅਰੂੜ ਸਿੰਘ ਨੇ ਖਲੋ ਕੇ ਸਿੱਖ ਸੰਗਤਾਂ ਪਾਸੋਂ ਮੁਆਫ਼ੀ ਮੰਗੀ ਤੇ ਅਸਤੀਫ਼ਾ ਪੇਸ਼ ਕੀਤਾ। ਦਰਬਾਰ ਸਾਹਿਬ ਵਿੱਚ ਸਿਰੋਪਾ ਦੀ ਪਰੰਪਰਾ ਸੰਬੰਧੀ ਤਿੰਨਾਂ ਘਟਨਾਵਾਂ ਦੇ ਅਧਿਐਨ ਤੋਂ ਇਹ ਤੱਥ ਸਾਹਮਣੇ ਆਉਂਦੇ ਹਨ-

1) ਸਿਰੋਪਾ ਉਸੇ ਵਿਅਕਤੀ ਨੂੰ ਦਿੱਤਾ ਜਾ ਸਕਦਾ ਹੈ, ਜਿਸ ਨੇ ਅਦੁੱਤੀ ਸੇਵਾ ਨਾਲ ਆਪਣੇ ਆਪ ਨੂੰ ਉਸ ਦਾ ਪਾਤਰ ਬਣਾ ਲਿਆ ਹੋਵੇ ਤੇ ਸਿੱਖ ਸੰਗਤਾਂ ਵਿੱਚ ਉਸ ਦੀਆਂ ਸੇਵਾਵਾਂ ਨੂੰ ਸਨਮਾਨਿਤ ਕਰਨ ਬਾਰੇ ਆਮ ਰਾਇ ਹੋਵੇ।

2) ਸਿਰੋਪਾ ਸੰਸਥਾਤਮਕ ਤੇ ਜੱਥੇਬੰਦਕ ਫ਼ੈਸਲੇ ਅਧੀਨ ਹੀ ਦਿੱਤਾ ਜਾ ਸਕਦਾ ਹੈ। ਕਿਸੇ ਦੀ ਵਿਅਕਤੀਗਤ ਇੱਛਾ ਕਿਸੇ ਨੂੰ ਸਿਰੋਪਾ ਦੇਣ ਦੇ ਸਮਰੱਥ ਨਹੀਂ ਬਣਾ ਸਕਦੀ।

3)ਸਿਰੋਪਾ ਨੂੰ ਸੰਗਤਾਂ ਦੀ ਪ੍ਰਵਾਨਗੀ ਹੋਣਾ ਆਵੱਸ਼ਕ ਹੈ। ਜੇ ਇਹ ਪ੍ਰਵਾਨਗੀ ਨਾ ਪ੍ਰਾਪਤ ਹੋਵੇ, ਤਾਂ ਵਿਰੋਧ ਇਸ ਹੱਦ ਤੱਕ ਹੋ ਸਕਦਾ ਹੈ ਕਿ ਸਿਰੋਪਾ ਦੇਣ ਵਾਲਾ ਮੁਆਫ਼ੀਆਂ ਮੰਗਦਾ ਫਿਰੇ ਤੇ ਹਮੇਸ਼ਾਂ ਲਈ ਪੰਥ ਤੋਂ ਦੂਰ ਹੋ ਜਾਵੇ।

4) ਇਹਨਾਂ ਤੱਥਾਂ ਤੋਂ ਇਲਾਵਾ ਅਰੂੜ ਸਿੰਘ ਦੀ ਘਟਨਾ ਵਿੱਚੋਂ ਸਾਨੂੰ ਇੱਕ ਹੋਰ ਵਿਸ਼ੇਸ਼ ਦ੍ਰਿਸ਼ਟੀ ਵੀ ਮਿਲਦੀ ਹੈ। ਇਹ ਘਟਨਾ ਅਸਲ ਵਿੱਚ ਸਾਨੂੰ ਚੇਤੰਨ ਕਰਦੀ ਹੈ ਕਿ ਕਿਸ ਤਰ੍ਹਾਂ ਸਰਕਾਰਾਂ ਧਰਮ ਅਸਥਾਨਾਂ ਤੇ ਉਸ ਦੀਆਂ ਮਰਿਆਦਾਵਾਂ ਨਾਲ ਖਿਲਵਾੜ ਕਰਨ ਦੀ ਸਮਰੱਥਾ ਰੱਖਦੀਆਂ ਹਨ ਅਤੇ ਸਰਕਾਰਾਂ ਦੇ ਹੱਥਾਂ ਵਿੱਚ ਖੇਡਣ ਵਾਲੇ ਧਾਰਮਿਕ ਆਗੂ ਕਿਸ ਹੱਦ ਤੱਕ ਨੀਵਾਂ ਜਾ ਸਕਦੇ ਹਨ।

ਦਰਬਾਰ ਸਾਹਿਬ ਦੀ ਪਰੰਪਰਾ ਦੀ ਗੱਲ ਚੱਲ ਰਹੀ ਹੈ, ਤਾਂ ਇੱਕ ਹੋਰ ਜ਼ਰੂਰੀ ਤੱਥ ਵੱਲ ਧਿਆਨ ਦੁਆਉਣ ਦੀ ਵੀ ਲੋੜ ਹੈ। ਦਰਬਾਰ ਸਾਹਿਬ ਤੇ ਹੋਰ ਇਤਿਹਾਸਕ ਅਸਥਾਨਾਂ ਵਿੱਚ ਇੱਕ ਪਰੰਪਰਾ ਚੱਲ ਪਈ ਹੈ। ਇਸ ਨਵੀਂ ਪਰੰਪਰਾ ਅਨੁਸਾਰ ਇੱਕ ਨਿਸ਼ਚਿਤ ਰਕਮ ਮੱਥਾ ਟੇਕਣ ਵਾਲੇ ਨੂੰ ਸਿਰੋਪਾ ਦਿੱਤਾ ਜਾਂਦਾ ਹੈ।

ਹਾਲਾਂ ਕਿ ਕੋਈ ਸਿਧਾਂਤਕ ਆਧਾਰ ਨਹੀਂ ਮਿਲਦਾ ਇਸ ਪਰੰਪਰਾ ਵਿੱਚ, ਸਿਵਾਇ ਇਸ ਦੇ ਕਿ ਗੋਲਕ ਵਧਾਉਣ ਦਾ ਇਹ ਇੱਕ ਮਾੜਾ ਸਾਧਨ ਹੈ। ਹੋਰ ਕੋਈ ਦਲੀਲ ਵੀ ਨਹੀਂ ਹੈ। ਕਈ ਵਾਰ ਤਾਂ ਇੱਦਾਂ ਹੁੰਦਾ ਹੈ ਕਿ ਮੱਥਾ ਟੇਕਣ ਵਾਲੇ ਨੇ ਨਿਸ਼ਚਿਤ ਰਕਮ ਜਾਂ ਉਸ ਤੋਂ ਵੱਧ ਮੱਥਾ ਟੇਕਿਆ ਹੁੰਦਾ ਹੈ, ਪਰ ਜੇ ਉਸ ਨੂੰ ਅਰਦਾਸੀਏ ਜਾਂ ਸੰਬੰਧਿਤ ਸੇਵਾਦਾਰ ਨੇ ਨਹੀਂ ਦੇਖਿਆ ਤਾਂ ਕਹਿਣਾ ਪੈਂਦਾ ਹੈ ਕਿ ਮੈਂ ਏਨੀ ਰਕਮ ਮੱਥਾ ਟੇਕੀ ਹੈ-ਮੈਨੂੰ ਸਿਰੋਪਾ ਨਹੀਂ ਮਿਲਿਆ। ਸਾਡੀ ਮਾਨਤਾ ਹੈ ਕਿ ਸਿਰੋਪਾ ਨੂੰ ਕਿਸੇ ਵੀ ਤਰ੍ਹਾਂ ਮੱਥਾ ਟੇਕਣ ਵਾਲੀ ਰਕਮ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਸੇਵਾ ਸਿਮਰਨ, ਚੰਗਾ ਆਚਰਨ ਤਾਂ ਬੰਦੇ ਨੂੰ ਸਿਰੋਪਾ ਦਾ ਪਾਤਰ ਬਣਾ ਸਕਦਾ ਹੈ, ਪਰ ਵੱਧ ਰਕਮ ਮੱਥਾ ਟੇਕਣੀ ਬਿਲਕੁਲ ਨਹੀਂ। ਇਸ ਪਰੰਪਰਾ ਦੀ ਬੁਨਿਆਦ ਪੂੰਜੀਵਾਦੀ ਬਿਰਤੀ ਹੈ ਅਤੇ ਸ਼ਾਇਦ ਸਰਮਾਏ ਦੇ ਪ੍ਰਭਾਵ ਹੇਠਾਂ ਇਸ ਦਾ ਆਰੰਭ ਹੋਇਆ ਹੋਵੇਗਾ। ਇਸ ਲਈ ਇਸ ਦਾ ਜਾਰੀ ਰਹਿਣਾ ਸਿੱਖ ਪਰੰਪਰਾ ਦੇ ਵਿਕਾਸ ਲਈ ਨੁਕਸਾਨਦੇਹ ਹੈ।

ਇਸ ਚਰਚਾ ਦਾ ਨਿਚੋੜ ਇਹ ਹੈ ਕਿ ਸਿਰੋਪਾ ਬਾਰੇ ਕੁਝ ਬੁਨਿਆਦੀ ਸਿਧਾਂਤ ਨਿਸ਼ਚਿਤ ਕਰਨ ਦੀ ਫੌਰੀ ਲੋੜ ਹੈ। ਪਹਿਲੀ ਗੱਲ ਇਹ ਨਿਸ਼ਚਿਤ ਕਰਨ ਵਾਲੀ ਹੈ ਕਿ ਸਿਰੋਪਾ ਦਾ ਪਾਤਰ ਕੌਣ ਹੈ ? ਕਿਸ ਨੂੰ ਸਿਰੋਪਾ ਦਿੱਤਾ ਜਾ ਸਕਦਾ ਹੈ ? ਕੀ ਬੁਨਿਆਦੀ ਯੋਗਤਾਵਾਂ ਵਿਅਕਤੀ ਵਿੱਚ ਹੋਣ ਤਾਂ ਜੋ ਉਸ ਨੂੰ ਸਿਰੋਪਾ ਦਾ ਅਧਿਕਾਰੀ ਮੰਨਿਆ ਜਾਵੇ ? ਸਪੱਸ਼ਟ ਹੈ ਕਿ ਧਰਮ ਅਤੇ ਮਨੁੱਖਤਾ ਦੀ ਭਲਾਈ ਲਈ ਘਾਲਣਾ ਘਾਲਣ ਵਾਲੇ, ਕੁਰਬਾਨੀ ਕਰਨ ਵਾਲੇ, ਸੱਚੇ-ਸੁੱਚੇ ਧਰਮੀ ਮਨੁੱਖ ਨੂੰ ਹੀ ਸਿਰੋਪਾ ਦਾ ਪਾਤਰ ਮੰਨਿਆ ਜਾ ਸਕਦਾ ਹੈ।

ਪਰ ਫਿਰ ਸੁਆਲ ਉੱਠਦਾ ਹੈ ਕਿ ਕੀ ਕੋਈ ਇੱਕ ਵਿਅਕਤੀ ਕਿਸੇ ਨੂੰ ਸਿਰੋਪਾ ਦਾ ਪਾਤਰ ਜਾਂ ਹੱਕਦਾਰ ਐਲਾਨ ਸਕਦਾ ਹੈ ਜਾਂ ਕਿਸੇ ਇੱਕ ਵਿਅਕਤੀ ਵੱਲੋਂ ਦਿੱਤੀ ਕਿਸੇ ਭੇਟਾ ਨੂੰ ਸਿਰੋਪਾ ਕਿਹਾ ਜਾ ਸਕਦਾ ਹੈ ? ਸਾਡੀ ਧਾਰਨਾ ਹੈ ਕਿ ਬਿਲਕੁਲ ਨਹੀਂ। ਸਿਰੋਪਾ ਖ਼ੁਦ ਇੱਕ ਸੰਸਥਾ ਹੈ ਅਤੇ ਸਿਰਫ਼ ਸੰਸਥਾ ਵੱਲੋਂ ਹੀ ਦਿੱਤਾ ਜਾ ਸਕਦਾ ਹੈ, ਸੰਸਥਾ ਵੀ ਉਹ ਜਿਹੜੀ ਸਿੱਖ ਸਿਧਾਂਤ ਵਿੱਚ ਪਰਿਪੱਕ ਹੋਵੇ ਅਤੇ ਜਿਸ ਨੂੰ ਸਿੱਖ ਪਰੰਪਰਾ ਵੱਲੋਂ ਇਹ ਅਧਿਕਾਰ ਪ੍ਰਾਪਤ ਹੋਵੇ। ਇਹ ਵੀ ਪ੍ਰਸ਼ਨ ਮਹੱਤਵਪੂਰਨ ਹੈ ਕਿ ਸਿਰੋਪਾ ਕਿੱਥੇ ਦਿੱਤਾ ਜਾ ਸਕਦਾ ਹੈ ? ਕਿਸੇ ਦੇ ਘਰ ਜਾ ਕੇ 'ਸਿਰੋਪਾ' ਦੇਣਾ ਕਿੱਥੋਂ ਤੱਕ ਸਿੱਖ ਮਰਿਆਦਾ ਦੇ ਅਨੁਕੂਲ ਹੈ ? ਅਸਲ ਵਿੱਚ ਕਿਸੇ ਦੇ ਘਰ 'ਸਿਰੋਪਾ' ਚੁੱਕ ਕੇ ਜਾਣਾ ਬੜੀ ਵੱਡੀ ਹੱਤਕ ਹੈ ਅਤੇ ਖ਼ੁਸ਼ਾਮਦ ਅਧੀਨ ਕੀਤੀ ਜਾਣ ਵਾਲੀ ਐਸੀ ਕਾਰਵਾਈ ਹੈ, ਜਿਸ ਨਾਲ ਨਿਰੀ ਮਰਿਆਦਾ ਦੀ ਹੀ ਨਹੀਂ, ਪੂਰੇ ਭਾਈਚਾਰੇ ਦੀ ਨਿਰਾਦਰੀ ਹੁੰਦੀ ਹੈ। ਇਸ ਵਿੱਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਸਿਰੋਪਾ ਸਿਰਫ਼ ਗੁਰਦੁਆਰਾ ਸਾਹਿਬ ਵਿੱਚ ਸੰਗਤ ਦੀ ਹਾਜ਼ਰੀ ਵਿੱਚ ਗੁਰੂ ਦਰਬਾਰ ਵੱਲੋਂ ਕਿਸੇ ਵਿਅਕਤੀ ਨੂੰ ਅਦੁੱਤੀ ਸੇਵਾ ਲਈ ਸਨਮਾਨਿਤ ਕਰਨ ਲਈ ਸੰਸਥਾਤਮਕ ਨਿਰਣੇ ਦੁਆਰਾ ਹੀ ਦਿੱਤਾ ਜਾ ਸਕਦਾ ਹੈ। ਇੱਕ ਹੋਰ ਜ਼ਰੂਰੀ ਨੁਕਤਾ ਇਹ ਹੈ ਕਿ ਸਿਰੋਪਾ ਵਿੱਚ ਕਿਰਪਾਨ ਉਸ ਵਿਅਕਤੀ ਨੂੰ ਦੇਣੀ ਚਾਹੀਦੀ ਹੈ, ਜਿਹੜਾ ਕਿਰਪਾਨਧਾਰੀ ਹੋਵੇ ਅਤੇ ਸਿਰੋਪਾ ਵਜੋਂ ਕਿਰਪਾਨ ਦੇਣ ਵਾਲਾ ਵੀ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ।

ਅੱਜ ਇਹ ਜ਼ਰੂਰੀ ਹੋ ਗਿਆ ਹੈ ਕਿ ਕਿਸੇ ਦੇ ਘਰ ਜਾ ਕੇ 'ਸਿਰੋਪਾ' ਦੇਣ ਦੀ ਜਿਹੜੀ ਮਨਮਤ ਪਸਰ ਰਹੀ ਹੈ ਉਸ 'ਤੇ ਪੂਰੀ ਪਾਬੰਦੀ ਲਾਉਣੀ ਚਾਹੀਦੀ ਹੈ ਅਤੇ ਇਸ ਕਿਸਮ ਦੇ ਉਪਰਾਲੇ ਕਰਨੇ ਚਾਹੀਦੇ ਹਨ ਕਿ ਸਿੱਖ ਸੰਗਤਾਂ ਇਸ ਵਿਸ਼ੇ 'ਤੇ ਵਧੇਰੇ ਜਾਗਰੂਕ ਹੋ ਸਕਣ। ਬਹੁਤ ਚੰਗਾ ਹੋਵੇ ਜੇ ਵਿਦਵਾਨਾਂ ਦੀ ਰਾਇ ਨਾਲ ਇੱਕ ਨਿਸ਼ਚਿਤ 'ਸਿਰੋਪਾ ਵਿਧਾਨ' ਦੀ ਸਿਰਜਣਾ ਕੀਤੀ ਜਾਵੇ-ਜਿਸ ਵਿੱਚ ਨਾ ਸਿਰਫ਼ ਇਸ ਦੀ ਵਜ਼ਾਹਤ ਹੋਵੇ ਕਿ ਕੌਣ ਸਿਰੋਪਾ ਦੇਣ ਤੇ ਪ੍ਰਾਪਤ ਕਰਨ ਦਾ ਹੱਕਦਾਰ ਤੇ ਪਾਤਰ ਹੈ, ਸਗੋਂ ਸਿਰੋਪਾ ਦੀ ਮਰਿਆਦਾ ਦਾ ਪਾਲਣ ਕਿਸ ਤਰ੍ਹਾਂ ਕਰਾਇਆ ਜਾਵੇ ਅਤੇ ਕਿਸੇ ਵੀ ਉਲੰਘਣ ਨੂੰ ਕਿੱਦਾਂ ਰੋਕਿਆ ਜਾਵੇ। ਇਹਨਾਂ ਪਹਿਲੂਆਂ ਦੀ ਵੀ ਪੂਰੀ ਜਾਣਕਾਰੀ ਦਿੱਤੀ ਹੋਵੇ।

ਅੰਤ ਵਿੱਚ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਸਿਰੋਪਾ ਇੱਕ ਪਵਿੱਤਰ ਪਰੰਪਰਾਗਤ ਸੰਸਥਾ ਹੈ ਅਤੇ ਇਸ ਦੀ ਉੱਚਤਾ ਤੇ ਸੁੱਚਤਾ ਨੂੰ ਕਾਇਮ ਰੱਖਣਾ ਹਰੇਕ ਸਿੱਖ ਦੀ ਜ਼ਿੰਮੇਵਾਰੀ ਹੈ। ਕੋਸ਼ਿਸ਼ ਕਰੀਏ ਕਿ ਜਿਹੜੇ ਲੋਕੀਂ ਪਰੰਪਰਾਵਾਂ ਦੀ ਬਲੀ ਦੇ ਕੇ ਰਾਜਨੀਤੀ ਕਰ ਰਹੇ ਹਨ ਉਨ੍ਹਾਂ ਨੂੰ ਰੋਕੀਏ। ਮੰਤਰੀਆਂ ਦੇ ਘਰਾਂ ਵਿੱਚ ਜਾ ਕੇ ਆਓ-ਭਗਤ ਕਰਨ ਦੀ ਉਹਨਾਂ ਨੂੰ ਬੇਨਤੀ ਕਰੀਏ ਕਿ ਉਹ ਜੀਅ ਸਦਕੇ ਮੰਤਰੀਆਂ ਦਾ ਮਾਣ ਸਤਿਕਾਰ ਕਰਨ, ਪਰ ਸਿਰੋਪਾ ਦੀ ਥਾਂ 'ਤੇ ਕੋਈ ਹੋਰ ਤਰੀਕਾ ਲੱਭ ਲੈਣ – ਜਿਸ ਨਾਲ ਮਰਿਆਦਾ ਤੇ ਪਰੰਪਰਾ ਦੀ ਬੇਪਤੀ ਵੀ ਨਾ ਹੋਵੇ ਅਤੇ ਉਹਨਾਂ ਦਾ ਝੱਸ ਜਾਂ ਗ਼ਰਜ਼ ਵੀ ਪੂਰੀ ਹੋ ਜਾਵੇ। ਬਾਣੀ ਦੇ ਇਸ ਫ਼ੁਰਮਾਨ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ-ਸਾਕਤ ਸਿਰਪਾਓ ਰੇਸਮੀ ਪਹਿਰਤ ਪਤਿ ਖੋਈ।।

# ਜਿਹਲਮ ਵਿਚ ਲਾਹੌਰ ਅਥਾਰਟੀ ਕਰਾ ਰਹੀ ਹੈ ਗੁਰਦੁਆਰਿਆਂ ਦੀ ਮੁਰੰਮਤ

## ਅਧਿਕਾਰੀਆਂ ਨੂੰ ਉਮੀਦ ਕਿ ਇਹ ਕੰਮ ਅਗਲੇ ਸਾਲ ਤੋਂ ਪਹਿਲਾਂ ਪੂਰਾ ਹੋ ਜਾਵੇਗਾ







**ਇਸਲਾਮਾਬਾਦ/ਬਿਊਰੋ ਨਿਊਜ਼ :**
ਗੁਰਦੁਆਰਾ ਚੋਆ ਸਾਹਿਬ ਸਮੇਤ ਜਿਹਲਮ ਵਿਚ ਸਥਿਤ ਤਿੰਨ ਸਿੱਖ ਧਾਰਮਿਕ ਸਥਾਨਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ। ਪਾਕਿਸਤਾਨੀ ਪੰਜਾਬ ਦੇ ਜਿਹਲਮ ਜਿਲ੍ਹੇ ਵਿਚ ਸ਼ਾਹ ਰਾਹ ਤੋਂ ਕੁਝ ਕਿਲੋਮੀਟਰ ਦੂਰ ਘਨ ਝੀਲ ਦੇ ਕਿਨਾਰੇ ਇਕ ਗੁਰਦੁਆਰਾ ਚੋਆ ਸਾਹਿਬ ਦੀ ਬਹੁਤ ਸੁੰਦਰ ਇਮਾਰਤ ਹੈ। ਇਤਿਹਾਸ ਮੁਤਾਬਕ ਰੋਹਤਾਸ ਦੇ ਕਿਲੇ ਦੀ ਫਸੀਲ ਵਿਚ ਪੈਂਦੇ ਇਸ ਇਤਿਹਾਸਕ ਸਥਾਨ 'ਤੇ ਗੁਰੂ ਨਾਨਕ ਸਾਹਿਬ ਮੱਕੇ ਵੱਲ ਜਾਣ ਸਮੇਂ ਰਾਹ ਵਿੱਚ ਇੱਥੇ ਰੁਕੇ ਅਤੇ ਕੁਝ ਦੇਰ ਆਰਾਮ ਕੀਤਾ ਸੀ।ਰੋਹਤਾਸ ਦੇ ਕਿਲ੍ਹੇ ਦੀ ਉਸਾਰੀ ਸ਼ੇਰ ਸ਼ਾਹ ਸੂਰੀ ਨੇ ਕਰਵਾਈ ਸੀ।ਮਹਾਰਾਜਾ ਰਣਜੀਤ ਸਿੰਘ ਨੇ ਇਸ ਇਤਿਹਾਸਕ ਸਥਾਨ ਦੀ ਮਹੱਤਤਾ ਉਜਾਗਰ ਕਰਨ ਲਈ ਆਪਣੇ ਰਾਜ ਕਾਲ ਦੌਰਾਨ 1834 ਵਿੱਚ ਇੱਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ।ਗੁਰਦੁਆਰੇ ਦੀ ਇਮਾਰਤ ਆਪਣੀਆਂ 23 ਖਿੜਕੀਆਂ ਅਤੇ ਚਾਰ- ਚਾਰ ਫੁੱਟ ਚੌੜੀਆਂ ਕੰਧਾਂ ਸਦਕਾ ਇਮਾਰਤ ਸਾਜ਼ੀ ਦਾ ਸ਼ਾਹਕਾਰ ਇੱਕ ਨਮੂਨਾ ਹੈ।

ਗੁਰਦੁਆਰਾ ਕਰਮ ਸਿੰਘ ਦੀ ਇਮਾਰਤ ਦੀ ਵੀ ਕਾਰ-ਸੇਵਾ ਇਸੇ ਪ੍ਰੋਜੈਕਟ ਦੇ ਹਿੱਸੇ ਵਜੋਂ ਚੱਲ ਰਹੀ ਹੈ।ਵੰਡ ਤੋਂ ਬਾਅਦ ਪਾਕਿਸਤਾਨ ਵਿੱਚ ਰਹਿ ਗਏ ਹੋਰ ਸਿੱਖ ਧਾਰਮਿਕ ਸਥਾਨਾਂ ਵਾਂਗ ਹੀ ਇਹ ਗੁਰਦੁਆਰਾ ਚੋਆ ਸਾਹਿਬ ਵੀ ਅਣਦੇਖੀ ਦਾ ਸ਼ਿਕਾਰ ਰਿਹਾ, ਜਿਸ ਕਾਰਨ ਇਸ ਦੀ ਇਮਾਰਤ ਬੁਰੀ ਹਾਲਤ ਵਿਚ ਆ ਗਈ ਸੀ।ਹਾਲ ਹੀ ਵਿੱਚ ਪਾਕਿਸਤਾਨ ਨੇ ਜਿਹਲਮ ਵਿਚ ਸਥਿਤ ਤਿੰਨ ਸਿੱਖ ਗੁਰਦੁਆਰਿਆਂ ਨੂੰ ਉਨ੍ਹਾਂ ਦਾ ਖੁੱਸਿਆ ਰੂਪ ਵਾਪਸ ਦਿਵਾਉਣ ਦਾ ਫੈਸਲਾ ਕੀਤਾ ਹੈ। ਗੁਰਦੁਆਰਾ ਚੋਆ ਸਾਹਿਬ ਉਨ੍ਹਾਂ ਤਿੰਨਾਂ ਗੁਰਦੁਆਰਿਆਂ ਵਿੱਚੋਂ ਇੱਕ ਹੈ।ਪ੍ਰੋਜੈਕਟ ਦੀ ਨਿਗਰਾਨ ਜਿਹਲਮ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਸੈਫ਼ ਅਨਵਰ ਨੇ ਇਸ ਬਾਰੇ ਦੱਸਿਆ, "ਇਸ ਦਾ ਸੁਨੇਹਾ ਸਪਸ਼ਟ ਹੈ, ਸਰਹੱਦਾਂ ਇੱਕ ਸਚਾਈ ਹਨ, ਪਰ ਅਸੀਂ ਨਾ ਸਿਰਫ (ਦੂਸਰੇ ਧਰਮਾਂ ਦੇ) ਧਾਰਮਿਕ ਸਥਾਨਾਂ ਇਜ਼ਤ ਕਰਦੇ ਹਾਂ ਸਗੋਂ ਉਨ੍ਹਾਂ ਨੂੰ ਜਿਉਂ-ਦੇ-ਤਿਉਂ ਕਾਇਮ ਵੀ ਰੱਖਣਾ ਚਾਹੁੰਦੇ ਹਾਂ।"

ਉਨ੍ਹਾਂ ਅੱਗੇ ਕਿਹਾ, "ਕਰਤਾਰਪੁਰ ਵਿਚ ਬਣਾਏ ਲਾਂਘੇ ਨੂੰ ਅਸੀਂ ਜਿਹਲਮ ਤੱਕ ਲਿਆਉਣਾ ਚਾਹੁੰਦੇ ਹਾਂ।"

ਗੁਰਦੁਆਰਾ ਕਰਮ ਸਿੰਘ ਦੀ ਇਮਾਰਤ ਦੀ ਵੀ ਕਾਰ-ਸੇਵਾ ਇਸੇ ਪ੍ਰੋਜੈਕਟ ਦੇ ਹਿੱਸੇ ਵਜੋਂ ਚੱਲ ਰਹੀ ਹੈ। ਇਹ ਗੁਰਦੁਆਰਾ, ਜਿਹਲਮ ਦੇ ਐਨ ਵਿਚਕਾਰ ਸਥਿਤ ਹੈ। ਇਸ ਦੀ ਉਸਾਰੀ ਸ਼ਰਧਾਲੂਆਂ ਤੋਂ ਚੰਦਾ ਇਕੱਠਾ ਕਰਕੇ ਲਗਪਗ ਇੱਕ ਸਦੀ ਤੋਂ ਪਹਿਲਾਂ ਕੀਤੀ ਗਈ ਸੀ ਅਤੇ ਇਸ ਦੀ ਸਾਲ 1944 ਵਿੱਚ ਮੁੜ ਕਾਰ-ਸੇਵਾ ਕੀਤੀ ਗਈ ਸੀ।ਦਹਾਕਿਆਂ ਤੱਕ ਇਹ ਇਮਾਰਤ ਪੰਜਾਬ ਪੁਲਿਸ ਵੱਲੋਂ ਮੁਲਜ਼ਮਾਂ ਤੋਂ ਪੁੱਛ-ਗਿੱਛ ਕਰਨ ਵਾਲੇ ਕੇਂਦਰ ਵਜੋਂ ਕੀਤੀ

ਬਾਕੀ ਸਫ਼ਾ 28 'ਤੇ

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SKYWAY TRAVEL
SERVICE TRUST
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



www.indiventy.com
indiventy
Indiventy Technologies
CERTIFIED ISO 9001:2015 COMPANY
Full Website for $300 Only
UX SEO HTML 5 CMS
No Hidden Charges

Our Services
Website Designing
Website Development
Desktop Application Development
Mobile Application Development
Graphic Designing
SEO (search Engine Optimiztation)

Plans

Basic website
- Website + Domain + Hosting
- Full Website with uptown 8 Pages
- 5 Social Media Handles of Choice up to 4 Branded Emails accounts with 250mb storage each
- Full Responsive Design
- SEO friendly Structure
- 200 Backlinks

$300

Custom websites
- Custom Web Solutions with Framework
- Full Responsive Design
- SEO friendly Structure
- Online Branding including logo and Graphic Support
- Virus Protection and Malware Scanning
- SSL Certificate
- 500 backlinks

Starting $500
*Request Custom Quotation

Softwares/Applications
- Android and IOS applications
- Desktop Applications
- Online Offline Softwares

Starting $500
*Request Custom Quotation

More Information: 775-293-4666



ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279



GP THE GOLD PROGRAM

TRANS-ALLIANCE

NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

Consistent Nationwide Pricing
Pay the same low price whether you buy over-the-road or at your local dealer.

24/7/365 Coverage
Call us around the clock, and get access to our emergency roadside service program.

No Minimum Purchases
Buy only the number of tires you want at any given time.

Retain Your Local Service
Buy and receive service from your local dealer, and receive our national account service pricing.

— Save on top brands, like —

MICHELIN Continental GOODYEAR BFGoodrich DUNLOP YOKOHAMA KUMHO TIRES ROADMASTER TIRES

Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com
(855) 641-6955

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

Now Open

Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons
open 6am to midnight

Phone: 765-478-6300



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja SWEETS & CATERING
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## ਬਾਬਾ ਬਿੱਧੀ ਚੰਦ ਜੀ ਦੀ ਅੰਸ਼ ਵੰਸ਼ 'ਚੋਂ ਗਿਆਰਵੀਂ ਗੱਦੀ ਨਸ਼ੀਨ ਮਹਾਂਪੁਰਖ ਸੱਚਖੰਡ ਵਾਸੀ

# ਬਾਬਾ ਦਿਆ ਸਿੰਘ ਜੀ



ਸੱਚਖੰਡ ਵਾਸੀ ਬਾਬਾ ਦਿਆ ਸਿੰਘ ਜੀ ਸੁਰਸਿੰਘ ਵਾਲੇ

## ਦੀ ਮਿੱਠੀ ਪਿਆਰੀ ਯਾਦ ਵਿਚ

# ਬਰਸੀ

## ਗੁਰਦੁਆਰਾ ਸਾਹਿਬ ਫਰੀਮੌਂਟ

300 ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ-94536

ਵਿਖੇ

## 18, 19 ਅਤੇ 20 ਜਨਵਰੀ 2019

ਬਾਬਾ ਦਿਆ ਸਿੰਘ ਜੀ ਸੁਰਸਿੰਘ ਵਾਲਿਆਂ ਦੀ ਬਰਸੀ ਹਰ ਸਾਲ ਦੀ ਤਰ੍ਹਾਂ ਸੁਰਸਿੰਘ ਵਾਲਾ ਪਿੰਡ ਅਤੇ ਬਾਬਾ ਜੀ ਦੇ ਸ਼ਰਧਾਲੂਆਂ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਬਰਸੀ ਸਮਾਗਮ ਵਿਚ ਸਮੂਹ ਸੰਗਤਾਂ ਨੂੰ ਹੁੰਮ-ਹੁੰਮਾ ਕੇ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ।

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
18 ਜਨਵਰੀ, 2019 ਦਿਨ ਸ਼ਨਿੱਚਰਵਾਰ
ਸਵੇਰੇ 10.30 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ
20 ਜਨਵਰੀ, 2019 ਦਿਨ ਐਤਵਾਰ
ਸਵੇਰੇ 10:00 ਵਜੇ

*ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ।*

**ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ**

| ਜਥੇਦਾਰ ਗੁਰਦੇਵ ਸਿੰਘ | ਭਾਈ ਕੁਲਦੀਪ ਸਿੰਘ | ਹਰਭਜਨ ਸਿੰਘ ਢਿੱਲੋਂ |
|---|---|---|
| 510-750-7499 | 510-417-8011 | 510-552-5925 |




PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# ਪੂਰਾ ਭਾਰਤ ਨਸ਼ਿਆਂ ਦੀ ਲਪੇਟ 'ਚ

## ਗਲੋਬਲ ਐਡਲਟ ਟੋਬੈਕੋ ਸਰਵੇਖਣ ਦੀ ਤਾਜ਼ਾ ਰਿਪੋਰਟ ਮੁਤਾਬਕ, ਭਾਰਤ ਦੀ ਕੁੱਲ 130 ਕਰੋੜ ਆਬਾਦੀ ਵਿੱਚੋਂ 28.6 ਫੀਸਦੀ ਲੋਕ ਤੰਬਾਕੂ ਦਾ ਸੇਵਨ ਕਰਦੇ ਹਨ

## 18.4 ਫੀਸਦੀ ਨੌਜਵਾਨ ਖੈਣੀ, ਬੀਟਲ, ਅਫ਼ੀਮ ਤੇ ਗਾਂਜਾ ਵਰਗੇ ਖ਼ਤਰਨਾਕ ਨਸ਼ੀਲੇ ਪਦਾਰਥਾਂ ਦਾ ਸ਼ਿਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਕਸਰ ਪੰਜਾਬ ਦੀ 80 ਫੀਸਦੀ ਨੌਜਵਾਨੀ ਨਸ਼ਿਆਂ ਦੇ ਜਾਲ ਵਿਚ ਫਸੀ ਹੋਣ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਤਾਜ਼ਾ ਅੰਕੜਿਆਂ ਵਿਚ ਪਤਾ ਲੱਗਾ ਹੈ ਕਿ ਪੰਜਾਬ ਹੀ ਨਹੀਂ ਪੂਰੇ ਦੇਸ਼ ਦੇ ਨੌਜਵਾਨਾਂ 'ਤੇ ਨਸ਼ਿਆਂ ਦਾ ਕਹਿਰ ਹੈ। ਗਲੋਬਲ ਐਡਲਟ ਟੋਬੈਕੋ ਸਰਵੇਖਣ ਦੀ ਤਾਜ਼ਾ ਰਿਪੋਰਟ ਮੁਤਾਬਕ, ਭਾਰਤ ਦੀ ਕੁੱਲ 130 ਕਰੋੜ ਆਬਾਦੀ ਵਿੱਚੋਂ 28.6 ਫੀਸਦੀ ਲੋਕ ਤੰਬਾਕੂ ਦਾ ਸੇਵਨ ਕਰਦੇ ਹਨ।ਹੈਰਾਨ ਕਰਨ ਵਾਲਾ ਤੱਥ ਇਹ ਹੈ ਕਿ ਕਰੀਬ 18.4 ਫੀਸਦੀ ਨੌਜਵਾਨ ਨਾ ਸਿਰਫ ਤੰਬਾਕੂ, ਬਲਕਿ ਸਿਗਰੇਟ, ਬੀੜੀ, ਖੈਣੀ, ਬੀਟਲ, ਅਫ਼ੀਮ ਤੇ ਗਾਂਜਾ ਵਰਗੇ ਖ਼ਤਰਨਾਕ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਹਨ। ਇਹ ਤਾਜ਼ਾ ਅੰਕੜਾ ਬੇਹੱਦ ਫਿਕਰ ਦਾ ਵਿਸ਼ਾ ਹਨ। ਬੀਤੇ ਸਾਲ



ਜਾਰੀ ਡਬਲਯੂਐਚਓ ਦੀ ਗਲੋਬਲ ਸਟੇਟਸ ਰਿਪੋਰਟ ਵਿਚ ਵੀ ਕੁਝ ਅਜਿਹੇ ਹੀ ਚਿੰਤਾਜਨਕ ਅੰਕੜੇ ਸਾਹਮਣੇ ਆਏ ਸੀ। ਸੰਨ 2017 ਵਿਚ ਆਈ ਇਸ ਰਿਪੋਰਟ ਮੁਤਾਬਕ ਭਾਰਤ ਵਿਚ ਬੀਤੇ 11 ਸਾਲਾਂ ਵਿੱਚ ਪ੍ਰਤੀ ਵਿਅਕਤੀ ਸ਼ਰਾਬ ਦੀ ਖਪਤ ਦੁੱਗਣੀ ਹੋ ਗਈ ਸੀ। 11 ਸਾਲ ਪਹਿਲਾਂ ਪਹਿਲਾਂ ਜਿੱਥੇ ਇੱਕ ਵਿਅਕਤੀ 3 ਲੀਟਰ ਸ਼ਰਾਬ ਪੀਂਦਾ ਸੀ, ਉੱਥੇ ਇਹ ਖਪਤ ਵਧ ਕੇ 6 ਲੀਟਰ ਹੋ ਗਈ ਹੈ। ਰਿਪੋਰਟ ਮੁਤਾਬਕ ਇਸ ਦਹਾਕੇ ਵਿੱਚ ਭਾਰਤੀ ਨੌਜਵਾਨਾਂ ਵਿੱਚ ਤੰਬਾਕੂ ਤੇ ਸ਼ਰਾਬ ਦੇ ਇਲਾਵਾ ਇੱਕ ਹੋਰ ਨਸ਼ੀਲੇ ਪਦਾਰਥ ਦੀ ਆਦਤ ਤੇਜ਼ੀ ਨਾਲ ਵਧ ਰਹੀ ਹੈ। ਸੁਪਰਫੂਡ ਤੋਂ ਲੈ ਕੇ ਜੰਕ ਫੂਡ ਨਾ ਸਿਰਫ ਸ਼ਹਿਰਾਂ, ਬਲਕਿ ਪੇਂਡੂ ਇਲਾਕਿਆਂ ਵਿੱਚ ਵੀ ਆਪਣੇ ਪੈਰ ਪਸਾਰ ਰਹੇ ਹਨ। ਸੰਨ 2018 ਵਿਚ ਆਈ ਕਲਿੰਟ ਦੀ ਰਿਪੋਰਟ ਮੁਤਾਬਕ 35 ਫੀਸਦੀ ਭਾਰਤੀ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਇੱਕ ਵਾਰ ਫਾਸਟ ਫੂਡ ਖਾਂਦੇ ਹਨ। ਇੰਡੀਅਨ ਜਨਰਲ ਆਫ਼ ਪਬਲਿਕ ਹੈਲਥ ਦੇ ਸਰਵੇਖਣ ਮੁਤਾਬਕ 14 ਫੀਸਦੀ ਸਕੂਲੀ ਬੱਚੇ ਮੋਟਾਪੇ ਦਾ ਸ਼ਿਕਾਰ ਹਨ। ਜੰਕ ਫੂਡ ਵਿੱਚ ਜ਼ਰੂਰੀ ਪੋਸ਼ਣ ਤੱਤਾਂ ਦੀ ਕਮੀ ਦੇ ਕਰਕੇ ਮੋਟਾਪਾ ਵਧਦਾ ਹੈ। ਬਦਲਦੇ ਤੌਰ-ਤਰੀਕੇ ਤੇ ਸ਼ਹਿਰੀ ਲਾਈਫਸਟਾਈਲ ਘੱਟ ਨੀਂਦ ਦਾ ਮੁੱਖ ਕਾਰਨ ਹੈ। ਕੰਮ ਦਾ ਬੋਝ, ਸਿੱਖਿਆ ਦਾ ਦਬਾਅ, ਰਿਸ਼ਤਿਆਂ 'ਚ ਆਉਂਦੀ ਖਟਾਸ, ਤਣਾਓ ਤੇ ਹੋਰ ਸਮੱਸਿਆਵਾਂ ਕਰਕੇ ਲੋਕਾਂ ਨੂੰ ਨੀਂਦ ਨਹੀਂ ਆਉਂਦੀ। ਨੌਜਵਾਨ ਜ਼ਿਆਦਾਤਰ ਸਮਾਂ ਫਿਲਮ ਵੇਖਣ ਤੇ ਪਾਰਟੀ ਆਦਿ ਕਰਨ ਵਿਚ ਗੁਜ਼ਾਰਦੇ ਹਨ।ਦਰਅਸਲ ਭੱਜ ਦੌੜ ਵਾਲੇ ਜੀਵਨ, ਕੰਮ ਦਾ ਬੋਝ ਤੇ ਮਾਨਸਿਕ ਤਣਾਓ ਹੋਣ ਦੇ ਨਾਲ-ਨਾਲ ਮੌਜੂਦਾ ਦੌਰ 'ਚ ਮਾੜੀਆਂ ਆਦਤਾਂ ਲੋਕਾਂ ਦੀਆਂ ਪ੍ਰੇਸ਼ਾਨੀਆਂ ਹੋਰ ਵਧਾ ਸਕਦੀਆਂ ਹਨ, ਕਿਉਂਕਿ ਇਸ ਨਾਲ ਉਨ੍ਹਾਂ ਦੀ ਸਰੀਰਕ ਊਰਜਾ ਘਟਦੀ ਜਾਂਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸਾਨੂੰ ਜਲਦ ਤੋਂ ਜਲਦ ਇਨ੍ਹਾਂ ਮਾੜੀਆਂ ਆਦਤਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਤਿਆਗ ਦੇਣਾ ਚਾਹੀਦਾ ਹੈ ਤੇ ਸਿਹਤਮੰਦ ਜੀਵਨਸ਼ੈਲੀ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ।

# ਸ਼੍ਰੋਮਣੀ ਕਮੇਟੀ ਨੇ 'ਸਾਰਾਗੜ੍ਹੀ ਸਰਾਂ ਕੀਤੀ ਹਵੇਲੀ' ਦੇ ਹਵਾਲੇ

## *'ਹਵੇਲੀ' ਰੈਸਟੋਰੈਂਟ ਵਿੱਚ ਖਾਣ-ਪੀਣ ਦਾ ਸਾਮਾਨ ਹੋਟਲਾਂ ਵਾਂਗ ਕਾਫ਼ੀ ਮਹਿੰਗਾ*

### ਮੇਨਯੂ ਵਿਚ ਸਿਗਾਰ-ਰੋਲ ਨਾਂਅ ਦੀ ਇਕ ਆਈਟਮ ਵੀ ਰੱਖੀ



**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ 'ਵਿਵਾਦਗ੍ਰਸਤ' ਕਦਮ ਚੁੱਕਦਿਆਂ ਸ੍ਰੀ ਹਰਿਮੰਦਰ ਸਾਹਿਬ ਦੀ ਸਾਰਾਗੜ੍ਹੀ ਸਰਾਂ ਨੂੰ ਇੱਕ ਮਹਿੰਗੇ ਸ਼ਾਹੀ ਤੇ ਪ੍ਰਾਈਵੇਟ ਰੈਸਟੋਰੈਂਟ 'ਹਵੇਲੀ' ਹਵਾਲੇ ਕਰ ਦਿੱਤਾ ਹੈ। ਇੰਝ ਇਸ ਸਰਾਂ ਦਾ ਹੁਣ ਵਪਾਰੀਕਰਨ ਕਰ ਦਿੱਤਾ ਗਿਆ ਹੈ ਜਦ ਕਿ ਹੁਣ ਤੱਕ ਇਸ ਨੂੰ ਸਸਤੀ ਕੰਟੀਨ ਬਣਾਉਣ ਦੀ ਮੰਗ ਕੀਤੀ ਜਾ ਰਹੀ ਸੀ ਪਰ ਸ਼੍ਰੋਮਣੀ ਕਮੇਟੀ ਨੇ ਉਸ ਮੰਗ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ।

ਸਾਰਾਗੜ੍ਹੀ ਸਰਾਂ ਦੀ ਉਸਾਰੀ ਹਾਲ ਹੀ ਵਿੱਚ 44 ਕਰੋੜ ਰੁਪਏ ਦੀ ਲਾਗਤ ਨਾਲ ਹੋਈ ਹੈ; ਇਸ ਦਾ ਉਦਘਾਟਨ ਅਪ੍ਰੈਲ-2017 'ਚ ਹੈਰਿਟੇਜ ਸਟ੍ਰੀਟ ਨਾਲ ਹੀ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਨੇ ਇਹ ਸਰਾਂ ਸ਼ਰਧਾਲੂਆਂ ਲਈ ਘੱਟ ਕੀਮਤ 'ਤੇ ਬਿਹਤਰ ਰਿਹਾਇਸ਼ ਮੁਹੱਈਆ ਕਰਵਾਉਣ ਲਈ ਸਥਾਪਤ ਕੀਤੀ ਸੀ। ਇੱਥੇ ਦੋ ਤਰ੍ਹਾਂ ਦੇ ਕਮਰੇ ਹਨ; ਜਿਨ੍ਹਾਂ ਦਾ ਕਿਰਾਇਆ 1100 ਰੁਪਏ ਤੋਂ ਲੈ ਕੇ 1500 ਰੁਪਏ ਤਕ ਹੈ। ਕੁੱਲ 9-ਮੰਜ਼ਿਲਾ ਸਰਾਂ ਦਾ ਰਕਬਾ 1.13 ਲੱਖ ਵਰਗ ਫ਼ੁੱਟ ਹੈ। ਗੁਰੂ ਅਰਜਨ ਦੇਵ ਨਿਵਾਸ, ਗੁਰੂ ਰਾਮ ਦਾਸ ਨਿਵਾਸ, ਗੁਰੂ ਹਰਗੋਬਿੰਦ ਸਾਹਿਬ ਨਿਵਾਸ, ਮਾਤਾ ਗੰਗਾ ਨਿਵਾਸ ਤੇ ਗੁਰੂ ਗੋਬਿੰਦ ਸਿੰਘ ਐੱਨਆਰਆਈ ਨਿਵਾਸ ਆਦਿ ਵਾਂਗ ਇਹ ਸਾਰਾਗੜ੍ਹੀ ਸਰਾਂ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਹਾਲ ਦੇ ਨੇੜੇ ਨਹੀਂ ਹੈ; ਇਸੇ ਲਈ ਇੱਥੇ ਖਾਣ-ਪੀਣ ਦਾ ਸਾਮਾਨ ਮੁਹੱਈਆ ਕਰਵਾਏ ਜਾਣ ਦੀ ਜ਼ਰੂਰਤ ਬਣੀ ਰਹਿੰਦੀ ਹੈ। ਇਸ ਲਈ ਇੱਥੇ ਜ਼ਮੀਨੀ ਮੰਜ਼ਿਲ 'ਤੇ ਇੱਕ ਹਾਲ ਰਾਖਵਾਂ ਰੱਖਿਆ ਗਿਆ ਹੈ। ਪਿਛਲੇ ਡੇਢ ਸਾਲ ਤੋਂ ਸਾਰਾਗੜ੍ਹੀ ਸਰਾਂ ਨੂੰ ਸਸਤੀ ਕੰਟੀਨ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਜਾਂਦੀ ਰਹੀ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਮੰਗ ਵੱਲ ਉੱਕਾ ਧਿਆਨ ਨਹੀਂ ਦਿੱਤਾ; ਸਗੋਂ ਹੁਣ ਦੋ ਕੁ ਹਫ਼ਤਿਆਂ ਤੋਂ ਉੱਥੇ 'ਹਵੇਲੀ' ਹੋਟਲ ਪ੍ਰਗਟ ਹੋ ਗਿਆ ਹੈ। ਸਰਾਂ ਦੇ ਮੁੱਖ ਦਾਖ਼ਲੇ ਵਾਲੇ ਗੇਟ 'ਤੇ ਉਸ ਦਾ ਬੋਰਡ ਵੀ ਲੱਗ ਗਿਆ ਹੈ। ਇੱਥੇ ਮੁਫ਼ਤ ਹੋਮ-ਡਿਲੀਵਰੀ ਵੀ ਕੀਤੀ ਜਾ ਰਹੀ ਹੈ। ਇਸ 'ਹਵੇਲੀ' ਰੈਸਟੋਰੈਂਟ ਵਿੱਚ ਖਾਣ-ਪੀਣ ਦਾ ਸਾਮਾਨ ਹੋਟਲਾਂ ਵਾਂਗ ਕਾਫ਼ੀ ਮਹਿੰਗਾ ਹੈ। ਇੱਥੇ ਸਭ ਤੋਂ ਸਸਤੀ ਆਲੂ-ਗੋਭੀ ਦੀ ਪਲੇਟ ਹੈ, ਜੋ 160 ਰੁਪਏ ਦੀ ਮਿਲਦੀ ਹੈ। ਸ਼੍ਰੋਮਣੀ ਕਮੇਟੀ ਦੇ ਸਰਾਵਾਂ ਬਾਰੇ ਵਿਭਾਗ 'ਚ ਕੰਮ ਕਰਦੇ ਇੱਕ ਮੁਲਾਜ਼ਮ ਨੇ ਆਪਣਾ ਨਾਂਅ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ ਹੁਣ ਇਹ ਰੈਸਟੋਰੈਂਟ ਸਿਰਫ਼ ਅਮੀਰਾਂ ਲਈ ਰਹਿ ਗਿਆ ਹੈ ਤੇ ਆਮ ਆਦਮੀ ਇਸ ਹੋਟਲ ਵਿਚ ਨਹੀਂ ਜਾਵੇਗਾ। ਹੋਰ ਤਾਂ ਹੋਰ 'ਹਵੇਲੀ' ਰੈਸਟੋਰੈਂਟ ਦੇ ਮੇਨਯੂ ਵਿਚ ਸ਼ਿਗਾਰ-ਰੋਲ ਨਾਂਅ ਦੀ ਇਕ ਆਈਟਮ ਰੱਖੀ ਹੈ; ਜੋ ਭਾਵੇਂ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ ਪਰ ਸ਼ਬਦ 'ਸ਼ਿਗਾਰ' ਦਾ ਸਿੱਧਾ ਸਬੰਧ ਤਮਾਕੂਨੋਸ਼ੀ ਨਾਲ ਹੈ, ਜਿਸ 'ਤੇ ਸਿੱਖ ਧਰਮ ਵਿਚ ਮੁਕੰਮਲ ਪਾਬੰਦੀ ਹੈ। ਧਾਰਮਿਕ ਹਲਕਿਆਂ 'ਚ ਇਸ ਗੱਲ 'ਤੇ ਵੀ ਇਤਰਾਜ਼ ਹੋ ਸਕਦਾ ਹੈ।

ਜਲੰਧਰ ਤੋਂ ਆਏ ਇੱਕ ਸ਼ਰਧਾਲੂ ਜਤਿੰਦਰ ਸਿੰਘ ਨੇ ਕਿਹਾ,ਕਿ 'ਬੇਸ਼ੱਕ ਇਹ ਇੱਕ ਸਰਾਂ ਹੈ, ਹੋਟਲ ਨਹੀਂ। ਸ਼੍ਰੋਮਣੀ ਕਮੇਟੀ ਨੇ ਪਿੱਛੇ ਜਿਹੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਫ਼ੋਟੋਗ੍ਰਾਫ਼ੀ ਤੇ ਵੀਡੀਓਗ੍ਰਾਫ਼ੀ 'ਤੇ ਪਾਬੰਦੀ ਲਾ ਦਿੱਤੀ ਹੈ। ਉਸ ਪਾਬੰਦੀ ਨੂੰ ਸਹੀ ਦਰਸਾਉਣ ਲਈ ਇਹੋ ਦਲੀਲ ਦਿੱਤੀ ਹੈ ਕਿ ਇਹ ਸਥਾਨ ਕੋਈ ਸੈਲਾਨੀ-ਕੇਂਦਰ ਨਹੀਂ ਹੈ। ਪਰ ਜੇ ਇਹ ਕੋਈ ਸੈਲਾਨੀ ਕੇਂਦਰ ਨਹੀਂ ਹੈ, ਤਾਂ ਇੱਥੇ ਸਾਰਾਗੜ੍ਹੀ ਸਰਾਂ ਅੰਦਰ ਰੈਸਟੋਰੈਂਟ ਕਿਉਂ ਖੋਲ੍ਹ ਦਿੱਤਾ ਗਿਆ ਹੈ।'

ਪਟਿਆਲਾ ਤੋਂ ਆਏ ਇੱਕ ਹੋਰ ਸ਼ਰਧਾਲੂ ਕਾਬਲ ਸਿੰਘ ਨੇ ਕਿਹਾ ਕਿ ਸਰਾਵਾਂ ਦਾ ਵਪਾਰੀਕਰਨ ਕਰਨਾ ਗ਼ਲਤ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਸਾਰਾਗੜ੍ਹੀ ਸਰਾਂ ਅੰਦਰ ਰੈਸਟੋਰੈਂਟ ਖੋਲ੍ਹੇ ਜਾਣ ਬਾਰੇ ਅਣਜਾਣਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਤਾ ਨਹੀਂ ਕਿ ਇਸ ਸਰਾਂ ਨੂੰ ਰੈਸਟੋਰੈਂਟ ਵਿਚ ਕਿਵੇਂ ਤੇ ਕਦੋਂ ਤਬਦੀਲ ਕਰ ਦਿੱਤਾ ਗਿਆ ਹੈ। 'ਮੈਂ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਜਸ਼ਨਾਂ ਲਈ ਇਸ ਵੇਲੇ ਪਟਨਾ ਸਾਹਿਬ 'ਚ ਹਾਂ। ਮੈਂ ਪਰਤ ਕੇ ਵੇਖਾਂਗਾ ਕਿ ਖਾਣ-ਪੀਣ ਦੀਆਂ ਵਸਤਾਂ ਇੰਨੀਆ ਮਹਿੰਗੀਆਂ ਕਿਵੇਂ ਹਨ।'

ਇੱਥੇ ਇਹ ਦੱਸਣਾ ਵਾਜਬ ਹੋਵੇਗਾ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਇਹ ਸਰਾਂ ਦਰਅਸਲ ਸੰਨ 1897 ਦੀ 'ਸਾਰਾਗੜ੍ਹੀ ਦੀ ਜੰਗ' ਨੂੰ ਸਮਰਪਿਤ ਹੈ; ਜਿਸ ਵਿਚ 21 ਸਿੱਖ ਜਵਾਨਾਂ ਨੇ 10 ਹਜ਼ਾਰ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਦਿਆਂ ਸ਼ਹਾਦਤ ਦਾ ਜਾਮ ਪੀਤਾ ਸੀ।

# 'ਛਣਕਾਟਾ ਵੰਗਾਂ ਦਾ' ਸੰਗੀਤਕ ਪ੍ਰੋਗਰਾਮ ਨੇ ਗੂੜ੍ਹੀ ਛਾਪ ਛੱਡੀ

## ਗਾਇਕ ਸੱਤੀ ਪਾਬਲਾ ਨੇ ਗੀਤਾਂ ਰਾਹੀਂ ਮਰਹੂਮ ਕੁਲਦੀਪ ਮਾਣਕ ਦੀ ਯਾਦ ਦਿਵਾਈ




**ਫਰੀਮੌਂਟ/ਬਿਊਰੋ ਨਿਊਜ਼ :**
6 ਜਨਵਰੀ ਨੂੰ ਪੈਰਾਡਾਈਜ਼ ਬਾਲਰੂਮ ਵਿਖੇ ਕਰਵਾਏ ਗਏ '6ਵਾਂ ਛਣਕਾਟਾ ਵੰਗਾਂ ਦਾ 2019' ਪ੍ਰੋਗਰਾਮ ਨੇ ਇਕ ਵੱਖਰੀ ਪੇਸ਼ਕਾਰੀ ਕਰਕੇ ਵੱਡੀ ਗਿਣਤੀ 'ਚ ਪਰਿਵਾਰਾਂ ਸਮੇਤ ਪੁੱਜੇ ਪੰਜਾਬੀਆਂ ਦਾ ਦਿਲ ਜਿੱਤ ਲਿਆ। ਵਰ੍ਹਦੇ ਮੀਂਹ ਤੇ ਠੰਡੇ ਮੌਸਮ ਵਿਚ ਕਰੀਬ ਪੰਜ ਘੰਟਿਆਂ ਤੱਕ ਚੱਲੇ ਇਸ ਪ੍ਰੋਗਰਾਮ ਵਿਚ ਜਿੱਥੇ ਪੰਜਾਬ ਦੇ ਲੋਕ ਨਾਚਾਂ ਦੀ ਪੇਸ਼ਕਾਰੀ ਹੋਈ, ਨਾਮਵਰ ਪੰਜਾਬੀ ਗਾਇਕਾਂ ਨੇ ਆਪਣੇ ਗੀਤ ਸੰਗੀਤ ਨਾਲ ਦਰਸ਼ਕਾਂ ਦੇ ਮਨ ਮੋਹੇ ਉੱਥੇ ਵੱਖ-ਵੱਖ ਖੇਤਰਾਂ ਦੀਆਂ ਨਾਮਵਰ ਹਸਤੀਆਂ ਦੀ ਹਾਜ਼ਰੀ ਵੀ ਰਹੀ। ਦਰਸ਼ਕਾਂ ਲਈ ਨਾ ਸਿਰਫ ਐਂਟਰੀ ਮੁਫਤ ਸੀ ਸਗੋਂ ਚਾਹ-ਪਕੌੜਿਆਂ ਦਾ ਵੀ ਬੰਦੋਬਸਤ ਕੀਤਾ ਗਿਆ ਸੀ।

ਇਸ ਮੌਕੇ ਬੁਲੰਦ ਆਵਾਜ਼ ਦੇ ਮਾਲਕ ਪੰਜਾਬੀ ਫੋਕ ਗਾਇਕ ਸੱਤੀ ਪਾਬਲਾ ਨੇ ਆਪਣੇ ਗੀਤਾਂ ਰਾਹੀਂ ਮਰਹੂਮ ਕੁਲਦੀਪ ਮਾਣਕ ਦੀ ਯਾਦ ਤਾਜ਼ਾ ਕਰ ਦਿੱਤੀ। ਇਹ ਪ੍ਰੋਗਰਾਮ ਲੋਕ ਗਾਥਾਵਾਂ ਦੇ ਬਾਦਸ਼ਾਹ ਮੰਨੇ ਜਾਂਦੇ ਮਰਹੂਮ ਕੁਲਦੀਪ ਮਾਣਕ ਨੂੰ ਸਮਰਪਿਤ ਕਰਨ ਵੇਲੇ ਮਾਣਕ ਦੇ ਜੀਵਨ ਬਾਰੇ ਡਾਕੂਮੈਂਟਰੀ ਪੇਸ਼ ਕੀਤੀ ਗਈ। ਉਪਰੰਤ ਸੱਤੀ ਪਾਬਲਾ ਨੇ ਮਾਣਕ ਦੇ ਚੋਣਵੇਂ ਗੀਤਾਂ ਨੂੰ ਪੇਸ਼ ਕੀਤਾ। ਕੁਲਦੀਪ ਮਾਣਕ ਦੀ ਸਪੁੱਤਰੀ ਸ਼ਕਤੀ ਮਾਣਕ ਨੇ ਪ੍ਰੋਗਰਾਮ ਦਾ ਸੰਚਾਲਨ ਬਾਖੂਬੀ ਕਰਦਿਆਂ ਕਲਾਕਾਰਾਂ ਨਾਲ ਪੇਸ਼ਕਾਰੀ ਵੇਲੇ ਕਮਾਲ ਦੀ ਇਕਸੁਰਤਾ ਬਣਾ ਕੇ ਰੱਖੀ। ਪਹਿਲੀ ਵਾਰ ਸੀ ਜਦੋਂ 'ਛਣਕਾਟਾ ਵੰਗਾਂ ਦਾ 2019' ਨੂੰ ਅਮਲੀ ਰੂਪ ਪ੍ਰਦਾਨ ਕਰਨ ਲਈ ਭੂਆ ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ ਪ੍ਰੋਗਰਾਮ 'ਚ ਸ਼ਾਮਿਲ ਔਰਤਾਂ, ਮੁਟਿਆਰਾਂ ਤੇ ਬੱਚੀਆਂ ਨੂੰ ਮੁਫਤ ਵੰਗਾਂ ਪਹਿਨਾਈਆਂ ਗਈਆਂ।

ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ 'ਛਣਕਾਟਾ ਵੰਗਾਂ ਦਾ 2019' ਪ੍ਰੋਗਰਾਮ ਕੈਲੀਫੋਰਨੀਆ 'ਚ ਹੀ ਨਹੀਂ ਬਲਕਿ ਉੱਤਰੀ ਅਮਰੀਕਾ 'ਚ ਆਪਣੀ ਕਿਸਮ ਦਾ ਖਾਸ ਪ੍ਰੋਗਰਾਮ ਬਣ ਗਿਆ ਹੈ ਜੋ ਸਾਹਿਤ, ਸੰਗੀਤ ਤੇ ਸੱਭਿਆਚਾਰ ਪ੍ਰੇਮੀਆਂ ਦੇ ਦਿਲਾਂ ਦੀ ਧੜਕਣ ਬਣ ਗਿਆ ਹੈ।

ਪ੍ਰੋਗਰਾਮ ਦਾ ਰਸਮੀ ਉਦਘਾਟਨ ਸ. ਮੱਖਣ ਸਿੰਘ ਬੈਂਸ ਤੇ ਰਾਮ ਸਰੋਏ ਨੇ ਸਾਂਝੇ ਰੂਪ ਵਿਚ ਕੀਤਾ। ਇਸ ਮੌਕੇ 'ਤੇ ਸ. ਅਮੋਲਕ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਸੁਰਿੰਦਰ ਬਡਿਆਲ, ਪੰਜਾਬ ਭਵਨ ਸਰ੍ਹੀ ਦੇ ਸੁੱਖੀ ਬਾਠ, ਸੋਹਣ ਸਿੰਘ ਨਾਗਰਾ, ਸਰਬਜੀਤ ਸਰਾਓ, ਸੁਖਦੇਵ ਗਰੇਵਾਲ, ਸਤਨਾਮ ਬੱਲ ਆਦਿ ਸਖਸ਼ੀਅਤਾਂ ਵੀ ਹਾਜ਼ਰ ਸਨ। ਪੰਜਾਬ ਭਵਨ ਸਰੀ (ਕੈਨੇਡਾ) ਦੇ ਸੰਚਾਲਕ ਸੁੱਖੀ ਬਾਠ ਨੇ ਕਿਹਾ ਕਿ ਉਹ ਹਮੇਸ਼ਾ 'ਛਣਕਾਟਾ ਵੰਗਾਂ ਦਾ' ਦੀ ਟੀਮ ਨਾਲ ਜੁੜੇ ਰਹਿਣਗੇ। ਸ. ਬਾਠ ਨੇ ਕੈਲੀਫੋਰਨੀਆ ਵਸਦੇ ਪੰਜਾਬੀਆਂ ਨੂੰ ਮਸ਼ਵਰਾ ਦਿੱਤਾ ਕਿ ਪੰਜਾਬ ਭਵਨ ਇੱਥੇ ਵੀ ਰਲ ਕੇ ਉਸਾਰੇ ਜਾਣ ਦੀ ਲੋੜ ਹੈ ਤਾਂ ਕਿ ਅਸੀਂ ਆਪਣੀ ਵਿਰਾਸਤ ਤੇ ਸੱਭਿਆਚਾਰ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਸਕੀਏ।

ਇਸ ਮੌਕੇ ਲੇਖਕ ਜਗਤਾਰ ਗਿੱਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਹ ਪ੍ਰੋਗਰਾਮ ਭਾਰਤ ਵਿਚ ਨਿਆਸਰਿਆਂ, ਅਪੰਗਾਂ ਅਤੇ ਆਸ਼ਰਿਤਾਂ ਵਾਸਤੇ ਕੰਮ ਕਰਨ ਵਾਲੀ 'ਸਹਾਇਤਾ ਸੰਸਥਾ' ਲਈ ਵੀ ਪਿਛਲੇ ਦੋ ਵਰ੍ਹਿਆਂ ਤੋਂ ਸਹਿਯੋਗੀ ਦੀ ਭੂਮਿਕਾ ਨਿਭਾਅ ਰਿਹਾ ਹੈ। ਇਸ ਵਾਰ ਵੀ ਪੰਜਾਬੀਆਂ ਨੇ 'ਸਹਾਇਤਾ' ਸੰਸਥਾ ਨੂੰ ਮਦਦ ਦੇ ਕੇ ਖੁਸ਼ੀ ਹਾਸਲ ਕੀਤੀ। ਸੰਸਥਾ ਦੇ ਮੁੱਖ ਸੰਚਾਲਕ ਡਾ. ਹਰਕੇਸ਼ ਸੰਧੂ ਨੇ 'ਸਹਾਇਤਾ' ਦੀ ਕਾਰਗੁਜ਼ਾਰੀ ਦਾ ਵਿਸਥਾਰ 'ਚ ਜ਼ਿਕਰ ਕੀਤਾ। ਅਜੇ ਭੰਗੜਾ ਅਕੈਡਮੀ ਦੇ ਜਸਪਾਲ ਸਿੰਘ ਤੇ ਗੁਰਿੰਦਰ ਦੀ ਅਗਵਾਈ ਹੇਠ ਬੱਚਿਆਂ ਅਤੇ ਪੰਜਾਬੀ ਧੜਕਣ ਅਕੈਡਮੀ ਵਲੋਂ ਡਿੰਪਲ ਬੈਂਸ ਦੀ ਅਗਵਾਈ 'ਚ ਪੇਸ਼ ਭੰਗੜਾ, ਗਿੱਧਾ, ਕੋਰੀਓਗ੍ਰਾਫੀ ਬਾਕਮਾਲ ਸੀ। ਕੈਲੀ ਜਸ, ਅਨੂਪ ਚੀਮਾ, ਪਵਨਦੀਪ ਮੋਗਾ, ਗਾਇਕਾ ਹਰਮਨਦੀਪ, ਮੋਨਾ ਸਿੰਘ ਤੇ ਅਲਾਪ ਗਰੁੱਪ ਦੇ ਗਾਇਕ ਚੰਨੀ ਸਿੰਘ ਨੇ ਵੀ ਗੀਤਾਂ ਰਾਹੀਂ ਖੂਬ ਰੰਗ ਬੰਨ੍ਹਿਆ। ਬੀਬੀ ਜਸਵਿੰਦਰ ਧਨੋਆ, ਸੋਨੀਆਂ ਚੇੜਾ ਤੇ ਜੱਸੀ ਸਰ੍ਹਾਂ ਨੇ ਹਾਸਰਸ ਰੰਗ ਪੇਸ਼ ਕਰਕੇ ਅਖਾੜਾ ਭਖਾਈ ਰੱਖਿਆ।

ਹਾਜ਼ਰ ਪ੍ਰਮੁੱਖ ਸਖਸ਼ੀਅਤਾਂ ਤੇ ਕਲਾਕਾਰਾਂ ਨੂੰ ਬੈਗ, ਚਰਖੇ ਤੇ ਪੱਖੀਆਂ ਯਾਦ ਚਿੰਨ ਵੱਜੋਂ ਭੇਟ ਕੀਤੀਆਂ ਗਈਆਂ।

ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਵਾਲਿਆਂ ਵਿਚ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ, ਉੱਘੇ ਕਾਰੋਬਾਰੀ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਡਾਇਮੰਡ ਟਰਾਂਸਪੋਰਟ ਤੋਂ ਨੇਕੀ ਅਟਵਾਲ, ਮਾਈਕ ਬੋਪਾਰਾਏ, ਜਸਵਿੰਦਰ ਬੋਪਾਰਾਏ, ਰਾਮ ਸਰੋਏ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਸੁਰਜੀਤ ਸਿੰਘ ਟੁੱਟ, ਸਤਨਾਮ ਬੱਲ, ਸੁਖਦੇਵ ਗਰੇਵਾਲ, ਸੰਤੋਖ ਜੱਜ, ਹਰਦੁੱਮਣ ਸਿੰਘ (ਬਿੱਲਾ ਸੰਘੇੜਾ), ਲਾਲੀ ਧਨੋਆ, ਡਾ.ਚਰਨਜੀਤ ਉੱਪਲ, ਹੈਰੀ ਸਿੱਧੂ, ਸੋਹਣ ਸਿੰਘ ਨਾਗਰਾ, ਰਾਜ ਭਨੋਟ, ਪੰਜਾਬ ਲੋਕ ਰੰਗ ਦੇ ਸੁਰਿੰਦਰ ਸਿੰਘ ਧਨੋਆ, ਸ਼ਿਕਾਗੋ ਪੀਜ਼ਾ ਤੋਂ ਹਰਪ੍ਰੀਤ ਦਾਹੀਆ, ਪੀਸੀਏ ਤੋਂ ਜਸ ਔਲਖ, ਮਨਜਿੰਦਰ ਸਿੰਘ ਸੰਧੂ, ਪਰਮਜੀਤ ਸਿੰਘ ਥਿੰਦ, ਬਲਵਿੰਦਰ ਵਾਲੀਆ, ਅੰਮ੍ਰਿਤਪਾਲ ਸਿੰਘ ਨਿੱਝਰ, ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਜਰਨੈਲ ਲਾਲੜੀਆ, ਰੇਡੀਓ ਮਿਰਚੀ ਤੋਂ ਐੱਸਪੀ ਸਿੰਘ, ਬਲਵੀਰ ਚਾਹਲ ਤੇ ਗੁਰਦਾਵਰ ਸਿੰਘ, ਅਮਰੀਕ ਚੰਦ ਲਾਖਾ, ਸੁਰਜੀਤ ਸਿੰਘ ਸੰਧੂ, ਬਲਵੀਰ ਸਿੰਘ ਢਿੱਲੋਂ, ਸੁੱਚਾ ਰਾਮ ਭਾਰਟਾ, ਅਮਰੀਕ ਸਿੰਘ ਕੁਲਥਮ, ਸਮਾਈਲ ਧੀਰ, ਵਿਨੋਦ ਕੁਮਾਰ ਚੁੰਬਰ, ਕਸ਼ਮੀਰ ਧੁੱਗਾ, ਦਰਸ਼ਨ ਔਜਲਾ ਤੇ ਡਾ. ਹਰਮੇਸ਼ ਕੁਮਾਰ ਆਦਿ ਸ਼ਾਮਿਲ ਹਨ।

ਪ੍ਰੋਗਰਾਮ ਦੇ ਮੰਚ ਸੰਚਾਲਨ 'ਚ ਸਹਿਯੋਗ ਕਰਨ ਵਾਲੀ ਟੀਮ ਵਿਚ ਮਨਜੀਤ ਝਿੱਕਾ, ਲਖਵਿੰਦਰ ਲੱਕੀ, ਮਨਵੀਰ ਭੌਰਾ, ਜਸਜੀਤ ਕੌਰ, ਜਸਪ੍ਰੀਤ ਕੌਰ, ਅਨਮੋਲ ਭੌਰਾ ਨੇ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

ਆਖਰ ਵਿਚ ਐੱਸ.ਅਸ਼ੋਕ ਭੌਰਾ ਨੇ ਸਭ ਦਾ ਧੰਨਵਾਦ ਕਰਦਿਆਂ '6ਵੇਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਦਰਸ਼ਕਾਂ ਤੇ ਸਪਾਂਸਰਾਂ ਦੇ ਸਿਰ ਬੰਨ੍ਹਿਆ।

# ਸਿੱਖ ਕਤਲੇਆਮ, ਸੱਜਣ ਕੁਮਾਰ ਨੂੰ ਕੈਦ ਤੇ ਸਾਡੀ ਅਗਲੀ ਨੀਤੀ

**ਤ੍ਰਿਲੋਚਨ ਸਿੰਘ (ਸਾਬਕਾ ਐਮਪੀ)**

ਸਾਰੇ ਸਿੱਖ ਜਗਤ ਵਿਚ ਇਸ ਖ਼ਬਰ 'ਤੇ ਬੜੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਕਿ ਸੱਜਣ ਕੁਮਾਰ ਨੂੰ ਸੰਨ 1984 ਦੇ ਸਿੱਖ ਕਤਲੇਆਮ ਦੇ ਦੋਸ਼ ਵਿਚ ਹਾਈ ਕੋਰਟ



ਵਲੋਂ ਉਮਰ ਕੈਦ ਦੀ ਸਜ਼ਾ ਮਿਲ ਗਈ ਹੈ। ਕਿੰਨਾ ਜ਼ੁਲਮ ਹੈ ਕਿ ਹਜ਼ਾਰਾਂ ਬੇਦੋਸ਼ਿਆਂ ਨੂੰ ਮਾਰਨ ਵਾਲੇ ਖੁੱਲ੍ਹੇ ਘੁੰਮਦੇ ਰਹੇ ਤੇ ਨਾ ਪੁਲਿਸ, ਨਾ ਹੀ ਅਦਾਲਤ ਨੇ ਕੋਈ ਠੋਸ ਕਦਮ ਉਨ੍ਹਾਂ ਵਿਰੁੱਧ ਚੁੱਕਿਆ। ਦਿੱਲੀ ਵਿਚ ਫੌਜ ਬੈਠੀ ਸੀ ਪਰ ਮੇਰਠ ਤੋਂ ਮੰਗਵਾ ਕੇ ਵੀ ਤਾਇਨਾਤ ਕਰਨ ਲਈ ਦੇਰੀ ਕੀਤੀ ਗਈ। ਏਨਾ ਵੱਡਾ ਦੁਖਾਂਤ ਕੇਵਲ ਖ਼ਬਰ ਬਣ ਕੇ ਰਹਿ ਗਿਆ ਸੀ। ਪਹਿਲੀ ਵਾਰ ਇਸ ਘਟਨਾ ਬਾਰੇ 10 ਦਸੰਬਰ 2009 ਨੂੰ ਸੰਸਦ ਵਿਚ ਮੈਂ ਧਿਆਨ ਦੁਆਊ ਮਤਾ ਪੇਸ਼ ਕਰ ਕੇ ਪੂਰੇ ਦਿਨ ਦੀ ਸਦਨ ਵਿਚ ਚਰਚਾ ਕਰਵਾਈ ਸੀ। ਚਿੰਦਬਰਮ ਗ੍ਰਹਿ ਮੰਤਰੀ ਸਰਕਾਰ ਵਲੋਂ ਜਵਾਬਦੇਹ ਸਨ।

ਮੈਂ 32 ਮਿੰਟ ਆਰੰਭ ਵਿਚ ਬੋਲਿਆ ਤੇ ਮੇਰੇ ਪਿੱਛੇ ਤਕਰੀਬਨ 12 ਸੰਸਦ ਮੈਂਬਰ, ਜੋ ਵੱਖੋ-ਵੱਖ ਰਾਜਸੀ ਪਾਰਟੀਆ ਦੇ ਸਨ, ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਸਾਡੇ ਹੱਕ ਵਿਚ ਅਵਾਜ਼ ਉਠਾਈ ਸੀ। ਅਰੁਣ ਜੇਤਲੀ ਉਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਨ, ਉਨ੍ਹਾਂ ਸਾਡਾ ਸਾਥ ਦਿੱਤਾ ਸੀ। ਅੱਜ ਜਦ ਸੱਜਣ ਕੁਮਾਰ ਦੀ ਸਜ਼ਾ 'ਤੇ ਅਸੀਂ ਵੇਖ ਰਹੇ ਹਾਂ ਕਿ ਇਸ ਦਾ ਸਿਹਰਾ ਲੈਣ ਲਈ ਕਈ ਬਿਆਨ ਆ ਰਹੇ ਹਨ, ਇਸ ਸਮੇਂ ਇਹ ਇਤਿਹਾਸਕ ਸਚਾਈ ਮੈਂ ਲਿਖ ਰਿਹਾ ਹਾਂ ਕਿ ਜਿਸ ਮੁਕੱਦਮੇ ਵਿਚ ਸੱਜਣ ਕੁਮਾਰ ਨੂੰ ਇਹ ਸਜ਼ਾ ਮਿਲੀ ਹੈ ਉਹ ਕੇਸ ਕਈ ਸਾਲਾਂ ਤੋਂ ਸੀਬੀਆਈ. ਵਲੋਂ ਪ੍ਰਵਾਨਗੀ ਲੈਣ ਲਈ ਸਰਕਾਰ ਕੋਲ ਪਿਆ ਸੀ, ਮੈਂ ਸੰਸਦ ਦੀ ਆਪਣੀ ਤਕਰੀਰ ਵਿਚ ਮੰਗ ਕੀਤੀ ਸੀ ਕਿ ਸਰਕਾਰ ਸੱਜਣ ਕੁਮਾਰ ਵਿਰੁੱਧ ਕੇਸ ਚਲਾਉਣ ਦੀ ਪ੍ਰਵਾਨਗੀ ਦੇਵੇ। ਸਾਰੀ ਚਰਚਾ ਦੇ ਅਖ਼ੀਰ ਵਿਚ ਮਜਬੂਰ ਹੋ ਕੇ ਚਿੰਦਬਰਮ ਨੇ ਇਹ ਐਲਾਨ ਕੀਤਾ ਕਿ ਇਕ ਹਫ਼ਤੇ ਵਿਚ ਪ੍ਰਵਾਨਗੀ ਦੇ ਦਿੱਤੀ ਜਾਵੇਗੀ।



30 ਦਸੰਬਰ 2009 ਨੂੰ ਸਰਕਾਰੀ ਹੁਕਮ ਜਾਰੀ ਹੋਇਆ ਸੀ ਤੇ 5 ਜਨਵਰੀ 2010 ਨੂੰ ਇਹ ਕੇਸ ਦਰਜ ਹੋਇਆ ਸੀ, ਜੋ ਕਈ ਸਾਲ ਚੱਲਿਆ ਤੇ 2013 ਵਿਚ ਸੈਸ਼ਨ ਜੱਜ ਨੇ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ, ਫਿਰ ਸਰਕਾਰ ਨੇ ਹਾਈ ਕੋਰਟ ਵਿਚ ਅਪੀਲ ਕਰ ਦਿੱਤੀ, ਜਿਸ ਦਾ ਫੈਸਲਾ ਪੰਜ ਸਾਲ ਪਿਛੋਂ ਹੁਣ ਆਇਆ ਹੈ। ਇਹ ਹਨ ਇਸ ਕੇਸ ਦੇ ਕੁਝ ਤੱਥ।

ਫਿਰ ਅੱਜ ਸਵਾਲ ਇਹ ਹੈ ਕਿ, ਕੀ ਸਾਰੀ ਗੱਲ ਇਥੇ ਮੁੱਕ ਗਈ ਹੈ। ਮੈਂ ਇਕ ਬੇਨਤੀ ਕਰਦਾ ਹਾਂ ਕਿ ਮੇਰੀ 10 ਦਸੰਬਰ 2009 ਵਾਲੀ ਸੰਸਦ ਵਿਚ ਕੀਤੀ ਤਕਰੀਰ ਸੁਣ ਲਵੋ, ਇਹ ਯੂ-ਟਿਊਬ 'ਤੇ ਅਤੇ ਮੇਰੀ ਵੈੱਬਸਾਈਟ 'ਤੇ ਉਪਲਬੱਧ ਹੈ, ਮੈਂ ਉਸ ਸਮੇਂ ਇਹ ਕਿਹਾ ਸੀ ਕਿ ਸੱਜਣ ਕੁਮਾਰ ਤੇ ਟਾਈਟਲਰ ਆਦਿ ਨੂੰ ਸਜ਼ਾ ਦੇ ਕੇ ਇਹ ਮਸਲਾ ਹੱਲ ਨਹੀਂ ਹੁੰਦਾ। ਪਹਿਲਾਂ ਤਾਂ ਸਰਕਾਰ ਇਹ ਫੈਸਲਾ ਲਵੇ ਕਿ ਉਸ ਸਮੇਂ ਦੇ ਅਸਲ ਦੋਸ਼ੀ ਲੈਫਟੀਨੈਂਟ ਗਵਰਨਰ, ਪੁਲਿਸ ਕਮਿਸ਼ਨਰ, ਪੁਲਿਸ ਦੇ ਐਸ.ਪੀਜ਼ ਅਤੇ ਥਾਣੇਦਾਰਾਂ ਨੂੰ ਸਜ਼ਾ ਦਿੱਤੀ ਜਾਵੇ। ਮੈਂ ਇਕ ਸੂਚੀ ਦੋਸ਼ੀ ਕਰਾਰ ਦਿੱਤੇ ਗਏ ਅਫਸਰਾਂ ਦੀ ਪੇਸ਼ ਕੀਤੀ ਸੀ, ਜਿਸ ਦੀ ਸਰਕਾਰ ਦੇ ਕਮਿਸ਼ਨ ਨੇ ਸਿਫਾਰਸ਼ ਕੀਤੀ ਸੀ। ਅੱਜ ਤੱਕ ਕਿਸੇ ਨੂੰ ਕੋਈ ਸਜ਼ਾ ਨਹੀਂ ਮਿਲੀ। ਸਾਰਾ ਕਤਲੇਆਮ ਪੁਲਿਸ ਦੀ ਸ਼ਹਿ 'ਤੇ ਹੋਇਆ ਹੈ, ਮੈਨੂੰ ਜਵਾਬ ਦਿੱਤਾ ਗਿਆ ਸੀ ਕਿ ਕਈ ਸੇਵਾਮੁਕਤ ਹੋ ਚੁੱਕੇ ਹਨ। ਮੈਂ ਕਿਹਾ ਕਿ ਕਤਲ ਦਾ ਜੁਰਮ ਸੇਵਾਮੁਕਤ ਹੋਣ 'ਤੇ ਮੁਆਫ਼ ਨਹੀਂ ਹੋ ਸਕਦਾ। ਦੂਜਾ ਮੈਂ ਮੰਗ ਕੀਤੀ ਸੀ ਕਿ ਦੱਖਣੀ ਅਫ਼ਰੀਕਾ ਨੇ ਜੋ ਤਰੀਕਾ ਅਪਨਾਇਆ ਸੀ ਕਿ ਦੋਸ਼ੀ ਜੁਰਮ ਕਬੂਲ ਕਰੇ ਤੇ ਮੁਆਫ਼ੀ ਮੰਗੇ, ਉਹ ਲਾਗੂ ਕਰੋ। ਅੱਜ ਬੜੇ ਵੱਡੇ-ਵੱਡੇ ਨੇਤਾ ਤੇ ਅਫ਼ਸਰ ਅਕਾਲ ਚਲਾਣਾ ਕਰ ਚੁੱਕੇ ਹਨ ਪਰ ਹਾਲੇ ਵੀ ਕਈ ਬਾਕੀ ਹਨ। ਅੱਜ ਸਰਕਾਰ ਇਹ ਕਮਿਸ਼ਨ ਬਣਾਵੇ। ਮੈਂ ਸੰਯੁਕਤ ਰਾਸ਼ਟਰ ਦਾ ਇਹੋ ਜਿਹੇ ਕਤਲੇਆਮ ਦਾ ਕਾਨੂੰਨ ਪੜ੍ਹ ਕੇ ਸੁਣਾਇਆ ਸੀ, ਉਹ ਭਾਰਤ ਸਰਕਾਰ ਲਾਗੂ ਕਿਉਂ ਨਹੀਂ ਕਰਦੀ? ਸਰਕਾਰ ਨੇ ਐਸਆਈਟੀ. ਬਣਾਈ ਹੈ ਜੋ ਸਾਰੇ ਕੇਸਾਂ ਨੂੰ ਮੁੜ ਘੋਖ ਕੇ ਅਦਾਲਤ ਅੱਗੇ ਰਖੇਗੀ, ਚੰਗਾ ਹੈ। ਇਸ ਨਾਲ ਕਈ ਦੋਸ਼ੀ ਸਜ਼ਾ ਭੁਗਤਣਗੇ। ਪਰ ਸਾਨੂੰ ਲੋੜ ਹੈ ਇਹ ਸਾਜਿਸ਼ ਬੇਨਕਾਬ ਕਰਨ ਦੀ, ਕਿ ਕਿਵੇਂ ਇਹ ਖ਼ੂਨ ਦਾ ਬਦਲਾ ਖ਼ੂਨ ਦਾ ਹੁਕਮ ਹੋਇਆ ਸੀ? ਕਿਵੇਂ ਉਸ ਸਮੇਂ ਹਰਿਆਣਾ ਤੋਂ ਲੋਕ ਲਿਆਂਦੇ ਗਏ, ਕਿਸ ਨੇ ਸਾਰਾ ਬਾਰੂਦ, ਅੱਗ ਲਗਾਉਣ ਦਾ ਸਾਰਾ ਸਾਮਾਨ ਦਿੱਤਾ ਸੀ? ਇਹ ਗੱਲ ਜ਼ਰੂਰੀ ਹੈ ਕਿ ਦੂਰਦਰਸ਼ਨ ਤੇ ਆਲ ਇੰਡੀਆ ਰੇਡੀਓ ਦੇ ਉਸ ਵੇਲੇ ਦੇ ਅਫ਼ਸਰ ਦੋਸ਼ੀ ਹਨ ਜੋ ਹਰ ਸਮੇਂ ਇਹ ਬੋਲਦੇ ਰਹੇ ਕਿ 'ਸਿਖੋਂ ਨੇ ਇੰਦਰਾ ਗਾਂਧੀ ਕੋ ਮਾਰਾ ਹੈ, ਖ਼ੂਨ ਕਾ ਬਦਲਾ ਖ਼ੂਨ' ਦਾ ਨਾਅਰਾ ਰੇਡੀਓ ਤੋਂ ਕਿਉਂ ਆ ਰਿਹਾ ਸੀ। ਸਰਕਾਰੀ ਮੀਡੀਆ ਨੇ ਅੱਗਾਂ ਲਗਾਉਣ ਵਿਚ ਹਿੱਸਾ ਪਾਇਆ ਹੈ। ਭਾਰਤ ਦੀ ਸੰਸਦ ਵਿਚ ਸਰਕਾਰੀ ਮਤਾ ਨਵੰਬਰ-84 ਦੇ ਸਿੱਖ ਪੀੜਤਾਂ ਤੋਂ ਮੁਆਫ਼ੀ ਮੰਗਣ ਦਾ ਪੇਸ਼ ਕੀਤਾ ਜਾਵੇ। ਮੈਂ ਸੰਸਦ ਵਿਚ ਇਹ ਮਤਾ ਪਾਇਆ ਸੀ ਪਰ ਪੇਸ਼ ਨਾ ਕੀਤਾ ਗਿਆ ਤੇ ਮੈਂ ਸੇਵਾਮੁਕਤ ਹੋ ਗਿਆ ਸਾਂ। ਅੱਜ ਸਰਕਾਰ ਅਕਾਲੀ ਪਾਰਟੀ ਦੀ ਭਾਈਵਾਲ ਹੈ। ਤੁਰੰਤ ਇਹ ਮਤਾ ਜੋ ਸੰਸਦ ਦਾ ਅਖੀਰਲਾ ਇਜਲਾਸ ਇਸ ਫਰਵਰੀ ਵਿਚ ਆ ਰਿਹਾ ਹੈ ਉਸ ਵਿਚ ਪਾਸ ਕੀਤਾ ਜਾਵੇ। ਇਸ ਲਈ ਸਾਰੇ ਸਿੱਖ ਸੰਸਦ ਮੈਂਬਰ ਜ਼ੋਰ ਲਗਾਉਣ, ਪੰਜਾਬ ਦੀਆਂ ਸਾਰੀਆਂ ਸੰਸਥਾਵਾਂ ਇਸ ਬਾਰੇ ਅਵਾਜ਼ ਉਠਾਉਣ। ਇਹ ਸਦੀਵੀ ਯਾਦ ਰਹਿਣ ਵਾਲੀ ਘਟਨਾ ਦਾ ਪਛਤਾਵਾ ਕਰਨਾ ਲਾਜ਼ਮੀ ਹੈ।

ਪੀੜਤ ਪਰਿਵਾਰ ਸਾਡੀ ਮਦਦ ਦੇ ਹੱਕਦਾਰ ਹਨ। ਅੱਜ ਤੱਕ ਸਿੱਖ ਕੌਮ ਵਲੋਂ ਦਿੱਲੀ ਵਿਚ ਇਨ੍ਹਾਂ ਵਾਸਤੇ ਕੋਈ ਕਾਲੋਨੀ ਬਣਾ ਕੇ ਨਹੀਂ ਦਿੱਤੀ ਗਈ। ਅਸੀਂ ਦਾਨ ਲਈ ਮਸ਼ਹੂਰ ਹਾਂ ਪਰ ਇਨ੍ਹਾਂ ਦੁਖੀ ਪੀੜਤਾਂ ਸਬੰਧੀ ਕਿਉਂ ਚੁੱਪ ਹਾਂ?

## ਪੰਜਾਬ ਪੁਲਿਸ ਨੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਪਹਿਲਾ ਨੰਬਰ ਚੁੱਕਿਆ

**ਜਲੰਧਰ/ਬਿਊਰੋ ਨਿਊਜ਼ :** ਵਿਜੀਲੈਂਸ ਬਿਊਰੋ ਵਲੋਂ ਜਾਰੀ ਕੀਤੀ ਇਕ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਪੰਜਾਬ ਪੁਲਿਸ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਪੂਰੇ ਦੇਸ਼ ਵਿਚੋਂ ਪਹਿਲੇ ਸਥਾਨ 'ਤੇ ਆਉਂਦੀ ਹੈ। ਪੰਜਾਬ ਪੁਲਿਸ ਦਾ ਇਹ ਰਵੱਈਆ ਕਿਸੇ ਇਕ ਖੇਤਰ ਜਾਂ ਕਿਸੇ ਵਿਸ਼ੇਸ਼ ਸੰਦਰਭ ਵਿਚ ਨਹੀਂ ਸਗੋਂ ਵਿਭਾਗ ਨਾਲ ਸਬੰਧਿਤ ਕਿਸੇ ਵੀ ਮਾਮਲੇ ਦੀ ਗੱਲ ਕਰਨੀ ਹੋਵੇ ਤਾਂ ਪੰਜਾਬ ਪੁਲਿਸ ਵਿਚ ਭ੍ਰਿਸ਼ਟਾਚਾਰ ਚਾਰੇ ਪਾਸੇ ਸਾਹਮਣੇ ਆਉਂਦਾ ਹੈ। ਇਸ ਰਿਪੋਰਟ ਵਿਚ ਇਹ ਵੀ ਅੰਕੜਿਆਂ ਰਾਹੀਂ ਸਿੱਧ ਕੀਤਾ ਗਿਆ ਹੈ ਕਿ ਇਹ ਭ੍ਰਿਸ਼ਟਾਚਾਰ ਪੁਲਿਸ ਦੇ ਹੇਠਲੇ ਪੱਧਰ ਤੋਂ ਲੈ ਕੇ ਉੱਪਰਲੇ ਪੱਧਰ ਤੱਕ ਦੇ ਅਧਿਕਾਰੀਆਂ ਤਕ ਫੈਲਿਆ ਹੋਇਆ ਹੈ। ਪੰਜਾਬ ਵਿਜੀਲੈਂਸ ਬਿਊਰੋ ਨੇ ਇਸ ਦੋਸ਼ ਤਹਿਤ ਸੂਬੇ ਦੇ ਕਈ ਛੋਟੇ-ਵੱਡੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਭ੍ਰਿਸ਼ਟਾਚਾਰ ਦੇ ਵੱਖ-ਵੱਖ ਮਾਮਲਿਆਂ ਵਿਚ ਪਿਛਲੇ ਸਾਲ ਗ੍ਰਿਫ਼ਤਾਰ ਕੀਤਾ ਸੀ। ਇਸ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਹਰਿਆਣਾ ਪੁਲਿਸ ਵਿਚ ਵੀ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਹੈ ਅਤੇ ਹਰਿਆਣਾ ਦੇ ਵਿਜੀਲੈਂਸ ਬਿਊਰੋ ਨੇ ਵੀ ਪਿਛਲੇ 4 ਸਾਲਾਂ ਵਿਚ ਵੱਡੇ ਪੱਧਰ 'ਤੇ ਪੁਲਿਸ ਭ੍ਰਿਸ਼ਟਾਚਾਰ ਦੇ ਮਾਮਲੇ ਫੜੇ ਹਨ ਪਰ ਭ੍ਰਿਸ਼ਟਾਚਾਰ ਸਬੰਧੀ ਮਾਮਲਿਆਂ ਦੀ ਗੰਭੀਰਤਾ ਦੀ ਤੁਲਨਾ ਵਿਚ ਤਾਂ ਪੰਜਾਬ ਪੁਲਿਸ ਮੋਢੀ ਦਿਖਾਈ ਦਿੰਦੀ ਹੈ। ਸਾਲ 2018 ਵਿਚ ਇਸ ਵਿਭਾਗ ਦੇ ਕੁੱਲ 49 ਮੁਲਾਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਦਰਜ ਕਰਕੇ ਸੁਣਵਾਈ ਕੀਤੀ ਗਈ, ਇਹ ਵੀ ਪਤਾ ਲੱਗਿਆ ਹੈ ਕਿ ਪਿਛਲੇ ਸਾਲ ਭ੍ਰਿਸ਼ਟਾਚਾਰ ਦੇ 131 ਮਾਮਲਿਆਂ ਵਿਚ 182 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਇਸ ਦਾ ਤ੍ਰਾਸਦਕ ਪੱਖ ਇਹ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾ ਗਿਣਤੀ ਪੁਲਿਸ ਮੁਲਾਜ਼ਮਾਂ ਦੀ ਸੀ। ਇਕ ਸਮਾਂ ਸੀ ਜਦੋਂ ਪੰਜਾਬ ਪੁਲਿਸ ਦਾ ਇਹ ਅਕਸ ਸੀ ਕਿ ਦੇਸ਼ ਦੇ ਹੋਰ ਸੂਬਿਆਂ ਦੀਆਂ ਸਰਕਾਰਾਂ ਕਾਨੂੰਨ ਵਿਵਸਥਾ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਤੋਂ ਪੁਲਿਸ ਨਫ਼ਰੀ ਦੀ ਮੰਗ ਕਰਦੀਆਂ ਸਨ। ਇਥੋਂ ਤੱਕ ਕਿ ਪੰਜਾਬ ਪੁਲਿਸ ਦੇ ਕਿਸੇ ਜਵਾਨ ਦੀ ਮੌਜੂਦਗੀ ਨੂੰ ਜਨਤਕ ਸੁਰੱਖਿਆ ਦੀ ਵੱਡੀ ਜ਼ਿੰਮੇਵਾਰੀ ਦੇ ਰੂਪ ਵਿਚ ਦੇਖਿਆ ਜਾਂਦਾ ਸੀ। ਅੱਜ ਸਥਿਤੀ ਇਹ ਹੈ ਕਿ ਸੂਬੇ ਦੇ ਪੁਲਿਸ-ਤੰਤਰ ਦਾ ਇਕ ਵੱਡਾ ਹਿੱਸਾ ਭ੍ਰਿਸ਼ਟਾਚਾਰ ਵਿਚ ਗਲਤਾਨ ਹੈ। ਪੰਜਾਬ ਪੁਲਿਸ ਦੇ ਕੁਝ ਮੁਲਾਜ਼ਮ ਨਾ ਸਿਰਫ਼ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ ਸਗੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਵੀ ਸ਼ਾਮਲ ਹਨ। ਪਿਛਲੇ ਸਾਲ ਵਿਚ ਪੁਲਿਸ ਦੇ ਕਈ ਅਧਿਕਾਰੀ ਅਤੇ ਮੁਲਾਜ਼ਮ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਅਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਨੂੰ ਲੈ ਕੇ ਚਰਚਾ ਵਿਚ ਰਹੇ।

# ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਧੀਆਂ-ਪੁੱਤਰਾਂ ਦੀ ਲੋਹੜੀ ਮਨਾਈ



**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ:** ਵਿਦੇਸ਼ਾਂ ਵਿਚ ਬੈਠੇ ਪੰਜਾਬੀ ਆਪਣੇ ਅਮੀਰ ਵਿਰਸੇ ਦੀਆਂ ਜੜ੍ਹਾਂ ਹੋਰ ਮਜ਼ਬੂਤ ਕਰਦੇ ਹੋਏ ਆਪਣੇ ਬੱਚਿਆਂ ਨੂੰ ਨਾਲ ਜੋੜੀ ਰੱਖਣ ਲਈ ਸਮਾਂ ਕੱਢ ਕੇ ਸਾਂਝੇ ਤੌਰ ਉਤੇ ਹਰ ਤਿਉਹਾਰ ਮਨਾਉਂਦੇ ਹਨ। ਲੋਹੜੀ ਦਾ ਬੇਸ਼ੱਕ ਗੁਰਮਤਿ ਜਾਂ ਸਿੱਖ ਸਿਧਾਂਤ ਨਾਲ ਕੋਈ ਸਬੰਧ ਨਹੀਂ ਪਰ ਫਿਰ ਵੀ ਸਮੁੱਚਾ ਪੰਜਾਬੀ ਭਾਈਚਾਰਾ ਗੁਰੂਘਰਾਂ ਵਿਚ ਸਾਂਝੇ ਤੌਰ 'ਤੇ ਨਵ-ਜਨਮੇ ਪੁੱਤਰਾ ਅਤੇ ਧੀਆਂ ਦੀ ਲੋਹੜੀ ਬੜੀ ਸ਼ਾਨ ਨਾਲ ਮਨਾਉਂਦਾ ਹੈ।

ਗੁਰੂ ਰਵਿਦਾਸ ਟੈਂਪਲ ਚੈਰੀ ਐਵਨਿਊ ਫਰਿਜ਼ਨੋ ਵਿਖੇ ਸਥਾਨਿਕ ਭਾਈ ਭਾਈ ਰਾਮ ਸਿੰਘ ਦੇ ਕੀਰਤਨੀ ਜਥੇ ਵੱਲੋਂ ਲੋਹੜੀ ਮੌਕੇ ਗੁਰਬਾਣੀ ਸਰਵਣ ਕਰਵਾਈ ਗਈ। ਇਸ ਤੋਂ ਇਲਾਵਾ ਹੋਰ ਵੱਖਰੇ-ਵੱਖਰੇ ਬੁਲਾਰਿਆਂ ਨੇ ਵੀ ਹਾਜ਼ਰੀ ਭਰੀ। ਸਮਾਪਤੀ ਦੌਰਾਨ ਅੱਗ ਦੇ ਧੂਣੇ ਲਾਏ ਗਏ। ਇੱਥੇ ਨਵ ਵਿਆਹੇ ਜੋੜਿਆਂ ਨੇ ਵੀ ਅਰਦਾਸ ਕਰਦੇ ਹੋਏ ਆਪਣੀ ਲੋਹੜੀ ਮਨਾਈ।

ਇਸੇ ਹੀ ਸਾਂਝੀ ਪਰੰਪਰਾ ਅਧੀਨ ਸਮੁੱਚੇ ਕੈਲੀਫੋਰਨੀਆ ਅੰਦਰ ਜਿਥੇ ਗੁਰਦੁਆਰਿਆਂ ਅਤੇ ਮੰਦਰਾਂ ਵਿਚ ਸਰਕਾਰੀ ਪ੍ਰਵਾਨਗੀ ਲੈਂਦੇ ਹੋਏ ਲੋਹੜੀ ਦੇ ਵੱਡੇ ਵੱਡੇ ਧੂਣੇ ਲਾਏ ਗਏ, ਉਥੇ ਪਾਠ ਪੂਜਾ ਦੇ ਦੀਵਾਨ ਵੀ ਸਜੇ। ਇਸ ਤਿਉਹਾਰ ਨੂੰ ਸਭ ਨੇ ਰੱਜ ਕੇ ਮਾਣਿਆ। ਪੰਜਾਬ ਵਾਂਗ ਇਥੇ ਵੀ ਕਈ ਤਰ੍ਹਾਂ ਦੀਆਂ ਮਿਠਾਈਆਂ, ਰਿਓੜੀਆਂ, ਗੱਚਕ ਅਤੇ ਮੂੰਗਫਲੀ ਆਦਿਕ ਦੇ ਲੰਗਰ ਸਜੇ। ਗੋਰਿਆਂ ਦੇ ਬੱਚੇ ਵੀ ਇਨ੍ਹਾਂ ਸਮਾਗਮਾਂ ਵਿਚ ਸ਼ਾਮਿਲ ਹੋਏ।

ਲੋਹੜੀ ਦੇ ਨਾਲ-ਨਾਲ ਇਥੋਂ ਦੇ ਸਮੂਹ ਗੁਰਦੁਆਰਿਆਂ ਵਿਚ ਮਾਘ ਦੇ ਮਹੀਨੇ ਦੀ ਸੁਰੂਆਤ ਤੇ ਸਿੱਖ ਇਤਿਹਾਸ ਨਾਲ ਸਬੰਧਿਤ ਚਾਲੀ ਮੁਕਤਿਆਂ ਦੀ ਯਾਦ ਵਿਚ ਵੀ ਵਿਸ਼ੇਸ਼ ਸਮਾਗਮ ਸਿਲਮਾ, ਬੇਕਰਸਫੀਲਡ, ਸਨਵਾਕੀਨ, ਕਰਮਨ ਅਤੇ ਫਰਿਜ਼ਨੋ ਆਦਿਕ ਸ਼ਹਿਰਾਂ ਵਿਖੇ ਕੀਤੇ ਗਏ। ਇਸ ਦੌਰਾਨ ਮਹਾਨ ਕੀਰਤਨ ਦੀਵਾਨ ਸਜੇ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਲੋਹੜੀ ਦੇ ਪਰੰਪਰਾਗਤ ਜਸ਼ਨਾਂ ਤੋਂ ਇਲਾਵਾ ਵਿਸ਼ੇਸ਼ ਧਾਰਮਿਕ ਸਮਾਗਮ ਵੀ ਹੋਏ, ਜਿਨ੍ਹਾਂ ਵਿਚ ਸਮੂਹ ਭਾਈਚਾਰੇ ਨੇ ਰਲ-ਮਿਲ ਅਨੰਦ ਮਾਣਿਆ।

# ਅੱਠਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ ਯਾਦਗਾਰੀ ਹੋ ਨਿੱਬੜੀ

**ਪਟਿਆਲਾ/ਬਿਊਰੋ ਨਿਊਜ਼ :** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਧਿਆਪਨ ਵਿਭਾਗ ਵਲੋਂ ਆਯੋਜਿਤ ਤਿੰਨ-ਦਿਨਾ ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ ਹੋਈ। ਇਸ ਵਿਚ "ਪਰਵਾਸੀ ਸਾਹਿਤ ਅਧਿਐਨ-ਪ੍ਰਾਪਤੀਆਂ ਤੇ ਸੰਭਾਵਨਾਵਾਂ" ਸਬੰਧੀ ਇਕ ਵਿਸਥਾਰ ਪੂਰਵਕ ਸਾਹਿਤਕ/ਆਲੋਚਨਾਤਮਕ ਵਿਚਾਰ-ਚਰਚਾ ਹੋਈ। ਇਸ ਕਾਨਫਰੰਸ ਵਿਚ ਮੁੱਖ ਤੌਰ ਤੇ ਯੂਐਸਏ, ਕਨੇਡਾ, ਇੰਗਲੈਂਡ, ਜਾਪਾਨ, ਮਲੇਸ਼ੀਆ, ਇਟਲੀ ਦਿਆਂ ਸਾਹਿਤਕਾਰਾਂ ਨੇ ਸ਼ਮੂਲੀਅਤ ਕੀਤੀ।




ਪਹਿਲੇ ਦਿਨ ਦੇ ਪ੍ਰਧਾਨਗੀ ਸੈਸ਼ਨ ਵਿਚ ਵਿਸ਼ੇਸ਼ ਤੌਰ ਤੇ ਮਹਾਰਾਨੀ ਪਰਨੀਤ ਕੌਰ, ਵਾਈਸ ਚਾਂਸਲ ਬੀਐਸ ਘੁੰਮਣ, ਸੁਰਜੀਤ ਪਾਤਰ, ਹਰਚੰਦ ਸਿੰਘ ਬੇਦੀ, ਐਚਐਸ ਹੰਸਪਾਲ, ਸੁਖ ਧਾਲੀਵਾਲ, ਜੀਐਸ ਬਤਰਾ ਅਤੇ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਡਾ. ਹਰਜੋਧ ਸਿੰਘ ਨੇ ਸ਼ਮੂਲੀਅਤ ਕੀਤੀ। ਡਾ. ਭੁਮਿੰਦਰ ਸਿੰਘ ਨੇ ਇਸ ਸੈਸ਼ਨ ਦੇ ਮੇਜ਼ਮਾਨ ਵਜੋਂ ਭੂਮਿਕਾ ਨਿਭਾਈ। ਇਸ ਮੌਕੇ ਵਿਪਸਾ ਦੇ ਦੋ ਸਹਿਤਕਾਰਾਂ, ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਨੂੰ ਸਰਬਸ੍ਰੇਸ਼ਟ ਅਮਰੀਕੀ ਸਾਹਿਤਕਾਰਾਂ ਵਜੋਂ ਸਨਮਾਨਿਤ ਕੀਤਾ ਗਿਆ। ਸ਼ਾਮ ਨੂੰ ਇਕ ਉਚ ਪਾਏ ਦਾ ਗਾਇਕੀ ਸੈਸ਼ਨ ਇਸ ਕਾਨਫਰੰਸ ਦੀ ਰੌਚਕਤਾ ਨੂੰ ਚਾਰ ਚੰਨ ਲਾ ਗਿਆ। ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੀ ਮੁਖੀ ਬੀਬੀ ਨਿਵੇਦਿਤਾ ਕੌਰ ਅਤੇ ਉਹਨਾਂ ਦੇ ਭ੍ਰਾਤਾ ਡਾ.ਅਲੰਕਾਰ ਸਿੰਘ ਨੇ ਗੀਤ/ਗ਼ਜ਼ਲਾਂ ਦੇ ਗਾਇਨ ਵਿਚ ਅਮਰੀਕੀ ਗ਼ਜ਼ਲਕਾਰ ਕੁਲਵਿੰਦਰ ਦੀ ਗ਼ਜ਼ਲ ਨਾਲ ਇਸ ਦਾ ਆਰੰਭ ਕੀਤਾ।

ਦੂਜੇ ਦਿਨ ਦੀਆਂ ਮੁੱਖ ਬੈਠਕਾਂ ਵਿਚ, 'ਮੈਂ ਤੇ ਮੇਰਾ ਅਨੁਭਵ' ਵਿਚ ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਨੀਲਮ ਸੈਣੀ ਅਤੇ ਦਿਲ ਨਿੱਜਰ ਨੇ ਅਮਰੀਕੀ ਪਰਵਾਸੀ ਸਾਹਿਤਕਾਰਾਂ ਵਜੋਂ ਆਪੋ ਆਪਣੀਆਂ ਸਾਹਿਤਕ ਗਤੀਵਿਧੀਆਂ ਨਾਲ ਸਾਂਝ ਪੁਆਈ। ਇਸ ਬੈਠਕ ਦੇ ਪ੍ਰਧਾਨਗੀ ਮੰਚ 'ਤੇ ਵਾਇਸ ਚਾਂਸਲਰ, ਬੀਐਸ ਘੁੰਮਣ, ਦਲੀਪ ਕੌਰ ਟਿਵਾਣਾ, ਡਾ. ਬਲਕਾਰ ਸਿੰਘ, ਬਚਿੰਤ ਕੌਰ, ਅਤੇ ਇੰਗਲੈਂਡ ਦੇ ਸਾਹਿਤਕਾਰ ਮਨਮੋਹਨ ਭੇਡੂ ਸੁਸ਼ੋਭਿਤ ਹੋਏ ਅਤੇ ਪ੍ਰੋਫੈਸਰ ਲਹਿਰੀ ਨੇ ਇਸ ਦਾ ਮੰਚਨ ਕੀਤਾ। ਇਸ ਬੈਠਕ ਵਿਚ ਸੁਰਿੰਦਰ ਸੀਰਤ, ਦਿਲ ਨਿੱਜਰ ਅਤੇ ਚਰਨਜੀਤ ਪੰਨੂ ਦੀਆਂ ਨਵ ਪ੍ਰਕਾਸ਼ਤ ਪੁਸਤਕਾਂ, "ਭਰਮ ਭੁਲੀਆਂ, ਦਿਲ ਦੀ ਇਬਾਰਤ ਅਤੇ ਮਿੱਟੀ ਦੀ ਮਹਿਕ" ਲੜੀਵਾਰ ਲੋਕ ਅਰਪਿਤ ਕੀਤੀਆਂ ਗਈਆਂ। ਇਸ ਦਿਨ ਦਾ ਸਭ ਤੋਂ ਜ਼ਿਆਦਾ ਆਕਰਸ਼ਿਤ ਹਾਸਿਲ ਇਸ ਦਾ ਪਰਵਾਸੀ ਕਵੀ ਦਰਬਾਰ ਸੀ। ਇਸ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਮੋਹਨਜੀਤ ਨੇ ਕੀਤੀ ਜਦ ਕਿ ਯੂਨੀਵਰਸਿਟੀ ਦੇ ਵੀਸੀ ਨੇ ਮੁਖ ਮਹਿਮਾਨ ਵਜੋਂ ਹਾਜ਼ਰੀ ਭਰੀ। ਪ੍ਰੋ. ਮੋਹਨ ਤਿਆਗੀ ਨੇ ਇਸ ਦਾ ਸੰਚਾਲਨ ਬਹੁਤ ਹੀ ਸੁਚੱਜਤਾ ਨਾਲ ਸਿਰੇ ਚਾੜ੍ਹਿਆ। ਇਸ ਵਿਚ ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਕੁਲਵਿੰਦਰ, ਦਿਲ ਨਿੱਜਰ ( ਅਮਰੀਕਾ ਤੋਂ ), ਦਰਸ਼ਨ ਬੁਲੰਦਵੀ ( ਇੰਗਲੈਂਡ ), ਪਰਮਿੰਦਰ ਸੋਢੀ( ਜਾਪਾਨ), ਖੋਜੀ ਕਾਫਰ ( ਕਨੇਡਾ ) ਅਤੇ ਵਿਸ਼ਾਲ ( ਇਟਲੀ ) ਨੇ ਠਰੰਮੇ ਨਾਲ ਆਪੋ ਆਪਣੀਆਂ ਰਚਨਾਵਾਂ ਪ੍ਰਸਤੁਤ ਕੀਤੀਆਂ।

ਤੀਜੇ ਦਿਨ ਬਹੁਤ ਸਾਰੇ ਆਲੋਚਕਾਂ ਵਲੋਂ ਪਰਵਾਸੀ ਸਾਹਿਤ ਦੇ ਹਰ ਇਕ ਪੱਖ (ਨਾਵਲ, ਕਹਾਣੀ , ਕਵਿਤਾ , ਨਿਬੰਧ ਆਦਿ ) 'ਤੇ ਵਿਸਥਾਰਪੂਰਵਕ ਸੰਵਾਦ ਰਚਾਇਆ ਗਿਆ। ਇਸ ਅਨੁਸਾਰ ਪਰਵਾਸ ਵਿਚ ਰਚਿਤ ਅਤੇ ਰਚੇ ਜਾ ਰਹੇ ਸਾਹਿਤ ਨੂੰ ਖਿੜੇ ਮੱਥੇ ਪਰਵਾਨ ਕਰਦਿਆਂ ਇਸ ਦੀ ਪੁਸ਼ਟੀ ਵੀ ਕੀਤੀ ਕਿ ਇਸ ਨਾਲ ਸਮੁੱਚੇ ਪੰਜਾਬੀ ਸਾਹਿਤ ਵਿਚ ਨਵੇਂ ਰੁਝਾਨ, ਸਥਾਨਕ ਪਰਵਿਰਤੀਆਂ , ਗਲੋਬਲ ਚਿੰਤਨ , ਡਿਆਸਪੋਰਾ ਪ੍ਰਭਾਵ, ਅੰਤਰਰਾਸ਼ਟਰੀ ਸਮੱਸਿਆਵਾਂ ਅਤੇ ਸੰਸਕਾਰਾਂ ਜਿਹੇ ਸੰਦਰਭ ਆ ਜੁੜੇ ਹਨ ਅਤੇ ਜੁੜਦੇ ਰਹਿਣਗੇ। Closing Ceremony, ਲੋਹੜੀ ਦੇ ਤਿਉਹਾਰ ਨੂੰ ਸਮਰਪਿਤ ਕੀਤੀ ਗਈ , ਜਿਸ ਵਿਚ ਵਾਇਸ ਚਾਂਸਲਰ ਬੀਐਸ ਘੁੰਮਣ, ਉਹਨਾਂ ਦੀ ਧਰਮ ਪਤਨੀ ਅਤੇ ਸਾਰੇ ਸਟਾਫ ਨੇ ਲੋਹੜੀ ਦਾ ਜਸ਼ਨ ਮਨਾਇਆ। ਸੁਰਿੰਦਰ ਸੀਰਤ ਨੂੰ ਅਦਾਰੇ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਵਿਪਸਾ ਦੀ ਅਗਲੇ ਦੋ ਵਰ੍ਹਿਆਂ ਲਈ ਕਾਰਜਕਾਰਨੀ ਕਮੇਟੀ ਦੀ ਚੋਣ ਕੀਤੀ ਗਈ ਹੈ। ਉਹਨਾਂ ਵਿਚ ਸੁਰਿੰਦਰ ਸੀਰਤ (ਪ੍ਰਧਾਨ), ਭੁਪਿੰਦਰ ਦਲੇਰ (ਉਪ ਪ੍ਰਧਾਨ), ਨੀਲਮ ਸੈਣੀ (ਜਨਰਲ ਸਕੱਤਰ), ਗੁਲਸ਼ਨ ਦਿਆਲ (ਸਾਹਿਤ ਸਕੱਤਰ), ਤਾਰਾ ਸਾਗਰ (ਖਜ਼ਾਨਚੀ), ਹਰਭਜਨ ਢਿੱਲੋਂ (ਆਰਗਨਾਇਜ਼ਰ) ਵਜੋਂ ਨਾਮਜ਼ਦ ਕੀਤੇ ਗਏ ਹਨ।

# ਖਾਲਸਾ ਪੰਥ ਦੀ ਸਿਰਜਨਾ ਦਾ ਨਿਸ਼ਾਨਾ ਦਲਿਤ ਕਲਿਆਣ

**ਗੁਰਮੇਲ ਸਿੰਘ ਖਾਲਸਾ ਗਿਆਸਪੁਰਾ**
(ਫੋਨ : 99147-01469)

ਵਾਹਿਗੁਰੂ ਜੀ ਦੇ ਹੁਕਮ ਨਾਲ਼ ਗੁਰੂ ਨਾਨਕ ਸਾਹਿਬ ਜੀ ਦੀ ਮੱਤ ਦਾ ਪ੍ਰਕਾਸ਼ ਭਾਰਤ ਵਰਸ਼ ਵਿੱਚ ਹੋਇਆ ਹੈ । ਸਿੱਖ ਇਸ ਨੂੰ ਗੁਰਮਤਿ ਆਖਦੇ ਹਨ । ਭਾਰਤ ਵਰਸ਼ ਦਾ ਇੱਕ ਵਿਸ਼ਾਲ ਜਨ ਸਮੂਹ ਦਲਿਤ ਸਮਾਜ ਹਜਾਰਾਂ ਸਾਲਾਂ ਤੋਂ ਦਰੜਿਆ ਜਾ ਰਿਹਾ ਹੈ । ਬਿਪਰ ਮੰਨੂ ਨੇ ਭਾਰਤੀ ਲੋਕਾਂ ਨੂੰ ਮੋਟੇ ਮੋਟੇ ਚਾਰ ਭਾਗਾਂ ਵਿਚ ਵੰਡਿਆ ਹੈ । ਬ੍ਰਾਹਮਣ , ਖੱਤਰੀ , ਵੈਸ਼ ਤੇ ਸ਼ੂਦਰ । ਅੱਗੇ ਇਹਨਾਂ ਦੀਆਂ ਹਜ਼ਾਰਾਂ ਸ਼ਾਖਾਵਾਂ ਹਨ । ਸਭ ਤੋਂ ਹੇਠਾਂ ਸ਼ੂਦਰ ਹਨ, ਜਿਹਨਾਂ ਦਾ ਕੰਮ ਹੈ ਸੇਵਾ ਕਰਨੀ, ਕਿਰਤ ਕਰਨੀ ਹੈ। ਇਸ ਕੰਮ ਲਈ ਇਹਨਾਂ ਦਾ ਨਾਮ ਪੈ ਗਿਆ ਕਮੀਣ । ਨਫਰਤ ਦੇ ਪਾਤਰ ਵੀ ਏਹੀ ਹਨ। ਬ੍ਰਾਹਮਣ ਸਭ ਤੋਂ ਉੱਪਰ ਬੈਠਾ ਹੈ ।ਅੱਜ ਵੀ ਉਪਰ ਹੀ ਹੈ। ਭਾਰਤ ਵਰਸ਼ ਦੀਆਂ ਸਾਰੀਆਂ ਸੰਵੇਦਨਸ਼ੀਲ ਪਦਵੀਆਂ ਤੇ ਬ੍ਰਾਹਮਣ ਬੈਠਾ ਹੈ । ਦੂਸਰੇ ਨੰਬਰ ਉਤੇ ਹੈ ਖੱਤਰੀ ਜੋ ਕਿ ਬ੍ਰਾਹਮਣ ਦੀ ਰਾਖੀ ਕਰਦਾ ਹੈ । ਤੀਜੇ ਨੰਬਰ ਤੇ ਵੈਸ਼ ਹੈ ਜੋ ਕਿ ਬ੍ਰਾਹਮਣ ਤੇ ਖੱਤਰੀ ਲਈ ਧਨ ਦਾ ਪ੍ਰਬੰਧ ਕਰਦਾ ਹੈ । ਆਖਰ ਵਿਚ ਸ਼ੂਦਰ ਹੈ ਜੋ ਕਿ ਉੱਪਰ ਦੀਆਂ ਤਿੰਨਾ ਜਾਤਾਂ ਲਈ ਖੂਨ ਪਸੀਨੇ ਦੀ ਕਿਰਤ ਕਰਦਾ ਹੈ। ਉੱਪਰਲੀਆਂ ਜਾਤਾਂ
ਵਾਲੇ ਇਸ ਕਿਰਤੀ ਨੂੰ ਛੂੰਹਣਾ ਭੀ ਪਾਪ ਸਮਝਦੇ ਹਨ । ਸ਼ੂਦਰ ਜਿੰਨਾ ਮਰਜ਼ੀ ਪੜ੍ਹ ਲਿਖ ਜਾਵੇ ਡਾ ਭੀਮ ਰਾਓ ਅੰਬੇਦਕਰ ਸਾਹਿਬ ਜੀ ਵਰਗਾ ਅਫਸਰ ਵੀ ਲੱਗ ਜਾਵੇ ਫਿਰ ਵੀ ਬ੍ਰਾਹਮਣ ਚਪੜਾਸੀ ਉਸ ਨੂੰ ਨਫਰਤ ਹੀ ਕਰਦਾ ਹੈ । ਇਹ ਹਾਲਤ ਅੱਜ ਵੀ ਹੈ । ਕੁਝ ਸਮਾਂ ਪਹਿਲਾਂ ਦੀ ਗੱਲ ਹੈ ਕਿ ਬੰਗਾਲ ਹਾਈ ਕੋਰਟ ਦਾ ਇੱਕ ਜੱਜ ਮਿਸਟਰ ਕਰਨਨ ਜੋ ਕਿ ਸ਼ੂਦਰ ਹੈ , ਉਸ ਦੇ ਆਪਣੇ ਬਿਆਨਾਂ ਅਨੁਸਾਰ ' ਸੁਪਰੀਮ ਕੋਰਟ ਜੱਜਾਂ ਦੇ ਬੈਂਚ ਨੇ ਉਸ ਦਾ ਸਮਾਜਕ ਬਾਈਕਾਟ ਕੀਤਾ ਹੋਇਆ ਹੈ ।ਇਸ ਦੀ ਸ਼ਿਕਾਇਤ ਉਸ ਨੇ ਭਾਰਤ ਦੇ ਰਾਸ਼ਟਰਪਤੀ ਅਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਕੀਤੀ, ਉਸ ਦੀ ਕਿਸੇ ਨੇ ਵੀ ਨਹੀਂ ਸੁਣੀ ।ਉਲਟਾ ਉਸ ਦੀਆਂ ਨਿਆਇਕ ਸ਼ਕਤੀਆਂ ਖੋਹ ਲਈਆਂ ਗਈਆਂ ।
ਗੁਰੂ ਨਾਨਕ ਸਾਹਿਬ ਜੀ ਨੇ ਇਸ ਸਮੱਸਿਆ ਨੂੰ ਸਮਝ ਕੇ ਇਹਨਾਂ ਦੀ ਬਾਂਹ ਫੜੀ ਹੈ । ਮੰਨੂ ਸਿਮਰਤੀ ਅਨੁਸਾਰ ਉੱਚੀ ਜਾਤ ਵਿਚ ਪੱਕੇ ਹੋਣ ਲਈ ਜਨੇਊ ਸੰਸਕਾਰ ਜ਼ਰੂਰੀ ਹੁੰਦਾ ਹੈ । ਗੁਰੂ ਨਾਨਕ ਸਾਹਿਬ ਜੀ ਨੇ ਇਸ ਜਨੇਊ ਸੰਸਕਾਰ ਦਾ ਵਿਰੋਧ ਕੀਤਾ ਸੀ । ਨੀਚਾਂ ਤੋਂ ਭੀ
ਨੀਚਾਂ ਨਾਲ ਖੜੇ ਹੋਣ ਦਾ ਐਲਾਨ ਇਹ ਫੁਰਮਾਨ ਜਾਰੀ ਕਰਕੇ ਕੀਤਾ ਸੀ ;- ਨੀਚਾ ਅੰਦਰਿ ਨੀਚ ਜਾਤੁ ਨੀਚੀ ਹੂ ਅਤਿ ਨੀਚੁ ।। ਨਾਨਕ ਤਿਨਿ ਕੈ ਸੰਗ ਸਾਥਿ ਵਡਿਆ ਸਿਉ ਕਿਆ ਰੀਸ ।। ਜਿਥੈ ਨੀਚੁ ਸਮਾਲੀਅਨ ਤਿਥੈ ਨਦਰਿ ਤੇਰੀ ਬਖਸ਼ੀਸ਼ ।।15 ।।
ਗੁਰੂ ਜੀ ਨੇ ਸੰਸਾਰ ਦੇ ਲੋਕਾਂ ਨੂੰ ਇਹ ਸਮਝਿਆ ਕਿ ਵਾਹਿਗੁਰ , ਰੱਬ, ਅਲਾਹ, ਗੌਡ ਇਕ ਹੈ। ਉਹ ਸਾਡਾ ਸਾਰਿਆਂ ਦਾ ਪਿਤਾ ਹੈ । ਅਸੀ ਸਾਰੇ ਉਸਦੇ ਬੱਚੇ ਹਾਂ । ਰੱਬ ਦੇ ਘਰ ਵਿਚ ਸਭ ਬਰਾਬਰ ਹਨ ।' ਨਾਨਕ ਉਤਮ ਨੀਚੁ ਨ ਕੋਇ ' ।।
ਮੰਨੂਵਾਦੀ ਕਿਲੇ ਦੀ ਨੀਂਹ ਜਾਤਪਾਤ ਉਪਰ ਰੱਖੀ ਹੋਈ ਹੈ । ਬਾਬਾ ਨਾਨਕ ਜੀ ਨੇ ਇਸ ਨੀਂਹ ਉਤੇ ਹੀ ਭਾਰੀ ਭਰਕਮ ਵਾਰ ਕੀਤਾ ਹੈ ।
ਬਸ ! ਮੰਨੂਵਾਦੀ ਬਾਬੇ ਦੇ ਵਿਰੋਧੀ ਹੋ ਗਏ ਅਤੇ ਬਾਬਰ ਨੂੰ ਫੜਾ ਦਿੱਤਾ ਗਿਆ ਸੀ ਅਤੇ ਬਾਬਰ ਨੇ ਬਾਬੇ ਨਾਨਕ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਸੀ । ਪੰਜਵੇਂ ਨਾਨਕ ਨੇ ਦਲਿਤ ਭਗਤਾਂ ਦੀ ਬਾਣੀ ਨੂੰ ਸਤਿਕਾਰ ਸਹਿਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਪਾਦਿਤ ਕਰ ਦਿੱਤਾ । ਬਿਪਰ ਸੜ ਭੁੱਜ ਗਿਆ । ਉਹ ਇਕੱਠੇ ਹੋ ਕੇ ਜਹਾਂਗੀਰ ਕੋਲ ਗਏ ਅਤੇ ਬਾਬੇ ਨਾਨਕ ਨੂੰ ਇਸਲਾਮ ਵਿਰੋਧੀ ਹੋਣਾ ਦੱਸਿਆ ਗਿਆ । ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ । ਵਿਚਲੀ ਗੱਲ ਨਾ ਸਮਝਣ ਕਰਕੇ ਕਈ ਸਿੱਖ ਮੁਸਲਮਾਨਾਂ ਦੇ ਵਿਰੁੱਧ ਹੋ ਗਏ । ਅਸਲ ਵਿਚ ਬਿਪਰ ਨੇ ਹਰ ਵਾਰ ਸਿੱਖਾਂ ਦੇ ਨਿਸ਼ਾਨੇ ਦਲਿਤ ਕਲਿਆਣ ਤੋਂ ਭਟਕਾਇਆ ਹੀ ਹੈ । ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਵੀ ਗਵਾਲੀਅਰ ਦੀ ਜੇਲ੍ਹ ਵਿਚ ਬੰਦ ਕਰਵਾ ਦਿੱਤਾ ਸੀ । ਬਾਬੇਕਿਆਂ ਨੂੰ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਹੀ ਵੜਨ ਨਹੀਂ ਦਿੱਤਾ ਗਿਆ । ਗੁਰੂ ਕੇ ਪਹਿਲਾਂ ਕੀਰਤਪੁਰ, ਫਿਰ ਆਨੰਦਪੁਰ ਸਾਹਿਬ ਆ ਗਏ । ਅੱਜ ਤੱਕ ਸ੍ਰੀ ਅੰਮ੍ਰਿਤਸਰ ਸਾਹਿਬ ਬਾਬਰ ਕਿਆਂ ਦੇ ਅਧੀਨ ਹੈ। ਜਿਵੇਂ ਮੋਦੀ ਭਾਰਤ ਦਾ ਹਿੰਦੂਕਰਨ ਕਰਨ ਲਈ ਜੁਟਿਆ ਹੈ ਅਤੇ ਔਰੰਗਜ਼ੇਬ ਦੀ ਰੀਸੋ ਰੀਸ ਇਸ ਨੇ ਵੀ ਇਹ ਕੰਮ ਕਸ਼ਮੀਰ ਤੋਂ ਸ਼ੁਰੂ ਕੀਤਾ ਹੈ। ਔਰੰਗਜ਼ੇਬ ਨੇ ਵੀ ਭਾਰਤ ਦਾ ਇਸਲਾਮੀਕਰਣ ਕਸ਼ਮੀਰ ਤੋਂ



ਹੀ ਸ਼ੁਰੂ ਕੀਤਾ ਸੀ । ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਇੱਕ ਕਸ਼ਮੀਰੀ ਹਿੰਦੂਆਂ ਦਾ ਝੁੰਡ ਮਦਦ ਲਈ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਰਨ ਵਿਚ ਆਇਆ ਸੀ । ਗੁਰਮਤਿ ਦੇ ਸਿਧਾਂਤ ਅਨੁਸਾਰ ' ਜੋ ਸ਼ਰਨ ਆਏ ਤਿਸ ਕੰਠ ਲਾਏ ' ਅਤੇ ਸਭ ਦੇ ਧਰਮ ਦੀ ਅਜ਼ਾਦੀ ਲਈ ਗੁਰੂ ਸਾਹਿਬ ਨੇ ਦਿੱਲੀ ਜਾਕੇ ਸ਼ਹੀਦੀ ਦਿੱਤੀ ਸੀ । ਗੁਰੂ ਜੀ ਦਾ ਕੱਟਿਆ ਸ਼ੀਸ਼ ਦੇਖ ਕੇ ਕਸ਼ਮੀਰੀ ਹਿੰਦੂ ਦਹਿਲ ਕੇ ਪਹਾੜੀ ਹਿੰਦੂ ਰਾਜਿਆ ਦੀ ਸ਼ਰਨ ਵਿਚ ਚਲੇ ਗਏ ਸਨ । ਸਗੋਂ ਉਹਨਾਂ ਨਾਲ ਮਿਲ ਕੇ ਗੁਰੂ ਜੀ ਨਾਲ ਵੈਰ ਵਿੱਢ ਲਿਆ । ਕਾਰਨ ਇਹ ਸੀ :- ਗੁਰੂ ਗੋਬਿੰਦ ਸਿੰਘ ਜੀ ਨੇ ਸਭ ਨੂੰ ਬਰਾਬਰ ਕਰਨ ਲਈ ਬ੍ਰਾਹਮਣ-ਖੱਤਰੀ-ਵੈਸ਼ ਤੇ ਸ਼ੂਦਰ ਨੂੰ ਇਕੋ ਬਾਟੇ ਵਿਚੋਂ ਇਕ ਦੂਜੇ ਦੀ ਜੂਠ ਪਿਆਈ ਸੀ। ਇਸ ਸੰਸਕਾਰ ਨੂੰ ਗੁਰੂ ਜੀ ਨੇ ਅੰਮ੍ਰਿਤ ਸੰਚਾਰ ਕਿਹਾ ਸੀ । ਪਹਾੜੀ ਹਿੰਦੂ ਸ਼ੂਦਰਾਂ ਨਾਲ ਬਰਾਬਰ ਬੈਠ ਕੇ ਅੰਮ੍ਰਿਤ ਨਹੀਂ ਛਕਣਾ ਚਾਹੁੰਦੇ ਸਨ, ਇਸ ਲਈ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਵੈਰੀ ਬਣ ਗਏ । ਗੁਰੂ ਜੀ ਨਾਲ ਚਾਰ ਲੜਾਈਆਂ ਲੜੀਆਂ ਹਰ ਵਾਰ ਮੂੰਹ ਦੀ ਖਾਂਦੇ ਰਹੇ। ਮੁਗਲ ਫੌਜ ਨਾਲ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਲਈ ਮਜਬੂਰ ਕਰ ਦਿੱਤਾ ਗਿਆ ਸੀ। ਆਖਿਰ ਇਸ ਲੜਾਈ ਵਿਚ ਗੁਰੂ ਜੀ ਨੇ ਆਪਣਾ ਸਰਬੰਸ ਤਕ ਵਾਰ ਦਿੱਤਾ ।
ਔਰੰਗਜ਼ੇਬ ਜੋ ਕਿ ਉਸ ਵੇਲੇ ਭਾਰਤ ਦੇ ਦੱਖਣ ਵਿਚ ਸੀ, ਨਾਲ ਸਿੱਧੀ ਗੱਲਬਾਤ ਕਰਨ ਲਈ ਗੁਰੂ ਜੀ ਨੇ ਦੱਖਣ ਵੱਲ ਨੂੰ ਚਾਲੇ ਪਾ ਲਏ। ਗੁਰੂ ਜੀ ਜਦੋਂ ਨਾਦੇੜ ਪਹੁੰਚੇ ਤਾਂ ਖ਼ਬਰ ਮਿਲੀ ਕਿ ਔਰੰਗਜ਼ੇਬ ਚੜ੍ਹਾਈ ਕਰ ਗਿਆ । ਗੁਰੂ ਜੀ ਔਰੰਗਜ਼ੇਬ ਨੂੰ ਸਿੱਧੇ ਤੌਰ 'ਤੇ ਇਹ ਸਮਝਾਉਣਾ ਚਾਹੁੰਦੇ ਸਨ ਕਿ ਉਹਨਾਂ ਦਾ ਨਿਸ਼ਾਨਾ ਤਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਾ ਹੈ ।
ਲੋਕਾਂ ਨੂੰ ਇਕ ਕਰਕੇ ਇਕ ਰੱਬ ਨਾਲ ਮਿਲਾਉਣਾ ਹੈ । ਸਰਬੱਤ ਦਾ ਭਲਾ ਕਰਨਾ ਹੈ ਪਰ ਬਿਪਰਾਂ ਨੇ ਤੁਹਾਨੂੰ ਝੂਠੀਆਂ ਖ਼ਬਰਾਂ ਦਿੱਤੀਆਂ ਹਨ ਤੇ ਤੁਸੀਂ ਸਾਡੇ ਵਿਰੁੱਧ ਹੋ ਗਏ । ਕੁਦਰਤੀ ਔਰੰਗਜ਼ੇਬ ਨਾਲ ਗੁਰੂ ਜੀ ਦਾ ਮੇਲ ਨਾ ਹੋਇਆ । ਨਾਂਦੇੜ ਵਿਖੇ ਗੁਰੂ ਜੀ ਦਾ ਮੇਲ ਇਕ ਬੈਰਾਗੀ ਸਾਧੂ ਮਾਧੋਦਾਸ ਨਾਲ ਹੋ ਗਿਆ । ਗੁਰੂ ਜੀ ਉਤੇ ਦੋ ਪਠਾਣਾਂ ਨੇ ਇਕ ਮਾਰੂ ਹਮਲਾ ਕੀਤਾ ਸੀ । ਗੁਰੂ ਜੀ ਨੂੰ ਇਹ ਵੀ ਪਤਾ ਸੀ ਕਿ ਉਹਨਾਂ ਨੇ ਇਸ ਸੰਸਾਰ ਨੂੰ ਸਰੀਰਕ ਤੌਰ ਉਤੇ ਜਲਦੀ ਛੱਡ ਜਾਣਾ ਹੈ ਪਰ "ਇਨ ਗਰੀਬ ਸਿਘਨ ਕੋ ਦੀਓ ਪਾਤਿਸਾਹੀ" ਵਾਲਾ ਪ੍ਰਣ ਅਜੇ ਬਾਕੀ ਸੀ। ਮਾਧੋਦਾਸ ਬੈਰਾਗੀ ਦੀ ਸ਼ਕਤੀ ਨੂੰ ਗੁਰੂ ਜੀ ਨੇ ਪਛਾਣ ਕੇ ਉਸ ਨੂੰ ਗੁਰਮਤਿ ਦੀ ਸਿੱਖਿਆ ਦੇ ਕੇ ਬੈਰਾਗੀਪੁਣੇ ਦਾ ਪਾਖੰਡ ਛੁਡਾਇਆ । ਤਿਆਰ ਕੀਤਾ, ਆਪਣਾ ਬੰਦਾ ਬਣਾ ਕੇ ਨਾਮ ਰੱਖਿਆ, ' ਬੰਦਾ ਸਿੰਘ ਬਹਾਦਰ ' । ਹੁਕਮ ਦਿੱਤਾ ਕਿ ਜ਼ੁਲਮੀ ਮੁਗਲ ਰਾਜ ਦੀ ਜੜ੍ਹ ਪੰਜਾਬ ਵਿੱਚੋਂ ਪੁੱਟਣੀ ਹੈ । ਖ਼ਾਲਸਾ ਰਾਜ ਦੀ ਸਥਾਪਨਾ ਕਰਨ ਤੋਂ ਬਾਅਦ ਇਹ ਕੰਮ ਜ਼ਰੂਰੀ ਕਰਨੇ ਹਨ । ਵਿਹਲੜ ਚੌਧਰੀਆਂ ਦੀਆਂ ਜ਼ਮੀਨਾਂ ਉਤੇ ਜਿਹੜੇ ਖੇਤ ਮਜ਼ਦੂਰ ਖੇਤੀ ਕਰਦੇ ਹਨ, ਉਹ ਜ਼ਮੀਨਾਂ ਖੇਤ ਮਜ਼ਦੂਰਾਂ ਦੇ ਨਾਮ ਕਰ ਦੇਣੀਆਂ ਹਨ। ਖੇਤ ਮਜ਼ਦੂਰਾਂ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਦੇਣੇ ਹਨ । ਦੂਸਰਾ ਹੁਕਮ ਕਿ ਜਿਹਨਾਂ ਜਰਨੈਲਾਂ ਦੀ ਮਦਦ ਨਾਲ ਖ਼ਾਲਸਾ ਰਾਜ ਦੀ ਪਰਾਪਤੀ ਕੀਤੀ ਹੋਵੇ, ਉਹਨਾਂ ਨੂੰ ਹੀ ਰਾਜ ਭਾਗ ਸੰਭਾਲ ਦੇਣਾ । ਆਪ ਰਾਜ ਸਿੰਘਾਸਨ ਨਾਲ ਚਿੰਮੜਨਾ ਨਹੀਂ। ਇਹ ਕੰਮ ਕਰਕੇ ਆਪ ਨੇ ਆਪਣੇ ਘਰ ਰਿਆਸੀ (ਜੰਮੂ ) ਚਲੇ ਜਾਣਾ ਹੈ। ਆਖਰੀ ਹੁਕਮ ਇਹ ਕੀਤਾ ਕਿ ਮੁਗਲ ਰਾਜ ਛੇ ਪੀੜ੍ਹੀਆਂ ਤੋਂ ਚਲਿਆ ਆ ਰਿਹਾ ਹੈ । ਮੁਗਲਾਂ ਨੇ ਹਰ ਹੀਲਾ ਵਰਤ ਕੇ ਤੁਹਾਡੇ ਤੋਂ ਰਾਜ ਖੋਹਣਾ ਹੈ । ਤੁਸੀਂ ਖ਼ਾਲਸਾ ਪੰਥ ਉਤੇ ਸੰਕਟ ਆਉਣ 'ਤੇ ਅਗਵਾਈ ਜ਼ਰੂਰ ਕਰਨੀ ਹੈ । ਬੇਸ਼ੱਕ ਇਸ ਦੀ ਤੁਹਾਨੂੰ ਭਾਰੀ ਕੀਮਤ ਕਿਉਂ ਨਾ ਚੁਕਾਉਣੀ ਪਵੇ ।
ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦੀ ਹੂ-ਬ-ਹੂ ਤਾਮੀਲ ਕੀਤੀ ਸੀ । ਖ਼ਾਲਸਾ ਰਾਜ ਦੀ ਪਰਾਪਤੀ ਕੀਤੀ । ਵਿਹਲੜ ਚੌਧਰੀਆਂ ਦੀਆਂ ਜ਼ਮੀਨਾਂ ਨੂੰ ਖੇਤ ਮਜ਼ਦੂਰਾਂ ਦੇ ਨਾਮ ਕੀਤਾ । ਫਤਿਹ ਸਿੰਘ , ਬਾਜ ਸਿੰਘ, ਆਲੀ ਸਿੰਘ, ਮਾਲੀ ਸਿੰਘ ਆਦਿ ਨੂੰ ਖ਼ਾਲਸਾ ਰਾਜ ਦੀ ਵਾਗਡੋਰ ਸੌਂਪ ਕੇ ਆਪ ਆਪਣੇ ਪਰਿਵਾਰ ਨਾਲ ਰਿਆਸੀ ਚਲੇ ਗਏ ਸਨ । ਇਉਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗਰੀਬ ਸਿੰਘਾਂ ਨਾਲ ਵਾਅਦਾ :
ਜਿਨ ਕੀ ਜਾਤ ਆਉਰ ਕੁਲ ਮਾਹੀ ।
ਸਿਰਦਾਰੀ ਨ ਭਈ ਕਿਦਾਹੀ ।
ਇਨਹੀ ਕੋ ਸਰਦਾਰ ਬਨਾਊ ।
ਤਬੈ ਗੋਬਿੰਦ ਸਿੰਘ ਨਾਮ ਕਹਾਊ ।। ਪੂਰਾ ਕੀਤਾ ।
ਖ਼ਾਲਸਾ ਰਾਜ ਤੇ ਸੰਕਟ ਵੇਲੇ ਬਾਬਾ ਬੰਦਾ ਸਿੰਘ ਬਹਾਦਰ ਖ਼ਾਲਸਾ ਫੌਜ ਦੀ ਅਗਵਾਈ ਲਈ ਹਾਜ਼ਰ ਹੋ ਗਿਆ । ਬੇਸ਼ੱਕ ਇਸ ਦੀ ਭਾਰੀ ਕੀਮਤ ਚੁਕਾਉਣੀ ਪਈ ਕਿਉਂਕਿ ਬਿਪਰਾਂ ਦੀ ਮਦਦ ਨਾਲ ਮੁਗਲ ਫੌਜ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਫੜਨ ਲਈ ਜਾਲ੍ਹ ਵਿਛਾਇਆ ਹੋਣ ਕਰਕੇ ਗ੍ਰਿਫਤਾਰ ਕਰ ਲਿਆ ਗਿਆ । ਦਿੱਲੀ ਵਿਚ ਭਾਰੀ ਤਸੀਹੇ ਦਿੱਤੇ ਅਤੇ ਸ਼ਹੀਦ ਕਰ ਦਿੱਤਾ । ਅੱਜ ਜਿਹੜੇ ਜ਼ਮੀਨਾਂ ਦੇ ਮਾਲਕ ਹਨ, ਉਹ ਮੁਗਲ ਰਾਜ ਵੇਲੇ ਦੇ ਖੇਤ ਮਜ਼ਦੂਰ ਸਨ। ਹੁਣ ਉਹੀ ਖੇਤ ਮਜ਼ਦੂਰ ਮਾਲਕ ਜੱਟ ਬਣ ਕੇ ਗੁਰੂ ਜੀ ਦੇ ਸਿਧਾਂਤਾਂ ਨੂੰ ਪਿੱਠ ਦੇਈ ਬੈਠੇ ਹਨ । ਆਪਣੇ ਅਜੋਕੇ ਖੇਤ ਮਜ਼ਦੂਰਾਂ (ਦਲਿਤਾਂ) ਨੂੰ ਆਪਣੇ ਦੁਸ਼ਮਣ ਬਣਾ ਲਿਆ ਅਤੇ ਜ਼ਮੀਨ ਦੇ ਨਸ਼ੇ ਵਿਚ ਅੰਨੇ ਬੋਲ਼ੇ ਹੋ ਕੇ ਮੰਨੂਵਾਦੀ ਬਿਪਰਾਂ ਦੀ ਗੁਲਾਮੀ ਝੱਲ ਰਹੇ ਹਨ । ਬਿਪਰ ਵੀ ਪੂਰਾ ਸ਼ਾਤਰ ਹੈ, ਉਹ ਸਮਝਦਾ ਹੈ ਕਿ ਜਿਸ ਦਿਨ ਦਲਿਤ ਅਤੇ ਜੱਟ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਸਿੱਖ ਬਣ ਗਏ ਤਾਂ ਮੰਨੂਵਾਦ ਦਾ ਸਫਾਇਆ ਹੋ ਜਾਣਾ ਹੈ । ਇਸ ਲਈ ਇਹ ਹਰੇਕ ਰਾਜ ਕਰਨ ਵਾਲ਼ਿਆਂ ਦੇ ਨਾਲ਼ ਰਹਿ ਕੇ ਸਿੱਖੀ ਉਤੇ ਵਾਰ ਕਰਦਾ ਆਇਆ ਹੈ । ਗੁਰੂ ਗ੍ਰੰਥ ਸਾਹਿਬ ਜੀ ਉਤੇ ਵਾਰ ਕਰਦਾ ਆਇਆ ਹੈ । ਮੰਨੂਵਾਦੀਆਂ ਨੂੰ ਸਭ ਤੋਂ ਵੱਧ ਖਤਰਾ ਗੁਰੂ ਗ੍ਰੰਥ ਸਹਿਬ ਜੀ ਦੇ ਲੜ ਲੱਗੇ ਪੰਜਾਬੀਆਂ ਤੋਂ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਗੁਰਮੁਖੀ ਲਿੱਪੀ ਅਤੇ ਪੰਜਾਬੀ ਬੋਲੀ ਵਿਚ ਹੈ । ਪਹਿਲਾਂ ਬਿਪਰ ਨੇ ਦਲਿਤ
ਭਗਤਾਂ ਦੀ ਬਾਣੀ 'ਤੇ ਵਾਰ ਕੀਤਾ । ਭਗਤਾਂ ਦੀ ਬਾਣੀ ਤੇ ਗੁਰੂਆਂ ਦੀ ਬਾਣੀ ਤੇ ਸ਼ੰਕੇ ਪੈਦਾ ਕੀਤੇ । ਰਵਿਦਾਸੀਆਂ ਦੇ ਦਿਮਾਗ ਵਿਚ ਇਹ ਪਾਇਆ ਗਿਆ ਕਿ ਰਵਿਦਾਸ ਜੀ ਤਾਂ ਪੂਰੇ ਗੁਰੂ ਹਨ । ਇਹ ਸਿੱਖ ਉਹਨਾਂ ਨੂੰ ਭਗਤ ਹੀ ਕਹੀ ਜਾਂਦੇ ਹਨ । ਇਸ ਪਰਚਾਰ ਨਾਲ ਮੰਨੂਵਾਦੀਆਂ ਦੇ ਇਕ ਪੰਥ ਦੋ ਕਾਜ ਸਰਦੇ ਹਨ । ਪਹਿਲਾ ਕਾਜ ਗੁਰੂ ਗ੍ਰੰਥ ਸਹਿਬ ਜੀ ਦੀ ਪ੍ਰਮਾਣਿਕਤਾ 'ਤੇ ਸ਼ੰਕਾ ਪੈਦਾ ਹੁੰਦੀ ਹੈ ਕਿਉਂਕਿ ਗੁਰੂ ਗ੍ਰੰਥ ਸਹਿਬ ਜੀ ਵਿਚ ਰਵਿਦਾਸ ਜੀ ਨੂੰ ' ਭਗਤ ਰਵਿਦਾਸ ਜੀ ' ਹੀ ਲਿਖਿਆ ਹੈ । ਦੂਜਾ ਕਾਜ ਦਲਿਤ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਟੁੱਟਦੇ ਹਨ । ਪਾੜੋ ਅਤੇ ਰਾਜ ਕਰੋ ਦੀ ਨੀਤੀ ਵਿਚ ਸਹਾਈ ਹੁੰਦੇ ਹਨ । ਇਸ ਪਰਚਾਰ ਨਾਲ ਨਵਾਂ ਗਰੰਥ ਤਿਆਰ ਹੋ ਗਿਆ । ਜੈਕਾਰਾ ਬਦਲ ਗਿਆ ' ਜੋ ਬੋਲੇ ਸੋ ਨਿਰਭੈ ' ਹੋ ਗਿਆ । ਨਿਸ਼ਾਨ ਖੰਡੇ ਤੋਂ ਸੋਹੰ ਹੋ ਗਿਆ । ਦੋਸ਼ੀ ਸਿੱਖਾਂ ਨੂੰ ਪ੍ਰਚਾਰਿਆ ਗਿਆ । ਸਿੱਖਾਂ ਦੀਆਂ ਜਾਇਦਾਦਾਂ ਦੀ ਭੰਨ ਤੋੜ ਕਰਵਾਈ ਗਈ । ਸਰਕਾਰ ਨੇ ਹੁੱਲੜ ਮਚਾਉਣ ਦੀ ਖੁੱਲ ਦਿੱਤੀ ਤਾਂ ਕਿ ਰਵਿਦਾਸੀਏ ਨਫਰਤ ਦੇ ਪਾਤਰ ਬਣ ਜਾਣ ਅਤੇ ਇਹ ਸਿੱਖਾਂ ਨਾਲ ਰਲ਼ਣ ਦੀ ਸੋਚ ਵੀ ਨਾ ਸਕਣ । ਹੁਣ ਇਹਨਾਂ ਇਕ ਹੋਰ ਭਰਵਾਂ ਹਮਲਾ ਕੀਤਾ ਹੋਇਆ ਹੈ । ਪਹਿਲਾਂ ਤਾਂ ਗੁਰੂਆਂ ਭਗਤਾਂ ਨੂੰ ਜਾਤਾਂ ਵਿਚ ਵੰਡਿਆ ਜਿਵੇਂ ਕਿ ਖੱਤਰੀਆਂ ਦਾ ਗੁਰੂ , ਗੁਰੂ ਨਾਨਕ ਸਾਹਿਬ ਨੂੰ ਸ਼ਹਿਰੀ ਗੁਰੂ , ਰਵਿਦਾਸੀਆਂ ਦਾ ਗੁਰੂ ਰਵਿਦਾਸ ਭਗਤ ਅਤੇ ਪੇਂਡੂ ਜੱਟਾਂ ਦਾ ਗੁਰੂ ਗੋਬਿੰਦ ਸਿੰਘ ਜੀ । ਹੁਣ ਇਹ ਆਪੋ ਆਪਣੇ ਗੁਰੂਆਂ ਦੇ ਜਨਮ ਦਿਹਾੜੇ, ਆਪੋ ਆਪਣੇ ਗੁਰੂਆਂ ਤੇ ਨਾਮ ਉਤੇ ਵੱਧ ਤੋਂ ਵੱਧ ਨਗਰ ਕੀਰਤਨਾਂ 'ਤੇ ਜ਼ੋਰ ਲਗਾਉਂਦੇ ਹਨ ।
ਨਿਰੋਲ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਚਾਰਕਾਂ ਨੂੰ ਮਾਰਨ ਦੀਆਂ ਸਿੱਧੀਆਂ ਧਮਕੀਆਂ ਮਿਲ ਰਹੀਆਂ ਹਨ।
ਗੁਰਮਤਿ ਦਾ ਨਿਸ਼ਾਨਾ ਹੈ :- ਦੁਨੀਆ ਦੇ ਸਭ ਲੋਕਾਂ ਨੂੰ ਇਹ ਸਮਝਾਉਣਾ ਕਿ ਅਸੀਂ ਸਾਰੇ ਇਕ ਅਲਾਹ-ਵਾਹਿਗੁਰੂ -ਪ੍ਰਭੂ ਦੇ ਬੱਚੇ ਹਾਂ। ਸਭ ਬਰਾਬਰ ਹਾਂ । ਮਨੁੱਖਾਂ ਵਿੱਚ ਮਨੁੱਖਤਾ ਲਿਆ ਕੇ ਉਸ ਬੇਅੰਤ ਵਾਹਿਗੁਰੂ ਨਾਲ ਮਿਲਾਉਣਾ । ਬੇਅੰਤ ਪ੍ਰਭੂ ਵਿਚ ਸਮਾਉਣ ਲਈ ਮਨੁੱਖੀ ਹਿਰਦੇ ਨੂੰ ਨਿਰਮਲ ਕਰਨਾ ਤਾਕਿ ਮਨੁੱਖੀ ਹਿਰਦਾ ਵਾਹਿਗੁਰੂ ਵਿਚ ਇਸ ਤਰਾਂ ਸਮਾ ਜਾਏ ਜਿਵੇਂ ਨਿਰਮਲ ਪਾਣੀ ਵਿਚ ਨਿਰਮਲ ਪਾਣੀ ਸਮਾ ਜਾਂਦਾ ਹੈ ।ਮੰਨੂਵਾਦੀ ਨੀਤੀ ਇਸ ਦਾ ਉਲਟ ਹੈ। ਉਹਨਾਂ ਦਾ ਨਿਸ਼ਾਨਾ ਹੈ ਲੋਕਾਂ ਨੂੰ ਉਚਿਆਂ ਨੀਵਿਆਂ ਵਿਚ ਵੰਡ ਕੇ ਧਰਤੀ ਦੇ ਸਾਰੇ ਸੁੱਖ ਸਾਧਨ ਆਪਣੇ ਲਈ ਰਾਖਵੇਂ ਕਰਨੇ । ਮੰਨੂਵਾਦੀਆਂ ਨੂੰ ਪੂਰਨ ਸੋਝੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਮੱਤ ਸਭ ਤੋਂ ਉਪਰ ਹੈ । ਉਹ ਸਿੱਖਾਂ ਦੀ ਚੜ੍ਹਦੀ ਕਲਾ ਤੋਂ ਸੜਦਾ ਭੁੱਜਦਾ ਰਹਿੰਦਾ ਹੈ । ਉਹ ਗੁਰਮਤਿ ਦੇ ਗੁਣਾਂ ਨੂੰ ਲੋਚਦਾ ਜ਼ਰੂਰ ਹੈ ਪਰ ਆਪਣੇ ਅਹੰ
ਵਿਚ ਸੜਦਾ ਰਹਿੰਦਾ ਹੈ । ਆਪਣੇ ਮੰਦੇ ਭਾਗਾਂ ਕਰਕੇ ਕੁਝ ਨਹੀਂ ਕਰ ਸਕਦਾ । ਗੁਰੂ ਜੀ ਨੇ ਫੁਰਮਾਇਆ :- ਉਇ ਲੋਚਨਿ ਉਨਾ ਗੁਣਾ ਨੋ ਉਇ ਅਹੰਕਾਰ ਸੜੰਦੇ ।ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ।। 306 ।।
ਮੰਨੂਵਾਦੀਆਂ ਦਾ ਇਕੋ ਨਿਸ਼ਾਨਾ ਹੈ ਲੋਕਾਂ ਨੂੰ ਪਾਖੰਡਾਂ ਵਿਚ ਉਲਝਾ ਕੇ ਰੱਖਣਾ, ਮਨੁੱਖਾਂ ਨੂੰ ਜਾਤ ਪਾਤ ਵਿਚ ਵੰਡ ਕੇ ਆਪ ਐਸ਼ ਕਰਨੀ ।
ਕਈ ਸਦੀਆਂ ਤੋਂ ਇਹ ਏਵੇਂ ਕਰਦੇ ਆ ਰਹੇ ਹਨ । ਦਲਿਤਾਂ ਨੂੰ ਇਹ ਲਗਾਤਾਰ ਦਰੜਦੇ ਆ ਰਹੇ ਹਨ । ਇਸੇ ਲਈ ਗੁਰੂ ਨਾਨਕ ਸਾਹਿਬ ਜੀ ਨੇ ਦਲਿਤ ਕਲਿਆਣ ਦੇ ਨਿਸ਼ਾਨੇ ਨੂੰ ਸਭ ਤੋਂ ਮੂਹਰੇ ਰੱਖਿਆ ਹੈ । ਮੰਨੂਵਾਦੀ ਸਿੱਖਾਂ ਨੂੰ ਇਸ ਨਿਸ਼ਾਨੇ ਤੋਂ ਭਟਕਾਉਂਦੇ ਆ ਰਹੇ ਹਨ ਸਿੱਖਾਂ ਨੂੰ ਮੁਸਲਮਾਨਾਂ ਦੇ ਦੁਸ਼ਮਣ ਬਣਾਉਣ ਲਈ ਜੁਟੇ ਰਹਿੰਦੇ ਹਨ। ਇਹ ਨੀਤੀ ਅੱਜ ਤਕ ਚਲ ਰਹੀ ਹੈ । ਕੁਰਾਨ ਸ਼ਰੀਫ ਗੁਰੂ ਗ੍ਰੰਥ ਸਾਹਿਬ ਜੀ ਦੇ ਜਿਆਦਾ ਨੇੜੇ ਹੈ । ਕੁਰਾਨ ਵਾਲੇ ਵੀ ਅਲਾਹ ਦਾ ਰਾਜ ਚਾਹੁੰਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਵਾਲੇ ਵੀ ਅਲਾਹ-ਪ੍ਰਭੂ-ਵਾਹਿਗੁਰੂ ਦਾ ਰਾਜ ਚਾਹੁਦੇ ਹਨ ।ਰੱਬ ਸਾਡਾ ਸਾਰਿਆਂ ਦਾ ਪਿਤਾ ਹੈ, ਅਸੀਂ ਸਾਰੇ ਉਸਦੇ ਬੱਚੇ ਹਾਂ । ਅਸੀਂ ਸਾਰੇ ਬਰਾਬਰ ਹਾਂ । ਕੋਈ ਉੱਚਾ ਨੀਵਾਂ ਨਹੀਂ । ਸਿੱਖ ਸਿਰਫ ਸਿੱਖ ਹੁੰਦਾ ਹੈ ।
ਇਸ ਸਿਧਾਂਤ ਅਨੁਸਾਰ ਸਿੱਖ ਦੀ ਕੋਈ ਜਾਤ ਨਹੀ ਤੇ ਜਿਸਦੀ ਕੋਈ ਜਾਤ ਹੈ, ਉਹ ਸਿੱਖ ਨਹੀਂ ਹੁੰਦਾ । ਮੁਸਲਮਾਨ ਭਾਰਤ ਵਿੱਚ 20% ਹਨ। ਸਿੱਖ 2% ਵੀ ਨਹੀਂ ਹਨ। ਮੰਨੂਵਾਦੀਆ ਨੇ ਸਿੱਖਾਂ ਨੂੰ ਖਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਕੇ ਦੇਖ ਲਿਆ ਹੈ। ਮੰਨੂਵਾਦੀ ਝੂਠ ਅਤੇ ਪਾਖੰਡ 'ਤੇ ਖੜੇ ਹਨ। ਇਸ ਹਾਲਤ ਵਿਚ ਸਿੱਖਾਂ ਨੂੰ ਕਿਵੇਂ ਗੁਲਾਮ ਬਣਾ ਸਕਦੇ ਹਨ । ਸਿੱਖ ਦੁਨੀਆਂ ਵਿਚ ਫੈਲ ਗਿਆ ਹੈ । ਇਸ ਨੇ ਦੁਨੀਆ ਵਿੱਚ ਆਪਣੀ ਪਹਿਚਾਣ ਬਣਾ ਲਈ ਹੈ। ਭਾਰਤ ਤੋਂ ਬਾਹਰ ਕੋਈ ਦਲਿਤ ਸਮੱਸਿਆ ਨਹੀਂ ਹੈ । ਬਸ ! ਇਧਰੋਂ ਭਾਰਤ ਵਿਚੋਂ ਜਾਣ ਵਾਲੇ ਮੰਨੂਵਾਦੀਆਂ ਵਿਚ ਹੀ ਜਾਤ ਪਾਤ ਦੇ ਕਿਟਾਣੂ ਪਾਏ ਜਾਂਦੇ ਹਨ ।ਕੁਝ ਗੁਰਦੁਆਰਿਆਂ ਵਿਚ ਵੀ ਮੰਨੂਵਾਦੀ ਬਿਰਤੀ ਵਾਲਿਆਂ ਦਾ ਕਬਜ਼ਾ ਹੈ । ਸੋ ਸਿੱਖਾਂ ਨੂੰ ਆਪਣੇ ਅਸਲ ਨਿਸ਼ਾਨੇ ਉਤੇ ਵਾਪਿਸ ਆਉਣਾ ਪੈਣਾ ਹੈ । ਘੱਟੋ ਘੱਟ ਪੰਜਾਬ ਵਿਚ ਤਾਂ ਸਿੱਖਾਂ ਨੂੰ ਦਲਿਤ ਕਲਿਆਣ ਦੇ ਨਿਸ਼ਾਨੇ ਉਤੇ ਵਾਪਿਸ ਆਉਣਾ ਚਾਹੀਦਾ ਹੈ । ਦਲਿਤਾਂ ਨੂੰ ਵੀ ਚਾਹੀਦਾ ਹੈ ਕਿ ਗੁਰਮਤਿ ਦੇ ਸਿਧਾਂਤਾਂ ਨੂੰ ਸਮਝ ਕੇ ਜਲਦੀ ਤੋਂ ਜਲਦੀ ਗੁਰਮਤਿ ਦੇ ਧਾਰਨੀ ਹੋ ਜਾਣ । ਦਲਿਤ ਰਹਿ ਕੇ ਸ਼ਾਤਰ ਮੰਨੂਵਾਦ ਨਾਲ ਯੁੱਧ ਨਹੀਂ ਹੋ ਸਕਦਾ । ਮੰਨੂਵਾਦੀਆ ਨੂੰ ਭਾਂਜ ਦੇਣ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਬੰਦੇ ਬਣਨਾ ਪੈਣਾ ਹੈ। ਜੱਟਾਂ ਨੂੰ ਵੀ ਚਾਹੀਦਾ ਹੈ ਕਿ ਗੁਰੂ ਜੀ ਦੇ ਸਿੰਘ ਬਣ ਕੇ ਸਿੱਖ ਸਮਾਜ ਦਾ ਹਿੱਸਾ ਬਣ ਕੇ
ਬਿਪਰਾਂ ਦੀ ਗਲਾਮੀ ਤੋਂ ਛੁਟਕਾਰਾ ਪਾਉਣ ਨਿਰਸੰਦੇਹ ਖ਼ਾਲਸੇ ਦੀ ਸਿਰਜਨਾ ਦਾ ਨਿਸ਼ਾਨਾ ਗੁਰਮਤਿ ਨੂੰ ਧਾਰਨ ਕਰਕੇ "ਜੀਅਉ ਨਿਰਮਲ ਬਾਹਰਹੁ ਨਿਰਮਲ" ਕਰਕੇ ਦਲਿਤ ਕਲਿਆਣ ਲਈ ਜੁਟ ਜਾਣ ਨਾਲ ਹੀ ਗੁਰੂ ਘਰ ਦੀਆਂ ਖ਼ੁਸ਼ੀਆਂ ਪਰਾਪਤ ਹੋ ਸਕਦੀਆਂ ਹਨ ।

ਇਬਲੀਸ਼

# ਖ਼ਾਲਸਾ ਰਾਜ ਦੇ ਪੰਜ ਉਸਰੱਈਏ

ਖ਼ਾਲਸਾ ਰਾਜ ਪੰਜਾਬ ਦੇ ਇਤਿਹਾਸ ਦਾ ਉਹ ਸੁਨਹਿਰੀ ਸਮਾਂ ਸੀ, ਜਿਸ ਨੇ ਜਿੱਥੇ ਮੁਗ਼ਲ ਹਕੂਮਤ ਦੇ ਜ਼ੁਲਮ ਦਾ ਖਾਤਮਾ ਕੀਤਾ, ਉੱਥੇ ਹਿੰਦੁਸਤਾਨ ਦੇ ਵਿੱਚ ਅਰਾਜਕਤਾ ਫੈਲਾਉਣ ਲਈ ਆਉਣ ਵਾਲੇ ਬਾਹਰੀ ਹਮਲਾਵਰਾਂ ਦੇ ਮੂੰਹ ਮੋੜੇ। ਉੱਚੇ-ਸੁੱਚੇ ਕਿਰਦਾਰ ਵਾਲੀ ਖ਼ਾਲਸਾ ਫ਼ੌਜ ਨੇ ਆਮ ਲੋਕਾਂ ਦੇ ਮਨਾਂ ਵਿੱਚੋਂ ਹਕੂਮਤ ਦਾ ਭੈਅ ਖ਼ਤਮ ਕਰਨ ਦੇ ਨਾਲ ਉਨ੍ਹਾਂ ਨੂੰ ਨਿਆਂ ਪਸੰਦ ਸ਼ਾਸਨ ਦਿੱਤਾ।

**ਬਾਬਾ ਬੰਦਾ ਸਿੰਘ ਬਹਾਦਰ :** ਬਾਬਾ ਬੰਦਾ ਸਿੰਘ



ਬਹਾਦਰ ਸਿੱਖ ਰਾਜ ਦੇ ਮੁੱਢਲੇ ਉਸਰੱਈਆਂ ਵਿੱਚ ਸਭ ਤੋਂ ਮੋਹਰੀ ਹੈ ਅਤੇ ਉਨ੍ਹਾਂ ਦੀ ਪੰਜਾਬ ਆਮਦ ਨੇ ਮੁਗ਼ਲ ਹਾਕਮਾਂ ਦੇ ਜਬਰ ਨੂੰ ਠੱਲ੍ਹ ਪਾਈ ਅਤੇ ਖ਼ਾਲਸਾ ਰਾਜ ਦੀ ਨੀਂਹ ਰੱਖੀ। ਬਾਬਾ ਬੰਦਾ ਸਿੰਘ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦਾਸ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਅੰਮ੍ਰਿਤ ਛਕ ਕੇ ਉਹ ਮਾਧੋ ਦਾਸ ਬੈਰਾਗੀ ਤੋਂ ਗੁਰਬਖਸ਼ ਸਿੰਘ ਬਣ ਗਏ, ਪਰ ਸਿੱਖ ਕੌਮ ਉਨ੍ਹਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਹੀ ਯਾਦ ਕਰਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ 1670 ਈਸਵੀ ਨੂੰ ਪੱਛਮੀ ਕਸ਼ਮੀਰ ਦੇ ਪੁੰਛ ਜ਼ਿਲ੍ਹੇ ਦਾ ਰਾਜੌਰੀ ਪਿੰਡ ਵਿੱਚ ਰਾਮਦੇਵ ਡੋਗਰਾ ਨਾਂ ਦੇ ਇੱਕ ਸਾਧਾਰਨ ਕਿਸਾਨ ਦੇ ਘਰ ਹੋਇਆ। ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਮੁਗ਼ਲਾਂ ਦੇ ਸਿੱਖਾਂ ਤੇ ਸਾਹਿਬਜ਼ਾਦਿਆਂ ਉੱਪਰ ਕੀਤੇ ਗਏ ਜ਼ੁਲਮਾਂ ਦੀ ਗਾਥਾ ਸੁਣ ਕੇ ਉਸ ਦਾ ਖ਼ੂਨ ਉਬਾਲੇ ਮਾਰਨ ਲੱਗਾ ਤੇ ਉਸ ਨੇ ਗੁਰੂ ਜੀ ਪਾਸੋਂ ਪੰਜਾਬ ਜਾਣ ਦੀ ਆਗਿਆ ਮੰਗੀ। ਗੁਰੂ ਸਾਹਿਬ ਨੇ ਬੰਦੇ ਨੂੰ ਇਸ ਦੀ ਇਜਾਜ਼ਤ ਦੇ ਦਿੱਤੀ। ਬੰਦਾ ਸਿੰਘ ਬਹਾਦਰ ਨੇ ਪਹਿਲਾ ਹਮਲਾ ਸੋਨੀਪਤ ਉੱਪਰ ਕੀਤਾ। ਫਿਰ ਕੈਥਲ, ਸਮਾਣਾ, ਘੁੜਾਮ, ਕਪੂਰੀ, ਸਢੌਰੇ, ਰੋਪੜ ਆਦਿ ਇਲਾਕਿਆਂ ਉੱਪਰ ਕਬਜ਼ਾ ਕਰਦੇ ਹੋਏ ਖ਼ਾਲਸਾ ਫ਼ੌਜ ਸਰਹਿੰਦ ਵੱਲ ਨੂੰ ਵਧੀ ਅਤੇ ਚਪੜਚਿੜੀ ਦੇ ਸਥਾਨ 'ਤੇ ਦੋਵਾਂ ਧਿਰਾਂ ਵਿਚਾਲੇ 22 ਮਈ 1710 ਨੂੰ ਜ਼ੋਰਦਾਰ ਜੰਗ ਹੋਈ। ਇਸ ਜੰਗ ਵਿੱਚ ਵਜ਼ੀਰ ਖ਼ਾਂ ਦੀ ਹਾਰ ਹੋਈ ਅਤੇ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹੰਦ ਵਜ਼ੀਰ ਖ਼ਾਂ ਨੂੰ ਮੌਤ ਦੇ ਘਾਟ ਉਤਾਰ ਕੇ ਸਾਹਿਬਜ਼ਾਦਿਆਂ ਦੀ ਮੌਤ ਦਾ ਬਦਲਾ ਲਿਆ। ਸਰਹਿੰਦ ਫ਼ਤਹਿ ਕਰਨ ਤੋਂ ਬਾਅਦ ਉਨ੍ਹਾਂ ਨੇ ਕਰਨਾਲ ਤੋਂ ਲੁਧਿਆਣੇ ਤੱਕ 22 ਪਰਗਨੇ ਆਪਣੇ ਅਧੀਨ ਕਰ ਲਏ ਤੇ ਸਢੌਰਾ ਅਤੇ ਨਾਹਨ ਦੇ ਦਰਮਿਆਨ ਮੁਖਲਿਸਪੁਰ ਨਾਂ ਦੇ ਪਹਾੜੀ ਸਥਾਨ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਇਸ ਨੂੰ 'ਲੋਹਗੜ੍ਹ' ਦਾ ਨਾਂ ਦਿੱਤਾ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਵੀ ਚਲਾਇਆ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜਲੰਧਰ, ਅੰਮ੍ਰਿਤਸਰ, ਬਟਾਲਾ, ਕਲਾਨੌਰ ਅਤੇ ਪਠਾਨਕੋਟ ਨੂੰ ਵੀ ਆਪਣੇ ਅਧਿਕਾਰ ਵਿੱਚ ਲੈ ਲਿਆ। ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਫਰੁਖਸੀਅਰ ਸ਼ਹਿਨਸ਼ਾਹ-ਏ-ਹਿੰਦ ਬਣਿਆ। ਉਸ ਨੇ ਕਸ਼ਮੀਰ ਦੇ ਸੂਬੇਦਾਰ ਅਬਦੁਸ ਸਮੱਦ ਖ਼ਾਂ ਨੂੰ ਸਿੱਖਾਂ ਵਿਰੁੱਧ ਕਾਰਵਾਈ ਦੇ ਹੁਕਮ ਦਿੱਤੇ। ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਅੱਠ ਮਹੀਨੇ ਤੱਕ ਲੜਾਈ ਹੁੰਦੀ ਰਹੀ ਤੇ ਅੰਤ 7 ਦਸੰਬਰ 1715 ਨੂੰ ਬਾਬਾ ਬੰਦਾ ਸਿੰਘ ਬਹਾਦਰ ਤੇ 200 ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦਿੱਲੀ ਵਿੱਚ ਤਸੀਹੇ ਦੇ ਕੇ ਉਨ੍ਹਾਂ ਨੂੰ 19 ਜੂਨ 1716 ਨੂੰ ਸ਼ਹੀਦ ਕਰ ਦਿੱਤਾ ਗਿਆ।

**ਨਵਾਬ ਜੱਸਾ ਸਿੰਘ ਆਹਲੂਵਾਲੀਆ :** ਸਿੱਖ ਰਿਆਸਤਾਂ ਦੀ ਚੜ੍ਹ ਨੂੰ ਕਾਇਮ ਰੱਖਣ ਅਤੇ ਰਿਆਸਤਾਂ ਦੇ ਆਪਸੀ ਟਕਰਾਅ ਨੂੰ ਖ਼ਤਮ ਕਰਕੇ ਦਲ ਖ਼ਾਲਸਾ ਦੇ ਰੂਪ ਵਿੱਚ ਇੱਕ ਮੰਚ 'ਤੇ ਇਕੱਠੇ ਕਰਨ ਦਾ ਸਿਹਰਾ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਿਰ ਬੱਝਦਾ ਹੈ। ਜੱਸਾ ਸਿੰਘ ਆਹਲੂਵਾਲੀਆ



ਦਾ ਜਨਮ ਆਹਲੂਵਾਲੀਆ ਮਿਸਲ ਦੇ ਸਰਦਾਰ ਬਦਰ ਸਿੰਘ ਦੇ ਘਰ ਸੰਨ 1718 ਨੂੰ ਹੋਇਆ। ਪਿਤਾ ਦੀ ਛੋਟੀ ਉਮਰੇ ਮੌਤ ਤੋਂ ਬਾਅਦ ਉਹ ਆਪਣੀ ਮਾਤਾ ਸਮੇਤ ਦਿੱਲੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸੁਪਤਨੀ ਮਾਤਾ ਸੁੰਦਰ ਕੌਰ ਜੀ ਕੋਲ ਆ ਗਏ। ਇੱਥੇ ਜੱਸਾ ਸਿੰਘ ਨੇ ਧਾਰਮਿਕ ਵਿੱਦਿਆ ਅਤੇ ਕੀਰਤਨ ਵਿੱਦਿਆ ਹਾਸਲ ਕੀਤੀ। ਪੰਜਾਬ ਵਾਪਸੀ 'ਤੇ ਉਹ ਆਪਣੀ ਮਾਤਾ ਸਮੇਤ ਕਰਤਾਰਪੁਰ ਵਿਖੇ ਨਵਾਬ ਕਪੂਰ ਸਿੰਘ ਦੇ ਕੋਲ ਰਹਿਣ ਲੱਗੇ। ਸੰਨ 1748 ਵਿੱਚ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਅੰਮ੍ਰਿਤਸਰ ਦੇ ਹਾਕਮ ਸਲਾਬਤ ਖ਼ਾਨ ਨੂੰ ਮਾਰ ਕੇ ਗੁਰੂ ਨਗਰੀ ਨੂੰ ਖ਼ਾਲਸੇ ਦੇ ਪ੍ਰਬੰਧ ਹੇਠ ਲੈ ਆਂਦਾ। ਉਪਰੰਤ 1753 ਵਿੱਚ ਜਲੰਧਰ ਦੇ ਹਾਕਮ ਅਦੀਨਾਬੇਗ ਪਾਸੋਂ ਇਸ ਸ਼ਹਿਰ ਨੂੰ ਮੁਕਤ ਕਰਵਾਇਆ ਤੇ ਰਾਏ ਇਬਰਾਹੀਮ ਭੱਟੀ ਪਾਸੋਂ ਕਪੂਰਥਲੇ ਨੂੰ ਮੁਕਤ ਕਰਵਾ ਕੇ ਉਸ ਨੂੰ ਆਪਣੀ ਰਾਜਧਾਨੀ ਬਣਾਇਆ। 1200 ਹਿੰਦੁਸਤਾਨੀ ਬੰਦੀ ਔਰਤਾਂ ਨੂੰ ਅਹਿਮਦ ਸ਼ਾਹ ਦੁੱਰਾਨੀ ਪਾਸੋਂ ਮੁਕਤ ਕਰਵਾਉਣ ਕਰਕੇ ਸਿੱਖਾਂ ਨੇ ਉਨ੍ਹਾਂ ਨੂੰ 'ਬੰਦੀ ਛੋੜ' ਦੇ ਖ਼ਿਤਾਬ ਨਾਲ ਨਿਵਾਜਿਆ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਚਲਾਇਆ। 'ਵੱਡੇ ਘੱਲੂਘਾਰੇ' ਦੌਰਾਨ ਵੀ ਉਨ੍ਹਾਂ ਨੇ ਵੱਡੀ ਵੀਰਤਾ ਦਾ ਪ੍ਰਦਰਸ਼ਨ ਕੀਤਾ। ਨਵਾਬ ਜੱਸਾ ਸਿੰਘ ਆਹਲੂਵਾਲੀਆ ਦਾ ਦਿਹਾਂਤ ਸੰਨ 1783 ਨੂੰ ਅੰਮ੍ਰਿਤਸਰ ਵਿੱਚ ਹੋਇਆ।

**ਨਵਾਬ ਜੱਸਾ ਸਿੰਘ ਰਾਮਗੜ੍ਹੀਆ :** ਨਵਾਬ ਜੱਸਾ ਸਿੰਘ ਰਾਮਗੜ੍ਹੀਆ ਦਾ ਨਾਂ ਖ਼ਾਲਸਾ ਰਾਜ ਦੇ



ਉਸਰੱਈਆਂ ਵਿੱਚ ਇਸ ਲਈ ਮਾਣਮੱਤਾ ਹੈ, ਕਿਉਂਕਿ ਸਿੱਖ ਸਰਦਾਰਾਂ ਬਾਬਾ ਬਘੇਲ ਸਿੰਘ, ਸਰਦਾਰ ਜੋਧ ਸਿੰਘ ਆਦਿ ਨਾਲ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਖ਼ਾਲਸਈ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਵਿਚ ਉਨ੍ਹਾਂ ਨੇ ਵੱਡੀ ਭੂਮਿਕਾ ਨਿਭਾਈ। ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੁਰੱਖਿਆ ਲਈ ਨਵਾਬ ਜੱਸਾ ਸਿੰਘ ਨੇ ਸਰਦਾਰ ਨੰਦ ਸਿੰਘ ਸੰਘਾਣੀ ਨਾਲ ਮਿਲ ਕੇ ਰਾਮਰੌਣੀ ਬਣਾਈ। ਇਸ ਰੌਣੀ ਨੂੰ ਅਦੀਨਾ ਬੇਗ ਦੀਆਂ ਫ਼ੌਜਾਂ ਨੇ ਢਹਿ-ਢੇਰੀ ਕਰ ਦਿੱਤਾ, ਪਰ ਜੱਸਾ ਸਿੰਘ ਰਾਮਗੜ੍ਹੀਆ ਨੇ ਮੁੜ ਇਸ ਰੌਣੀ ਦੀ ਉਸਾਰੀ ਕਰਵਾ ਕੇ ਇਸ ਦਾ ਨਾਂ ਗੁਰੂ ਰਾਮਦਾਸ ਜੀ ਦੇ ਨਾਂ 'ਤੇ 'ਕਿਲ੍ਹਾ ਰਾਮਗੜ੍ਹ' ਰੱਖਿਆ। ਇਸੇ ਤੋਂ ਉਹ ਅਤੇ ਉਨ੍ਹਾਂ ਦੇ ਵੰਸ਼ਜ਼ 'ਰਾਮਗੜ੍ਹੀਏ' ਆਖ ਕੇ ਸੱਦੇ ਜਾਣ ਲੱਗੇ। ਨਵਾਬ ਜੱਸਾ ਸਿੰਘ ਰਾਮਗੜ੍ਹੀਆ ਨੇ ਦੀਨਾਨਗਰ, ਬਟਾਲਾ, ਕਲਾਨੌਰ, ਸ੍ਰੀ ਹਰਿਗੋਬਿੰਦਪੁਰ, ਕਾਦੀਆਂ ਘੁਮਾਣ ਆਦਿ ਇਲਾਕਿਆਂ 'ਤੇ ਆਪਣੀ ਹਕੂਮਤ ਕਾਇਮ ਕੀਤੀ। ਹਰਿਮੰਦਰ ਸਾਹਿਬ ਦੀ ਹਮਲਾਵਰਾਂ ਤੋਂ ਪੱਕੀ ਸੁਰੱਖਿਆ ਲਈ ਉਨ੍ਹਾਂ ਨੇ ਇੱਥੇ 'ਰਾਮਗੜ੍ਹੀਆ ਬੁੰਗੇ' ਦੀ ਉਸਾਰੀ ਕਰਵਾਈ ਤੇ ਸਿੱਖ ਸੈਨਿਕਾਂ ਦੀ ਪੱਕੀ ਤਾਇਨਾਤੀ ਕੀਤੀ। ਉਨ੍ਹਾਂ ਦਾ ਦਿਹਾਂਤ ਸੰਨ 1802 ਨੂੰ ਹੋਇਆ।

**ਮਹਾਰਾਜਾ ਰਣਜੀਤ ਸਿੰਘ :** ਸ਼ੁਕਰਚੱਕੀਆ ਮਿਸਲ ਦੇ ਜੱਥੇਦਾਰ ਸਰਦਾਰ ਮਹਾ ਸਿੰਘ ਦੇ



ਘਰ ਜੀਂਦਪਤੀ ਰਾਜਾ ਗਜਪਤੀ ਸਿੰਘ ਦੀ ਪੁੱਤਰੀ ਬੀਬੀ ਰਾਜ ਕੌਰ ਦੇ ਉਦਰ ਤੋਂ 2 ਨਵੰਬਰ 1780 ਨੂੰ ਰਣਜੀਤ ਸਿੰਘ ਦਾ ਜਨਮ ਹੋਇਆ। ਪਿਤਾ ਦੀ ਮੌਤ ਤੋਂ ਬਾਅਦ 10 ਸਾਲ ਦੀ ਉਮਰ ਵਿੱਚ ਰਣਜੀਤ ਸਿੰਘ ਗੱਦੀ 'ਤੇ ਬੈਠਾ। ਬਚਪਨ ਦੇ ਵਰ੍ਹਿਆਂ ਦੌਰਾਨ ਮਹਾਰਾਣੀ ਰਾਜ ਕੌਰ ਸਿਆਸਤ ਦਾ ਕੰਮ ਸੰਭਾਲਦੇ ਰਹੇ। ਰਾਜ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣ ਤੋਂ ਬਾਅਦ ਰਣਜੀਤ ਸਿੰਘ ਨੇ ਸੰਨ 1799 ਵਿੱਚ ਲਾਹੌਰ ਕਬਜ਼ੇ ਵਿੱਚ ਲੈ ਲਿਆ। ਲਾਹੌਰ ਦਰਬਾਰ 'ਤੇ ਕਬਜ਼ੇ ਦੇ ਨਾਲ ਹੀ ਉਹ 'ਮਹਾਰਾਜਾ' ਦੇ ਖ਼ਿਤਾਬ ਨਾਲ ਜਾਣਿਆ ਜਾਣ ਲੱਗਾ। ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਤੋਂ ਪਿਸ਼ਾਵਰ ਅਤੇ ਤਿੱਬਤ ਦੀ ਹੱਦ ਤੋਂ ਲੈ ਕੇ ਸਿੰਧ ਤੱਕ ਆਪਣੇ ਰਾਜ ਨੂੰ ਫੈਲਾਅ ਕੇ ਇਸ ਨੂੰ ਚਾਰ ਸੂਬਿਆਂ ਲਾਹੌਰ, ਪੇਸ਼ਾਵਰ, ਕਸ਼ਮੀਰ ਅਤੇ ਮੁਲਤਾਨ ਵਿੱਚ ਵੰਡ ਦੇ ਉੱਚ ਪੱਧਰ ਦਾ ਰਾਜ ਪ੍ਰਬੰਧ ਕਾਇਮ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੀ ਜਿੱਥੇ ਸੋਨੇ ਦੀ ਸੇਵਾ ਕਰਵਾਈ, ਉੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਕਿਲ੍ਹਾ ਗੋਬਿੰਦਗੜ੍ਹ ਦਾ ਨਿਰਮਾਣ ਕਰਵਾਇਆ ਤੇ ਗੁਰੂ ਰਾਮਦਾਸ ਜੀ ਦੇ ਨਾਂ 'ਤੇ ਇੱਕ ਬਾਗ ਦੀ ਉਸਾਰੀ ਕਰਵਾਈ। ਉਨ੍ਹਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਸਿੱਕਾ ਵੀ ਚਲਾਇਆ। ਸੁਤੰਤਰ ਖ਼ਾਲਸਾ ਰਾਜ ਦੀ ਸਥਾਪਨਾ ਕਰਨ ਵਾਲਾ ਇਹ ਪ੍ਰਤਾਪੀ ਮਹਾਰਾਜਾ 27 ਜੂਨ 1839 ਨੂੰ ਅਧਰੰਗ ਦੇ ਰੋਗ ਕਾਰਨ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਕਹਿ ਗਿਆ।

**ਮਹਾਰਾਜਾ ਦਲੀਪ ਸਿੰਘ :** ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਦਾ ਜਨਮ ਫਰਵਰੀ 1837 ਨੂੰ ਲਾਹੌਰ ਵਿਖੇ ਮਹਾਰਾਣੀ ਜਿੰਦ ਕੌਰ ਦੇ ਉਦਰ ਤੋਂ ਹੋਇਆ। ਮਹਾਰਾਜਾ ਸ਼ੇਰ ਸਿੰਘ ਦੀ ਮੌਤ ਤੋਂ ਬਾਅਦ 18 ਸਤੰਬਰ 1843 ਨੂੰ ਦਲੀਪ ਸਿੰਘ ਲਾਹੌਰ ਦੇ ਤਖ਼ਤ 'ਤੇ ਬੈਠਾ। ਸ਼ੇਰੇ ਪੰਜਾਬ ਦੀ ਮੌਤ ਅਤੇ ਅਹਿਲਕਾਰਾਂ ਦੀ ਆਪਸੀ ਖਿੱਚੋਤਾਣ ਦਰਮਿਆਨ ਪੰਜਾਬ 'ਤੇ ਕਬਜ਼ੇ ਲਈ ਅੰਗਰੇਜ਼ਾਂ ਨੇ ਸਿੱਖ ਰਾਜ ਖ਼ਿਲਾਫ਼ ਆਪਣੀ ਮੁਹਿੰਮ ਛੇੜ ਦਿੱਤੀ। ਅੰਗਰੇਜ਼ਾਂ ਦੀ ਸਿੱਖਾਂ ਨਾਲ ਪਹਿਲੀ ਵੱਡੀ ਜੰਗ ਤੋਂ ਬਾਅਦ 9 ਮਾਰਚ 1846 ਨੂੰ ਦਿੱਲੀ ਅਤੇ ਲਾਹੌਰ ਦਰਬਾਰ ਦਰਮਿਆਨ ਸੰਧੀ ਤਾਂ ਹੋ ਗਈ ਪਰ ਇਹ ਲੰਬਾ ਸਮਾਂ ਕਾਇਮ ਨਾ ਰਹੀ ਤੇ ਇਸੇ ਵਰ੍ਹੇ ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗੀ ਅਤੇ ਰਾਜ ਪ੍ਰਬੰਧ ਚਲਾਉਣ ਲਈ ਇੱਕ ਹੋਰ ਅਹਿਦਨਾਮਾ ਲਿਖਿਆ ਗਿਆ ਅਤੇ ਰਿਆਸਤ ਦਾ ਪ੍ਰਬੰਧ ਚਲਾਉਣ ਲਈ ਸਿੱਖ ਅੰਗਰੇਜ਼ ਰੈਜ਼ੀਡੈਂਟ ਵੀ ਨਿਯੁਕਤ ਕਰ ਦਿੱਤਾ ਗਿਆ। ਅਪ੍ਰੈਲ 1848 ਵਿੱਚ ਸਿੱਖਾਂ ਅਤੇ ਅੰਗਰੇਜ਼ਾਂ ਵਿਚਾਲੇ ਮੁੜ ਜੰਗ ਛਿੜ ਪਈ। ਇਸ ਜੰਗ ਵਿੱਚ ਸਿੱਖਾਂ ਦੀ ਹਾਰ ਹੋਈ ਅਤੇ 10



ਸਾਲ ਦੇ ਮਹਾਰਾਜੇ ਨੂੰ ਮਾਰਚ 1849 ਨੂੰ ਪਿਤਾ ਦੇ ਰਾਜ ਤੋਂ ਬੇਦਖ਼ਲ ਕਰਕੇ ਉੱਤਰ ਪ੍ਰਦੇਸ਼ ਦੇ ਫਰੁਖ਼ਾਬਾਦ ਭੇਜ ਦਿੱਤਾ ਗਿਆ। ਅੰਗਰੇਜ਼ਾਂ ਨੇ ਦਲੀਪ ਸਿੰਘ ਦੀ ਸਿੱਖਿਆ ਦੇ ਅਜਿਹੇ ਪ੍ਰਬੰਧ ਕੀਤੇ ਕਿ ਉਹ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ 8 ਮਾਰਚ 1853 ਨੂੰ ਇਸਾਈ ਬਣ ਗਿਆ। 19 ਅਪ੍ਰੈਲ 1854 ਨੂੰ ਮਹਾਰਾਜੇ ਨੂੰ ਇੰਗਲੈਂਡ ਭੇਜ ਦਿੱਤਾ ਗਿਆ। ਸਮੇਂ ਦੇ ਨਾਲ ਮਹਾਰਾਜਾ ਵੀ ਅੰਗਰੇਜ਼ਾਂ ਦੀਆਂ ਨੀਤੀਆਂ ਨੂੰ ਸਮਝਣ ਲੱਗਾ ਤੇ ਉਸ ਨੇ ਮੁੜ ਸਿੱਖ ਧਰਮ ਅਪਣਾ ਲਿਆ। ਮਹਾਰਾਜੇ ਨੇ ਸਿੱਖਾਂ ਨੂੰ ਅੰਗਰੇਜ਼ ਸਾਮਰਾਜ ਵਿਰੁੱਧ ਲਾਮਬੰਦ ਕਰਨ ਲਈ ਭਾਰਤ ਵਾਪਸੀ ਦੇ ਕਈ ਉਪਰਾਲੇ ਕੀਤੇ। ਅਜਿਹੇ ਹੀ ਇੱਕ ਯਤਨ ਦੌਰਾਨ ਹਿੰਦੁਸਤਾਨ ਪਰਤਦੇ ਹੋਏ ਨੂੰ ਉਸ ਨੂੰ ਅਦਨ ਵਿਖੇ ਰੋਕ ਲਿਆ ਗਿਆ। ਉਸ ਉੱਪਰ ਕਈ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਸਿੱਖਾਂ ਨੂੰ ਅੰਗਰੇਜ਼ਾਂ ਖ਼ਿਲਾਫ਼ ਲਾਮਬੰਦ ਕਰਨ ਦੀ ਰੀਝ ਦਿਲ ਵਿੱਚ ਲਈ ਆਖ਼ਰ ਮਹਾਰਾਜਾ ਦਲੀਪ ਸਿੰਘ ਪੈਰਿਸ ਵਿੱਚ ਸਦਾ ਲਈ ਇਸ ਜਹਾਨ ਤੋਂ ਕੂਚ ਕਰ ਗਿਆ ਹੈ। ਉਸ ਦੀ ਦੇਹ ਨੂੰ ਪੈਰਿਸ ਤੋਂ ਇੰਗਲੈਂਡ ਲਿਜਾਇਆ ਗਿਆ ਅਤੇ ਉਸ ਦੀ ਰਿਹਾਇਸ਼ 'ਐਲਵਡਨ' ਦੇ ਅਹਾਤੇ ਵਿੱਚ ਦਫ਼ਨਾ ਦਿੱਤਾ ਗਿਆ।

---

ਪੂਰਨ ਸਿੰਘ ਪਾਂਧੀ

# ਪੰਜਾਬ ਹੁਣ ਪਹਿਲਾਂ ਵਾਲਾ ਨਹੀਂ ਰਿਹਾ

ਪੰਜਾਬ ਪਹਿਲਾਂ ਵਾਲਾ ਪੰਜਾਬ ਨਹੀਂ ਰਿਹਾ, ਪਿਛਲੇ 15-20 ਸਾਲਾਂ ਵਿਚ ਬਹੁਤ ਬਦਲ ਗਿਆ ਹੈ। ਇਹ ਬਦਲਾਵ ਖ਼ੂਬਸੂਰਤੀ,



ਤਰੱਕੀ ਜਾਂ ਵਿਕਾਸ ਦੀ ਸ਼ਾਹਦੀ ਨਹੀਂ ਭਰਦਾ; ਸਗੋਂ ਗਰੀਬੀ, ਗਿਰਾਵਟ ਤੇ ਨੈਤਕਤਾ ਦੀਆਂ ਨੀਵਾਣਾਂ ਵੱਲ ਜਾਂਦਾ ਪਰਤੀਤ ਹੁੰਦਾ ਹੈ। ਪਿੰਡਾਂ ਵਿਚ ਪਿੱਪਲਾਂ, ਬੋਹੜਾਂ ਤੇ ਛੱਪੜਾਂ ਦੀਆਂ ਰੌਣਕਾਂ ਅਲੋਪ ਹਨ। ਚਟੂਰਿਆਂ ਤੇ ਕਾੜ੍ਹਨੀਆਂ ਵਾਂਗ ਰਿਜ਼ਕ ਤੇ ਰੱਜ ਨਾਲ ਛਲਕਦੇ ਜਿਗਰੇ ਨਹੀਂ ਰਹੇ, ਕਿਸੇ ਥਾਂ ਮੋਹ ਮਮਤਾ ਦੀਆਂ ਪੀਂਘਾਂ ਨਹੀਂ ਪੈਂਦੀਆਂ। ਮੱਛਰੀ ਜੁਆਨੀ ਤੇ ਅਲਬੇਲੇ ਗੱਭਰੂਆਂ ਤੋਂ ਪਿੜ ਸੁੰਨੇ ਹਨ। ਦਾਨੇ ਪਰਧਾਨੇ ਬਿਰਧ ਬਾਬਿਆਂ ਨਾਲ਼ ਸੱਥਾਂ ਨਹੀਂ ਭਰਦੀਆਂ। ਕਿਸੇ ਨੂੰ ਕਿਸੇ ਦੀ ਉਡੀਕ ਨਹੀਂ। ਹਰ ਅੱਖ ਵਿਚ ਖੋਟ ਹੈ। ਹਰ ਕੰਧ ਸੇਕ ਮਾਰਦੀ ਤੇ ਹਰ ਭੀੜੀ ਗਲੀ ਦੇ ਮੋੜ 'ਤੇ ਕੋਈ ਡਰਾਉਣਾ ਖੜ੍ਹਾ ਹੈ। ਆਂਢ-ਗੁਆਂਢ ਦੀ ਲੱਜਾ ਤੇ ਪਾਣ ਪੱਤ ਦੀ ਸਾਂਝ ਖਤਮ ਹੈ।

ਇਹ ਕੋਰਾ ਝੂਠ ਹੈ ਕਿ ਨਵੀਂ ਸਰਕਾਰ ਦੇ ਬਣਦਿਆਂ ਨਸ਼ੇ ਬੰਦੇ ਹੋ ਗਏ ਹਨ, ਖੁਦਕੁਸ਼ੀਆਂ ਬੰਦ ਹੋ ਗਈਆਂ ਹਨ ਅਤੇ ਲੋਕ ਬੇਖੌਫ, ਸੁਖੀ ਤੇ ਸੰਤੁਸ਼ਟ ਜੀਵਨ ਜਿਉਂ ਰਹੇ ਹਨ; ਇਸ ਦੇ ਉਲਟ ਇਹ ਬਿਮਾਰੀਆਂ ਪਹਿਲਾਂ ਨਾਲੋਂ ਵਧ ਰਹੀਆਂ ਹਨ। ਲੋਕ ਇਸ ਲਾਰੇ ਦਾ ਬੁਰੀ ਤਰ੍ਹਾਂ ਸ਼ਿਕਾਰ ਹਨ ਕਿ ਨਵੀਂ ਸਰਕਾਰ ਦੇ ਆਉਂਦਿਆਂ ਹੀ ਸਭ ਕੁਝ ਬਦਲ ਜਾਵੇਗਾ, ਵਿਕਾਸ ਦੇ ਰਾਹ ਖੁੱਲ੍ਹ ਜਾਣਗੇ ਤੇ ਲੋਕ ਮੌਜਾਂ ਕਰਨਗੇ। ਪਰ ਲੋਕ ਧੋਖਾ ਖਾ ਗਏ ਤੇ ਠੱਗੇ ਗਏ ਜਾਪਦੇ ਹਨ। ਪੰਜਾਬ ਸਗੋਂ ਪਹਿਲਾਂ ਨਾਲੋਂ ਬਿਮਾਰਾਂ ਤੇ ਬੇਈਮਾਨਾ ਦਾ ਦੇਸ਼ ਬਣਦਾ ਜਾ ਰਿਹਾ ਹੈ। ਭਾਈਚਾਰਕ ਤੇ ਸਦਾਚਾਰਕ ਮਾਣ ਮਰਿਯਾਦਾ ਦੀ ਲੋਈ ਤਾਰ ਤਾਰ ਹੋ ਰਹੀ ਹੈ। ਇਸ ਆਪਾ ਧਾਪੀ ਤੇ ਗੰਧਲ਼ੇ ਹਾਲਾਤ ਵਿਚ ਕਿਆਸ ਕਰਨਾ ਔਖਾ ਹੈ ਕਿ ਆਉਣ ਵਾਲ਼ੇ ਪੰਜਾਬ ਦੇ ਸਭਿਆਚਾਰ ਦੀ ਤਸਵੀਰ ਕਿਹੋ ਜਹੀ ਹੋਵੇਗੀ ?

ਅੱਜ ਤੋਂ ਕੋਈ 70-80 ਸਾਲ ਪਹਿਲਾਂ ਇੱਕ ਵਿਚਾਰਵਾਨ ਨੇ ਆਖਿਆ ਸੀ ਕਿ 'ਕਿਸੇ ਸਮਾਜ ਦੇ ਧਾਰਮਕ ਅਦਾਰੇ ਜਦੋਂ ਤੱਕ ਅਮੀਰ ਹੋਈ ਜਾਣਗੇ, ਦੇਸ਼ ਦੇ ਲੋਕ ਗਰੀਬ, ਹੋਰ ਗਰੀਬ ਹੋਈ ਜਾਣਗੇ', ਉਸ ਦਾ ਇਹ ਕਥਨ ਅੱਜ ਪੰਜਾਬ ਵਿਚ ਸੱਚ ਸਾਬਤ ਹੋ ਰਿਹਾ ਹੈ। ਪੰਜਾਬ ਦੇ ਕੁੱਲ ਪਿੰਡਾਂ ਤੋਂ ਵੀ ਵਧੇਰੇ ਡੇਰੇ ਤੇ ਧਾਰਮਕ ਅਦਾਰਿਆਂ ਦੇ ਸੰਗ ਮਰ ਮਰ ਤੇ ਸੋਨੇ ਦੇ ਕਲਸ ਲਿਸ਼ਕਾਂ ਮਾਰ ਰਹੇ ਹਨ ਪਰ ਪੰਜਾਬ ਦੀ 70 ਫੀ ਸਦੀ ਨਸ਼ਿਆਂ ਵਿਚ ਗਰਕ ਹੋ ਰਹੀ ਤੇ ਲੂਣ ਵਾਂਗ ਖੁਰਦੀ ਜਾ ਰਹੀ ਜੁਆਨੀ ਦਾ ਨਾਂ ਕਿਸੇ ਰਾਜਸੀ ਲੀਡਰ ਨੂੰ ਫਿਕਰ ਹੈ ਤੇ ਨਾ ਕਿਸੇ ਧਾਰਮਕ ਰਹਿਬਰ ਨੂੰ। ਕੌੜਾ ਸੱਚ ਇਹ ਹੈ ਕਿ ਬੇਰੋਜ਼ਗਾਰਾਂ, ਤਸਕਰਾਂ, ਨਸ਼ੇੜੀਆਂ, ਚੋਰਾਂ ਤੇ ਖੋਹ ਖਿੰਝ ਦੀਆਂ ਫੌਜਾਂ ਵਿਚ ਦਿਨੋ ਦਿਨ ਵਾਧਾ ਹੋ ਰਿਹਾ ਹੈ।

ਦੇਸ਼ ਨੂੰ ਅਜ਼ਾਦ ਹੋਇਆਂ ਲਗਭਗ 72 ਸਾਲ ਹੋ ਗਏ ਹਨ। ਕਿਸੇ ਦੇਸ਼ ਦੀ ਤਕਦੀਰ ਵਿਚ 70 ਸਾਲ ਥੋੜ੍ਹੇ ਨਹੀਂ ਹੁੰਦੇ। ਜ਼ਿੰਦਗੀ ਦੀਆਂ



ਮੁੱਢਲੀਆਂ ਲੋੜਾਂ ਦੀ ਪੂਰਤੀ ਦੀ, ਬੇਰੋਜ਼ਗਾਰੀ ਤੇ ਬਿਮਾਰੀਆਂ ਦੀ ਤਾਂ ਗੱਲ ਛੱਡੋ, ਇਨ੍ਹਾਂ 72 ਸਾਲਾਂ ਵਿਚ ਕੋਈ ਸਰਕਾਰ ਪੰਜਾਬ ਵਿਚ 24 ਘੰਟੇ ਨਿਰਵਿਘਨ ਬਿਜਲੀ ਹੋਣ ਨੂੰ ਯਕੀਨੀ ਨਹੀਂ ਬਣਾ ਸਕੀ। ਖਾਂਦੇ ਪੀਂਦੇ ਘਰਾਂ ਵਿਚ 'ਇਨਵਰਟਰ' ਰੱਖੇ ਹੋਏ ਹਨ; ਜਿੰਨ੍ਹਾ ਨਾਲ਼ ਘਰਾਂ ਵਿਚ ਲਾਟੂ ਜਗਦੇ ਤੇ ਪੱਖੇ ਚਲਦੇ ਹਨ। ਵੱਡੇ ਕਾਰਖਾਨੇਦਾਰਾਂ ਦਾ ਪਤਾ ਨਹੀਂ ਕੀ ਹਾਲ ਹੈ, ਕਾਰਖਾਨੇ ਪਤਾ ਨਹੀਂ ਕਿਵੇਂ ਚਲਦੇ ਹਨ। ਪਰ ਲੀਡਰ ਲੋਕ ਅੜਾਟ ਪਾ ਰਹੇ ਹਨ ਕਿ ਦੇਸ਼ ਵਿਕਾਸ ਕਰ ਰਿਹਾ ਹੈ।

ਪੰਜਾਬ ਦੇ ਦੋ ਸ਼ਹਿਰਾਂ ਮੋਗਾ ਤੇ ਲੁਧਿਅਣਾ ਦੀ ਯਾਤਰਾ ਕਰਦਿਆਂ ਨਿਸਚਾ ਹੁੰਦਾ ਹੈ ਕਿ ਪੰਜਾਬ ਦਿਨੋ ਦਿਨ ਬਦਸੂਰਤ ਹੋ ਰਿਹਾ ਹੈ। ਬੇਤਰਤੀਬ ਭੀੜ ਗੰਦਗੀ ਤੇ ਸ਼ੋਰ-ਸ਼ਰਾਬਾ ਵਧ ਰਿਹਾ ਹੈ। ਗਰਦ-ਗੁਬਾਰ ਏਨਾ ਹੈ ਕਿ ਤੁਹਾਡੇ ਸਵੇਰ ਦੇ ਪਹਿਨੇ ਕੱਪੜੇ ਤੇ ਮੂੰਹ-ਮੁਹਾਂਦਰਾ ਸ਼ਾਮ ਤੱਕ ਬੇ-ਪਛਾਣ ਹੁੰਦੇ ਹਨ। ਸ਼ਹਿਰਾਂ ਦੇ ਬਜ਼ਾਰ ਭੀੜੇ ਹੋ ਗਏ ਜਾਪਦੇ ਹਨ। ਕਿਸੇ ਬਾਜ਼ਾਰ ਵਿਚ ਕੋਈ ਗੱਡੀ ਨਹੀਂ ਜਾਂਦੀ। ਭੀੜ-ਭੜੱਕਾ ਏਨਾ ਹੈ ਕਿ ਹਰ ਗਲ਼ੀ, ਹਰ ਬਾਜ਼ਾਰ ਵਿਚ ਬੰਦੇ ਨਾਲ਼ ਬੰਦਾ ਖਹਿੰਦਾ ਹੈ। ਸ਼ਹਿਰਾਂ ਦੇ ਬੱਸ ਅੱਡਿਆਂ ਵਿਚ ਜੰਗਲੀ ਤੇ ਜਾਹਲ ਲੋਕਾਂ ਵਾਂਗ ਹੋਕਰੇ ਵਜਦੇ ਤੇ ਕੰਨ-ਪਾੜੂ ਸ਼ੋਰ ਹੁੰਦਾ ਹੈ। ਅਜਿਹੇ

ਬਾਕੀ ਸਫ਼ਾ 28 'ਤੇ

# ਮੁਕਤਸਰ ਦਾ ਯੁੱਧ

ਪ੍ਰਮਿੰਦਰ ਸਿੰਘ ਪ੍ਰਵਾਨਾ



ਕਲਗੀਧਰ ਦਸਮੇਸ਼ ਪਿਤਾ ਜੀ ਦੇ ਸਮੇਂ ਸਿੱਖ ਧਰਮ ਦੀ ਹਰਮਨਪਿਆਰਤਾ ਨਿਰੰਤਰ ਵਧਦੀ ਵੇਖ ਕੇ ਹਿੰਦੂ ਪਹਾੜੀ ਰਾਜੇ ਅਤੇ ਮੁਗਲ ਇਸ ਨੂੰ ਆਪਣੇ ਸਾਮਰਾਜ ਲਈ ਖਤਰਾ ਸਮਝਣ ਲੱਗ ਪਏ ਸਨ। ਗੁਰੂ ਜੀ ਨੇ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਆਮ ਲੋਕਾਈ ਨੂੰ ਇਹ ਅਹਿਸਾਸ ਦਿਵਾਇਆ ਕਿ ਉਹ ਬਲ ਹੀਣ ਨਹੀਂ ਹਨ, ਸਗੋਂ ਉਨ੍ਹਾਂ ਨੂੰ ਆਪਣੇ ਅੰਦਰਲੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ। ਗੁਰੂ ਜੀ ਤਲਵਾਰ ਨੂੰ ਸੰਘਰਸ਼ ਸ਼ਕਤੀ ਦਾ ਪ੍ਰਤੀਕ ਮੰਨਦੇ ਸਨ। ਉਨ੍ਹਾਂ ਨੇ ਬਹੁਤ ਸਾਰੇ ਯੁੱਧ ਲੜੇ ਅਤੇ ਜਿੱਤੇ ਵੀ ਪਰ ਕਿਸੇ ਦੇ ਇਲਾਕੇ ਉਤੇ ਕਬਜ਼ਾ ਨਹੀਂ ਕੀਤਾ। ਕਿਸੇ ਦੇ ਧਨ ਮਾਲ ਜਾਂ ਇੱਜ਼ਤ ਨਹੀਂ ਲੁੱਟੇ, ਭੱਜੇ ਜਾਂਦੇ ਜਾਂ ਸੁੱਤੇ ਪਏ ਵੈਰੀ ਉਤੇ ਵਾਰ ਨਾ ਕੀਤਾ। ਕਿਸੇ ਬੱਚੇ ਬੁੱਢੇ ਜਾਂ ਔਰਤ 'ਤੇ ਵਾਰ ਨਹੀਂ ਕੀਤਾ। ਉਨ੍ਹਾਂ ਨੇ ਪਹਿਲਾਂ ਕਿਸੇ 'ਤੇ ਹਮਲਾ ਨਹੀਂ ਕੀਤਾ। ਉਹ ਧਰਮ ਲਈ ਜੂਝਣ ਅਤੇ ਜਿੱਤ ਪ੍ਰਾਪਤ ਕਰਨ ਵਿਚ ਅਟੁੱਟ ਵਿਸ਼ਵਾਸ਼ ਰੱਖਦੇ ਸਨ। ਉਨ੍ਹਾਂ ਕੋਈ ਵੀ ਯੁੱਧ ਜਰ-ਜ਼ੋਰੂ ਅਤੇ ਜ਼ਮੀਨ ਵਾਸਤੇ ਨਹੀਂ ਲੜਿਆ। ਉਨ੍ਹਾਂ ਹਮੇਸ਼ਾ ਨਿਮਾਣਿਆਂ-ਨਿਤਾਣਿਆਂ, ਨੀਵਿਆਂ ਅਤੇ ਲਿਤਾੜਿਆਂ ਦੇ ਹੱਕ-ਸੱਚ ਤੇ ਬਰਾਬਰੀ ਲਈ ਹੀ ਸੰਘਰਸ਼ ਕੀਤਾ ਅਤੇ ਸਰਬੰਸਦਾਨ ਕੀਤਾ।

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।।

ਚਾਰ ਮੁਏ ਤੋ ਕਿਆ ਭਇਆ, ਏ ਜੀਵਤ ਕਈ ਹਜ਼ਾਰ।।

ਸਿੱਖਾਂ ਵਿਚ ਏਨੀ ਸ਼ਰਧਾ ਅਤੇ ਜੋਸ਼ ਭਰ ਦਿੱਤਾ ਕਿ ਉਹ ਸ਼ਹੀਦੀਆਂ ਪਾਉਣ ਲਈ ਖੁਸ਼ੀ ਖੁਸ਼ੀ ਅੱਗੇ ਆਉਣ ਲੱਗੇ, ਜਿਸ ਦੀ ਲਾਸਾਨੀ ਮਿਸਾਲ 29 ਦਸੰਬਰ 1705 ਦੇ ਮੁਕਤਸਰ ਦੇ ਯੁੱਧ ਵਿਚ ਮਿਲਦੀ ਹੈ। ਇਹ ਯੁੱਧ ਗੁਰੂ ਜੀ ਦੇ ਜੀਵਨਕਾਲ ਦਾ ਆਖਰੀ ਤੇ ਫੈਸਲਾਕੁਨ ਯੁੱਧ ਸੀ, ਜਿਸ ਵਿਚ ਹਿਕ ਤਰ੍ਹਾਂ ਨਾਲ ਔਰੰਗਜੇਬ ਰਾਜ ਦਾ ਅੰਤ ਲਿਖਿਆ ਗਿਆ।

ਗੁਰੂ ਜੀ ਜਦੋਂ ਆਨੰਦਪੁਰ ਵਿਖੇ ਧਰਮ ਯੁੱਧ ਮੋਰਚੇ ਵਿਚ ਲੰਬੇ ਸਮੇਂ ਤੋਂ ਡਟੇ ਹੋਏ ਸਨ ਤਾਂ ਮੁਗਲਾਂ ਅਤੇ ਪਹਾੜੀ ਹਿੰਦੂ ਰਾਜਿਆਂ ਨੇ ਚਾਹਿਆ ਕਿ ਗੁਰੂ ਜੀ ਆਨੰਦਪੁਰ ਛੱਡ ਜਾਣ। ਇਸ ਲਈ ਬਹਾਨੇ ਨਾਲ ਉਨ੍ਹਾਂ ਨੇ ਕਸਮਾਂ ਖਾਧੀਆਂ ਕਿ ਜੇਕਰ ਗੁਰੂ ਜੀ ਅਨੰਦਪੁਰ ਦਾ ਕਿਲਾ ਛੱਡ ਦੇਣ ਤਾਂ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ। ਪਰ ਉਨ੍ਹਾਂ ਨੇ ਤਾਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਅਤੇ ਗੁਰੂ ਜੀ ਨੂੰ ਜਿੰਦਾ ਗ੍ਰਿਫ਼ਤਾਰ ਕਰਕੇ ਅਧੀਨ ਕਰਨ ਦਾ ਮਨ ਬਣਾਇਆ ਹੋਇਆ ਸੀ। ਗੁਰੂ ਜੀ, ਚਮਕੌਰ ਸਾਹਿਬ ਦੀ ਲੜਾਈ ਅਤੇ ਬਿਖੜਿਆਂ ਪੈਂਡਿਆਂ ਮਾਛੀਵਾੜਾ ਕਾਂਗੜ ਤੋਂ ਹੁੰਦੇ ਹੋਏ ਕੋਟਕਪੂਰਾ ਪੁੱਜੇ ਅਤੇ ਮੁਗਲ ਫੌਜਾਂ ਨੇ ਆਪਣੇ ਇਕਰਾਰ ਤੋੜ ਕੇ ਗੁਰੂ ਜੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ।

ਗੁਰੂ ਜੀ ਕੋਲ ਸਮਰਪਿਤ ਸਿੰਘ ਸਨ ਜੋ ਜਾਨ ਦੀ ਪ੍ਰਵਾਹ ਕੀਤੇ ਬਿਨਾ ਕੁਰਬਾਨੀ ਲਈ ਤਿਆਰ ਸਨ। ਗੁਰੂ ਜੀ ਰਾਮੇਆਣੇ ਤੋਂ ਖਿਦਰਾਣੇ ਵੱਲ ਵਧਣ ਲੱਗੇ। ਤਦ ਤੱਕ ਮਾਈ ਭਾਗੋ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਗੁਰੂ ਜੀ ਦੀ ਮਦਦ ਲਈ ਖਿਦਰਾਣੇ ਦੀ ਢਾਬ 'ਤੇ ਪੁੱਜਿਆ। ਇਹ ਉਹ ਸਿੰਘ ਸਨ ਜੋ ਅਨੰਦਪੁਰ ਛੱਡਣ ਦੇ ਅਖੀਰਲੇ ਦਿਨਾਂ ਵਿਚ ਗੁਰੂ ਜੀ ਤੋਂ ਵਿਛੜ ਗਏ ਸਨ।

ਦੁਸ਼ਮਣ ਅਤੇ ਸ਼ਾਹੀ ਫੌਜ ਨੇੜੇ ਪਹੁੰਚ ਚੁੱਕੀ ਸੀ। ਗੁਰੂ ਜੀ ਉਸ ਸਮੇਂ ਅਜਿਹੀ ਜਗ੍ਹਾ ਦੀ ਤਲਾਸ਼ ਵਿਚ ਸਨ ਜਿਥੇ ਦੁਸ਼ਮਣਾਂ ਨੂੰ ਘੇਰਿਆ ਜਾ ਸਕੇ ਅਤੇ ਦੁਸ਼ਮਣ ਦਾ ਮੁਕਾਬਲਾ ਵਿਉਂਤਬੰਦੀ ਨਾਲ ਕੀਤਾ ਜਾ ਸਕੇ। ਤਦ ਗੁਰੂ ਜੀ ਨੇ ਖਿਦਰਾਣੇ ਦੀ ਢਾਬ 'ਤੇ ਮੋਰਚਾ ਲਾਉਣਾ ਮੁਨਾਸਿਬ ਸਮਝਿਆ। ਢਾਬ ਝਾੜੀਆਂ ਨਾਲ ਘਿਰੀ ਹੋਈ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਉਥੇ ਪਾਣੀ ਦਾ ਭੰਡਾਰ ਸੀ, ਜਦਕਿ ਇਥੇ ਦੂਰ-ਦੂਰ ਤੱਕ ਪਾਣੀ ਨਹੀਂ ਸੀ ਮਿਲਦਾ। ਗੁਰੂ ਜੀ ਨੇ ਤੰਬੂ ਲਗਾ ਕੇ ਢਾਬ ਨੂੰ ਇਕ ਵਿਸ਼ਾਲ ਫੌਜੀ ਛਾਉਣੀ ਵਿਚ ਬਦਲ ਦਿੱਤਾ। ਮੁਗਲ ਫੌਜਾਂ ਨੇ ਅੰਮ੍ਰਿਤ ਵੇਲੇ ਹਮਲਾ ਕਰ ਦਿੱਤਾ। ਸਿੰਘਾਂ ਨੇ ਰਣਨੀਤੀ ਬਣਾਈ ਕਿ ਵਾਰੀ-ਵਾਰੀ ਸਿੰਘ ਟਾਕਰੇ ਲਈ ਜਾਣ। ਉਨ੍ਹਾਂ ਦੀ ਹਿਫਾਜ਼ਤ ਲਈ ਪੰਜ ਸਿੰਘਾਂ ਨੂੰ ਨਾਲ ਭੇਜਿਆ ਜਾਣ ਲੱਗਾ। ਗੁਰੂ ਜੀ ਟਿੱਬੇ ਤੋਂ ਸਮੇਂ-ਸਮੇਂ ਤੀਰਾਂ ਦੀ ਬੁਛਾੜ ਹੇਠ ਵੱਲ ਕਰਦੇ ਰਹੇ। ਉਨ੍ਹਾਂ ਨੇ ਇਸੇ ਤਰ੍ਹਾਂ ਦੁਸ਼ਮਣ ਨੂੰ ਉਲਝਾਈ ਰੱਖਿਆ। ਸਭ ਤੋਂ ਅਹਿਮ ਗੱਲ ਇਹ ਹੋ ਨਿਬੜੀ ਕਿ ਸਿੰਘਾਂ ਦਾ ਪਾਣੀ 'ਤੇ ਕਬਜ਼ਾ ਸੀ। ਦੁਸ਼ਮਣਾਂ ਨੂੰ ਨੇੜੇ ਤੇੜੇ ਪਾਣੀ ਲੱਭਣਾ ਮੁਸ਼ਕਲ ਹੋ ਗਿਆ। ਲੜਾਈ ਗਹਿ ਗੱਚ ਹੋ ਚੁੱਕੀ ਸੀ। ਇਸ ਘਮਸਾਨ ਯੁੱਧ ਵਿਚ ਮੁਗਲ ਫੌਜਾਂ ਦੇ ਕਮਾਂਡਰ ਅਜਿਹੇ ਉਲਝੇ ਕਿ ਇਕ ਤਾਂ ਪਾਣੀ ਨਾ ਮਿਲਿਆ, ਉਪਰੋਂ ਗੁਰੂ ਜੀ ਸਾਹਮਣੇ ਢਾਬ ਦੀ ਉਚਾਈ ਤੋਂ ਤੀਰ ਛੱਡ ਰਹੇ ਸਨ। ਇਸ ਆਹਮੋ-ਸਾਹਮਣੇ ਦੀ ਟੱਕਰ ਵਿਚ ਮੁਗਲ ਫੌਜ ਨਾ ਟਿਕ ਸਕੀ। ਮੁਗਲ ਫੌਜ ਭੁਲੇਖੇ ਵਿਚ ਰਹੀ ਕਿ ਇੱਥੇ ਭਾਰੀ ਗਿਣਤੀ ਵਿਚ ਫੌਜ ਹੋਵੇਗੀ ਜੋ ਇਕ ਫੌਜੀ ਛਾਉਣੀ ਬਣਾਈ ਬੈਠੇ ਹਨ ਪਰ ਸਿਰਫ਼ 250 ਸਿੰਘਾਂ ਦੀ ਫੌਜ ਨੇ ਲਗਭਗ 20000 ਮੁਗਲ ਫੌਜ ਦਾ ਟਾਕਰਾ ਬੜੀ ਦਲੇਰੀ ਨਾਲ ਕੀਤਾ। ਇਸ ਤਰ੍ਹਾਂ ਸਿੰਘਾਂ ਨੇ ਅਦੁੱਤੀ ਬਹਾਦਰੀ ਦਾ ਸਬੂਤ ਦਿੰਦੇ ਹੋਏ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ ਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਤਵਾਰੀਖ ਮੁਤਾਬਕ ਮੁਗਲਾਂ ਦਾ 4000 ਦਾ ਜਾਨੀ ਨੁਕਸਾਨ ਹੋਇਆ। ਗੁਰੂ ਜੀ ਦੀ ਫੌਜ ਵਿਚ ਜਿਨ੍ਹਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਉਨ੍ਹਾਂ ਵਿਚ ਲਾਗਲੇ ਪਿੰਡਾਂ ਦੇ ਕਿਸਾਨ ਅਤੇ ਕਾਰੀਗਰ ਵੀ ਸਨ।

ਮੁਗਲ ਫੌਜ ਨੂੰ ਅਹਿਸਾਸ ਹੋ ਗਿਆ ਕਿ ਗੁਰੂ ਜੀ ਦੀ ਅਗਵਾਈ ਹੇਠ ਜੋ ਫੌਜ ਹੈ, ਉਸ ਦਾ ਟਾਕਰਾ ਕਰਨਾ ਸੰਭਵ ਨਹੀਂ ਹੈ। ਉਨ੍ਹਾਂ ਨੇ ਸਬਕ ਸਿੱਖ ਲਿਆ ਕਿ ਸਿੰਘਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਖ਼ਾਲਸੇ ਦੀ

ਬਾਕੀ ਸਫ਼ਾ 29 'ਤੇ

# ਢੌਂਗੀ ਬਾਬਿਆਂ ਦੇ ਚੱਕਰਵਿਊ ਵਿਚ ਫਸੀਆਂ ਔਰਤਾਂ

ਡਾ. ਹਰੀਸ਼ ਮਲਹੋਤਰਾ

ਭਾਰਤ ਵਰਗੇ ਪੱਛੜੇ ਅਤੇ ਪਿਛਾਂਹ-ਖਿੱਚੂ ਸੱਭਿਆਚਾਰ ਵਾਲੇ ਮੁਲਕ ਵਿੱਚ ਮਾਨਸਿਕ ਰੋਗ ਹੋਣਾ ਇੱਕ ਬਹੁਤ ਵੱਡਾ ਸਰਾਪ ਹੈ। ਕਈ ਪੜ੍ਹੇ-ਲਿਖੇ, ਅੱਧ-ਪੜ੍ਹੇ ਅਤੇ ਅਨਪੜ੍ਹ ਲੋਕ ਸਾਧਾਂ, ਬਾਬਿਆਂ ਦੇ ਢਹੇ ਚੜ੍ਹ ਜਾਂਦੇ ਹਨ ਅਤੇ ਆਪਣੀ ਆਰਥਿਕਤਾ ਦਾ ਤਾਂ ਭੁੱਗਾ ਚੌੜ ਕਰਵਾਉਂਦੇ ਹੀ ਹਨ, ਸਗੋਂ ਸਰੀਰਕ ਅਤੇ ਕਈ ਕੇਸਾਂ ਵਿੱਚ ਕਾਮਿਕ ਸ਼ੋਸ਼ਣ ਵੀ ਕਰਾਉਂਦੇ ਹਨ। ਨਿਪੁੰਸਕ ਸਰਕਾਰਾਂ ਅਤੇ ਲੋਕਾਂ ਦੇ ਅਖੌਤੀ ਚੌਧਰੀ ਇਸ ਕੁਕਰਮ ਨੂੰ ਅੱਖਾਂ 'ਤੇ ਕਾਲੀ ਪੱਟੀ ਬੰਨ੍ਹ ਕੇ ਹੋਊ ਪਰ੍ਹੇ ਕਰ ਦਿੰਦੇ ਹਨ।

ਬਹੁਤੇ ਲੋਕਾਂ ਦੇ ਦਿਮਾਗ਼ਾਂ ਨੂੰ ਅਖੌਤੀ 'ਕਰਤਾਰੀ ਸ਼ਕਤੀ' ਨੇ ਬੰਨ੍ਹਿਆ ਹੋਇਆ ਹੈ। ਬਹੁਤੇ ਭਾਰਤੀ ਲੋਕ ਇਸ 'ਕਰਤਾਰੀ ਸ਼ਕਤੀ' ਤੋਂ ਡਰੇ ਹੋਏ ਸਾਰੀ ਉਮਰ ਹੰਢਾਅ ਦਿੰਦੇ ਹਨ ਅਤੇ ਇਸ 'ਕੂੜ-ਸਿਧਾਂਤ' ਨੂੰ ਅਗਾਂਹ ਤੋਂ ਅਗਾਂਹ ਬੱਚਿਆਂ ਰਾਹੀਂ ਤੋਰਦੇ ਰਹਿੰਦੇ ਹਨ। ਅਜੋਕੀ ਵਿੱਦਿਅਕ ਪ੍ਰਣਾਲੀ ਇਸ ਸਾਰੇ ਭੰਬਲਭੂਸੇ 'ਤੇ ਕੋਈ ਪ੍ਰਸ਼ਨ ਚਿੰਨ੍ਹ ਨਹੀਂ ਲਾਉਂਦੀ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਧਰਮ ਦੀਆਂ ਥਾਂ-ਥਾਂ ਕਈ ਪ੍ਰਕਾਰ ਦੀਆਂ ਮੰਡੀਆਂ ਸਥਾਪਤ ਹੋ ਗਈਆਂ ਹਨ ਅਤੇ ਵਿਹਲੜਾਂ ਦੀਆਂ ਧਾੜਾਂ ਵਿੱਚ ਬੇਸ਼ੁਮਾਰ ਵਾਧਾ ਹੋ ਰਿਹਾ ਹੈ। ਇਹੋ ਜਿਹੀ ਪਿਊਂਦ ਚੜ੍ਹੇ ਸੱਭਿਆਚਾਰ ਨੂੰ ਲੈ ਕੇ ਜਦ ਕੁਝ ਭਾਰਤੀ, ਪੱਛਮੀ ਮੁਲਕਾਂ ਵਿੱਚ ਆਉਂਦੇ ਹਨ ਤਾਂ ਆਪਣੀਆਂ ਨਲਾਇਕੀਆਂ ਦਾ ਜਲੂਸ ਕੱਢਦੇ ਹਨ। ਪੱਛਮੀ ਮੁਲਕਾਂ ਵਿੱਚ ਵੀ ਇਸੇ ਕਰਕੇ ਬਾਬਿਆਂ ਦੇ ਤੋਰੀ-ਫੁਲਕੇ ਬੜੀ ਟੌਹਰ ਨਾਲ ਚੱਲ ਰਹੇ ਹਨ। ਇਹ ਆਪਣੀ ਇਸ਼ਤਿਹਾਰਬਾਜ਼ੀ ਸਿਰਫ਼ ਦੇਸੀ ਜ਼ੁਬਾਨਾਂ ਦੇ ਅਖ਼ਬਾਰਾਂ ਤੇ ਪਰਚਿਆਂ ਵਿੱਚ ਹੀ ਨਹੀਂ ਕਰਦੇ, ਸਗੋਂ ਅੰਗਰੇਜ਼ੀ ਅਖ਼ਬਾਰਾਂ, ਰੇਡੀਓ ਅਤੇ ਟੀ.ਵੀ. 'ਤੇ ਵੀ ਦਾਅਵਾ ਕਰਦੇ ਹਨ ਕਿ ਕਿਸੇ ਬਿਮਾਰੀ ਜਾਂ ਸਮੱਸਿਆ ਦਾ ਹੱਲ ਸ਼ਰਤੀਆ ਕਰ ਸਕਦੇ ਹਨ। ਇਹਨਾਂ ਦੀ ਅਤੇ ਇਹਨਾਂ ਦੇ ਦਾਅਵਿਆਂ ਦੀ ਕਾਨੂੰਨੀ ਹਮਾਇਤ ਨਾ ਹੋਣ ਕਰਕੇ ਅਜੇ ਕਚਿਹਰੀਆਂ ਵਿੱਚ ਖਿਚਾਈ ਨਹੀਂ ਕੀਤੀ ਜਾ ਸਕਦੀ।

ਭਾਵੇਂ ਬਰਤਾਨੀਆ ਦੀ ਏਸ਼ੀਅਨ ਰੈਸ਼ਨੇਲਿਸਟ ਸੁਸਾਇਟੀ ਨੇ 'ਰੇਡੀਓ ਫਾਇਵ ਲਾਈਵ' 'ਤੇ ਅੱਧੇ ਘੰਟੇ ਦੀ ਡਾਕੂਮੈਂਟਰੀ ਬਣਵਾ ਕੇ ਵੀ ਨਸ਼ਰ ਕੀਤੀ ਸੀ ਅਤੇ ਬਾਬਿਆਂ, ਸਾਧਾਂ ਤੇ ਪੀਰਾਂ ਨੂੰ ਲਲਕਾਰਿਆ ਸੀ ਪਰ ਉਸ ਦਾ ਕੋਈ ਨਤੀਜਾ ਨਹੀਂ ਨਿਕਲਿਆ। ਸਥਾਨਕ ਕਾਊਂਸਲਰਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਨੇ ਵੀ ਕੁਝ ਨਹੀਂ ਕੀਤਾ। ਹੋਰ ਤਾਂ ਹੋਰ ਹੋਮ ਆਫਿਸ ਨੂੰ ਪਾਈ ਚਿੱਠੀ ਦਾ ਜਵਾਬ ਵੀ ਇਹ ਆਇਆ ਕਿ 'ਸਾਨੂੰ ਤਾਂ ਪਤਾ ਹੀ ਨਹੀਂ ਕਿ ਏਸ਼ੀਅਨਾਂ ਵਿੱਚ ਕੋਈ ਇਹੋ ਜਿਹੀ ਸਮੱਸਿਆ ਵੀ ਹੈ, ਜਿਸ ਦੇ ਇਹ ਸਾਧ ਬਾਬੇ ਹਿੱਸੇਦਾਰ ਹਨ।'

ਭਾਰਤ ਵਿੱਚ ਵੀ ਅਤੇ ਬਰਤਾਨੀਆ ਸਮੇਤ ਦੂਜੇ ਮੁਲਕਾਂ 'ਚ ਵੀ ਇਹਨਾਂ ਪਾਖੰਡੀਆਂ ਦੇ ਮਗਰ ਜ਼ਿਆਦਾ ਕਰਕੇ ਔਰਤਾਂ ਹੀ ਲੱਗੀਆਂ ਹੋਈਆਂ ਹਨ ਅਤੇ ਇਹ ਵੀ ਸੱਚਾਈ ਹੈ ਕਿ ਏਸ਼ੀਅਨਾਂ ਵਿੱਚ ਮਾਨਸਿਕ ਰੋਗਾਂ ਦੀ ਦਰ ਗੋਰਿਆਂ ਨਾਲੋਂ 65 ਗੁਣਾਂ ਜ਼ਿਆਦਾ ਹੈ। ਜ਼ਿਆਦਾ ਕਰਕੇ ਔਰਤਾਂ ਹੀ ਇਸ ਦੀਆਂ ਹਿੱਸੇਦਾਰ ਹਨ। ਸੱਚਾਈ ਤਾਂ ਇਹ ਵੀ ਹੈ ਕਿ ਮੁਟਿਆਰਾਂ ਵਿੱਚ ਮਾਨਸਿਕ ਬਿਮਾਰੀ ਨੇ ਉਹਨਾਂ ਨੂੰ ਆਤਮ-ਹੱਤਿਆ ਤੱਕ ਅਪੜਾਅ ਦਿੱਤਾ ਹੈ ਅਤੇ ਆਤਮ-ਹੱਤਿਆ ਦੀ ਦਰ ਏਸ਼ੀਅਨ ਮੁਟਿਆਰਾਂ (16 ਤੋਂ 24 ਸਾਲ ਦੀ ਉਮਰ) 'ਚ ਸਭ ਤੋਂ ਉੱਪਰ ਹੈ।

ਦੇ ਘਰ ਜਾਂ ਪਾਰਟੀਆਂ 'ਤੇ ਜਾਣ ਦੀ ਪਾਬੰਦੀ ਲਾਈ ਜਾਂਦੀ ਹੈ। ਸਿਨੇਮਾ, ਥੀਏਟਰ ਜਾਂ ਕਿਸੇ ਹੋਰ ਮਨੋਰੰਜਨ ਵਾਲੀ ਥਾਂ ਵੀ ਉਹ ਨਹੀਂ ਜਾ ਸਕਦੀ। ਇਹਨਾਂ ਸਭ ਗੱਲਾਂ ਨੂੰ ਭਾਵੇਂ ਸਾਰੇ ਸੰਦਰਭ ਵਿੱਚ ਦੇਖਣ ਦੀ ਲੋੜ ਹੈ, ਪਰ ਕਾਕਾ ਜੀ ਖੁੱਲ੍ਹੀਆਂ ਉਡਾਰੀਆਂ ਮਾਰਦਾ ਹੈ। ਉਹਦੇ 'ਤੇ ਬੜੀ ਘੱਟ ਰੋਕ-ਟੋਕ ਲਾਈ ਜਾਂਦੀ ਹੈ। ਦਾਰੂ ਬੱਤਾ, ਸਿਗਰਟ ਅਤੇ ਅਫ਼ੀਮ ਚਰਸ ਦੇ ਸੂਟਿਆਂ 'ਤੇ ਵੀ ਘੱਟ ਪਾਬੰਦੀ ਲੱਗਦੀ ਹੈ। ਕੁੜੀ ਲਈ ਤਾਂ ਇਹ ਸਭ ਵਰਜਿਤ ਹੈ।

ਕਈ ਕੇਸਾਂ ਵਿੱਚ ਹਾਈ ਸਕੂਲ ਤੋਂ ਅਗਾਂਹ ਪੜ੍ਹਨ ਲਈ ਕੁੜੀ ਨੂੰ ਕਈ ਸ਼ਰਤਾਂ ਵਿੱਚੋਂ ਪਾਸ ਹੋਣਾ ਪੈਂਦਾ ਹੈ। ਮੰਨੀਆਂ ਸ਼ਰਤਾਂ ਦੀ ਤਣੀ



ਏਸ਼ਿਆਈ ਔਰਤਾਂ ਦੀਆਂ ਮਾਨਸਿਕ ਸਮੱਸਿਆਵਾਂ ਦੀ ਜਦ ਚੀਰ ਫਾੜ ਕੀਤੀ ਜਾਂਦੀ ਹੈ ਤਾਂ ਪਿਛਾਂਹ-ਖਿੱਚੂ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਅਹਿਮ ਰੋਲ ਨਿਭਾਉਂਦੀਆਂ ਹਨ। ਮੁੰਡਿਆਂ ਨਾਲੋਂ ਕੁੜੀਆਂ ਨੂੰ ਘਟੀਆ ਸਮਝਣਾ ਜੋ ਕਿ ਕੁੜੀ ਦੇ ਜੰਮਣ ਸਾਰ ਹੀ ਸ਼ੁਰੂ ਹੋ ਜਾਂਦਾ ਹੈ, ਭਾਵੇਂ ਕਿ ਦਿਖਾਵੇਬਾਜ਼ੀ ਕਰਕੇ ਹੁਣ ਕੁਝ ਕੁ ਕੁੜੀਆਂ ਦੇ ਜਨਮ ਦਿਨ ਮਨਾਉਣ ਦਾ ਰਿਵਾਜ ਚੱਲ ਪਿਆ ਹੈ, ਪਰ ਫਿਰ ਵੀ ਕੁੜੀ ਜੰਮਣ 'ਤੇ ਸਹੀ ਮਾਅਨਿਆਂ ਵਿੱਚ ਤਨੋਂ-ਮਨੋਂ ਅਜੇ ਵੀ ਖੁਸ਼ੀ ਨਹੀਂ ਮਹਿਸੂਸ ਕੀਤੀ ਜਾਂਦੀ।

ਕੁੜੀਆਂ ਨੂੰ ਭਾਵੇਂ ਸਕੂਲਾਂ ਵਿੱਚ ਪੜ੍ਹਨ ਲਈ ਭੇਜਿਆ ਜਾਂਦਾ ਹੈ, ਪਰ ਕੋਸ਼ਿਸ਼ ਇਹ ਹੀ ਰਹਿੰਦੀ ਹੈ ਕਿ ਜੇਕਰ ਇਕੱਲਾ ਕੁੜੀਆਂ ਦਾ ਹੀ ਸਕੂਲ ਮਿਲ ਜਾਵੇ ਤਾਂ ਚੰਗਾ ਹੈ। ਹਾਈ ਸਕੂਲ ਵਿੱਚ ਜਾਣ 'ਤੇ ਕੁੜੀ 'ਤੇ ਖ਼ਾਸ ਨਿਗ੍ਹਾ ਰੱਖੀ ਜਾਂਦੀ ਹੈ ਕਿ ਉਹ ਕਿਹੋ ਜਿਹੇ ਕੱਪੜੇ ਪਾਉਂਦੀ ਹੈ। ਸਕੂਲ ਦੇ ਦੁਪਹਿਰ ਦੇ ਖਾਣੇ 'ਤੇ ਕਿੱਥੇ ਜਾਂਦੀ ਹੈ, ਸਕੂਲ ਤੋਂ ਘਰ ਕਦ ਪਹੁੰਚਦੀ ਹੈ। ਉਹਦੀਆਂ ਸਹੇਲੀਆਂ ਕਿਹੜੀਆਂ-ਕਿਹੜੀਆਂ ਹਨ, ਕਿਤੇ ਉਹਨਾਂ ਕੁੜੀਆਂ ਦੇ ਘਰ ਭਰਾ ਤਾਂ ਨਹੀਂ ਹਨ। ਸ਼ਾਮ ਨੂੰ ਬਾਹਰ ਜਾਣ ਜਾਂ ਕਿਸੇ ਕੱਸੀ ਰਹਿੰਦੀ ਹੈ ਅਤੇ ਜੇਕਰ ਕਿਤੇ ਵੀ ਕਾਣ ਆਈ ਤਾਂ ਕੁੜੀ ਨੂੰ ਜਾਂ ਤਾਂ ਘਰ ਬਿਠਾ ਲਿਆ ਜਾਂਦਾ ਹੈ ਅਤੇ ਜਾਂ ਫਿਰ ਨਿਗਰਾਨੀ ਹੇਠ ਕਿਤੇ ਕੰਮ 'ਤੇ ਲਵਾ ਦਿੱਤਾ ਜਾਂਦਾ ਹੈ।

ਇਹਨਾਂ ਸਾਰੀਆਂ ਗੱਲਾਂ ਦਾ ਮਾਨਸਿਕ ਸਿਹਤ ਨਾਲ ਸਿੱਧਾ ਸੰਬੰਧ ਹੈ। ਲੜਕੀ ਦਾ ਇਹੋ ਜਿਹੇ ਹਾਲਾਤ ਵਿੱਚ ਉਦਾਸ ਹੋਣਾ ਕੁਦਰਤੀ ਹੈ। ਲੜਕੀ ਦੇ ਸਿਰ ਉਤਾਂਹ ਚੁੱਕਣ 'ਤੇ ਮਾਰ-ਕੁਟਾਈ ਤੱਕ ਦੀ ਨੌਬਤ ਆ ਜਾਂਦੀ ਹੈ। ਮਾਰ-ਕੁਟਾਈ ਵਿਆਹੀਆਂ ਔਰਤਾਂ ਵੀ ਸਹਾਰਦੀਆਂ ਹਨ। ਘਰੇਲੂ ਮਾਰ-ਕੁਟਾਈ ਵਿੱਚ ਔਰਤਾਂ ਕਈ ਤਰ੍ਹਾਂ ਦੁੱਖ ਭੋਗਦੀਆਂ ਹਨ। ਉਹ ਘਰ ਦੀ 'ਝੂਠੀ ਇੱਜ਼ਤ' ਅਤੇ ਆਪਣੇ 'ਮਾਪਿਆਂ ਦੀ ਇੱਜ਼ਤ' ਦੇ ਨਾਂ ਹੇਠ ਕੁੱਟ ਖਾਂਦੀਆਂ ਰਹਿੰਦੀਆਂ ਹਨ ਅਤੇ ਕਿਸੇ ਕੋਲ ਬਾਹਰ ਗੱਲ ਨਹੀਂ ਕਰਦੀਆਂ। ਕਈ ਔਰਤਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ ਕਿ ਉਹ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾਵਾਂ ਜਾਂ ਪੁਲਸ ਨਾਲ ਸੰਪਰਕ ਕਰਕੇ ਸਹਾਇਤਾ ਲੈ ਸਕਦੀਆਂ ਹਨ। ਕਈ ਔਰਤਾਂ ਇਸ ਕਰਕੇ ਵੀ ਸੰਪਰਕ ਨਹੀਂ ਕਰਦੀਆਂ ਕਿ ਉਹਨਾਂ ਨੂੰ ਅੰਗਰੇਜ਼ੀ ਜ਼ੁਬਾਨ ਦੀ ਮੁਹਾਰਤ ਨਹੀਂ ਹੈ।

ਪਰਿਵਾਰ ਦੇ ਟੁੱਟਣ ਅਤੇ ਬੱਚਿਆਂ ਦੀ ਖੱਜਲ-ਖੁਆਰੀ ਦਾ ਡਰ ਵੀ ਉਹਨਾਂ ਨੂੰ ਘਰੋਂ ਬਾਹਰ ਕਦਮ ਪੁੱਟਣ ਤੋਂ ਵਰਜਦਾ ਹੈ। ਧਰਮ ਦੀ ਰੰਗਤ ਵੀ ਉਹਨਾਂ ਨੂੰ ਸਬਰ ਕਰਨ ਲਈ ਮਜਬੂਰ ਕਰਦੀ ਹੈ ਕਿ 'ਮੇਰੀ ਤਾਂ ਕਿਸਮਤ ਐਸੀ ਹੈ', ਸੋ ਕਰਮਾਂ ਦਾ ਫਲ ਤਾਂ ਭੁਗਤਣਾ ਹੀ ਪਵੇਗਾ। ਸਾਧਾਂ-ਬਾਬਿਆਂ ਦੇ ਚੁੰਗਲ ਵਿੱਚ ਫਸਣ ਦਾ ਇਹ ਵੀ ਕਾਰਨ ਹੈ ਕਿ ਉਹਨਾਂ ਨੂੰ ਇਹੋ ਜਿਹੇ ਹਾਲਾਤ ਵਿੱਚ ਆਸ ਦੀ ਕੋਈ ਕਿਰਨ ਨਹੀਂ ਨਜ਼ਰ ਆਉਂਦੀ ਅਤੇ ਬਾਬੇ ਉਹਨਾਂ ਨੂੰ ਮਿਕਨਾਤੀਸੀ ਜੱਫਾ ਮਾਰਦੇ ਹਨ। ਲੋਟੂ ਧੋਖੇਬਾਜ਼ ਸਾਧਾਂ ਦੇ ਜੰਜਾਲ ਵਿੱਚ ਫਸਣ 'ਤੇ ਉਹ 'ਵਿਚਾਰੀਆਂ ਔਰਤਾਂ' ਫਿਰ ਥੱਲੇ ਹੀ ਥੱਲੇ ਧੱਸਦੀਆਂ ਜਾਂਦੀਆਂ ਹਨ। ਘੋਰ ਉਦਾਸੀ ਦੀ ਹਾਲਤ ਵਿੱਚ ਜਦ ਕੇਸ ਸੋਸ਼ਲ ਸਰਵਿਸਜ਼ ਵਰਗੇ ਅਦਾਰਿਆਂ ਦੇ ਵੱਸ ਪੈ ਜਾਂਦਾ ਹੈ ਤੇ ਉੱਥੇ ਵੀ ਉਹਨਾਂ ਦੇ ਦੁੱਖਾਂ ਵਿੱਚ ਵਾਧਾ ਹੀ ਹੁੰਦਾ ਹੈ।

ਗੋਰੇ ਡਾਕਟਰਾਂ, ਸੋਸ਼ਲ ਵਰਕਰਾਂ ਅਤੇ ਗੋਰੇ ਕਾਮਿਆਂ ਨੂੰ ਬੋਲੀ ਦੀ ਦਿੱਕਤ ਤੋਂ ਬਿਨਾ 'ਪਿਛਾਂਹ-ਖਿੱਚੂ ਜਗੀਰੂ ਕਦਰਾਂ-ਕੀਮਤਾਂ' ਵਾਲੇ ਸੱਭਿਆਚਾਰ ਦੀਆਂ ਤੰਦਾਂ ਦੀ ਸਮਝ ਨਹੀਂ ਲੱਗਦੀ ਅਤੇ ਉਹ ਆਪਣੀ ਸਮਝ ਮੁਤਾਬਕ ਬਸ ਬੁੱਤਾ ਜਿਹਾ ਲਾਈ ਜਾਂਦੇ ਰਹਿੰਦੇ ਹਨ। ਮਰੀਜ਼ ਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਆਉਂਦਾ। ਮਰੀਜ਼ ਨੂੰ ਕਾਊਂਸਲਿੰਗ ਜਾਂ 'ਢਾਰਸ ਦੁਆਊ ਗਰੁੱਪਾਂ' ਵਿੱਚ ਭੇਜਣ ਦੀ ਬਜਾਏ ਤੇਜ਼ ਤਰਾਰ ਦਵਾਈਆਂ ਦਿੱਤੀਆਂ ਜਾਂਦੀਆਂ ਹਨ, ਜਦੋਂ ਕਿ ਇਹੋ ਜਿਹੇ ਗੋਰੇ ਮਰੀਜ਼ਾਂ ਨੂੰ ਇਹਨਾਂ ਦਵਾਈਆਂ ਜਾਂ ਬਿਜਲੀ ਦੇ ਕਰੰਟ ਲਗਾਉਣ ਦਾ ਸਵਾਲ ਹੀ ਨਹੀਂ ਉਠਾਇਆ ਜਾਂਦਾ।

ਗੱਲ ਇੱਥੇ ਹੀ ਖ਼ਤਮ ਨਹੀਂ ਹੋ ਜਾਂਦੀ, ਜੇਕਰ ਕੋਈ ਦੇਸੀ ਸੋਸ਼ਲ ਵਰਕਰ ਜਾਂ ਹੋਰ ਸਰਕਾਰੀ ਕਾਮਾ ਇਹੋ ਜਿਹੇ ਮਰੀਜ਼ ਨਾਲ ਕੰਮ ਕਰਦਾ ਹੈ ਤਾਂ ਵਲੈਤ 'ਚ ਜੰਮਿਆ-ਪਲਿਆ ਹੋਣ ਕਰਕੇ ਦੇਸੀ ਰੂੜ੍ਹੀਵਾਦੀ ਸੱਭਿਆਚਾਰ ਦੀਆਂ ਤਣੀਆਂ ਤੋਂ ਬੇਸਮਝ ਅਤੇ ਬੋਲੀ ਦੀ ਪੂਰੀ ਮੁਹਾਰਤ ਨਾ ਹੋਣ ਕਰਕੇ ਗੱਲ ਸੁਧਰਨ ਦੀ ਬਜਾਏ ਵਿਗੜਦੀ ਤੁਰੀ ਜਾਂਦੀ ਹੈ।

ਜਿਹੜੇ ਕੁਝ ਕਾਮੇ ਬੋਲੀ ਠੀਕ ਤਰ੍ਹਾਂ ਸਮਝਦੇ ਹਨ ਅਤੇ ਸੱਭਿਆਚਾਰ ਤੋਂ ਵੀ ਵਾਕਿਫ ਹਨ, ਉਹ ਆਪ ਧਰਮ ਵਿੱਚ ਰੰਗੇ ਹੋਣ ਕਰਕੇ ਇਹਨਾਂ ਮਰੀਜ਼ਾਂ ਨੂੰ ਧਰਮ ਦੀ ਚੇਟਕ ਲਾਉਂਦੇ ਹਨ ਅਤੇ ਸਮੱਸਿਆ ਦਾ ਕੋਈ ਤਰਕਸ਼ੀਲ ਹੱਲ ਨਹੀਂ ਦੱਸਦੇ। ਇਹ ਸਾਰੀਆਂ ਗੱਲਾਂ ਏਸ਼ੀਅਨ ਔਰਤਾਂ ਦੀ ਹਾਲਤ ਕਾਫ਼ੀ ਖ਼ਸਤਾ ਬਣਾ ਰਹੀਆਂ ਹਨ। ਧਾਰਮਿਕ ਚੌਧਰੀ ਆਪਣਾ ਮਤਲਬ ਸਿਰਫ਼ ਢੋਲਕੀਆਂ-ਛੈਣੇ ਵਜਾਉਣ ਤੱਕ ਹੀ ਰੱਖਦੇ ਹਨ ਅਤੇ ਸਿਆਸੀ ਲੀਡਰਾਂ ਨੂੰ ਆਪਣੀ ਸਿਆਸਤ ਵਿੱਚੋਂ ਵਿਹਲ ਨਹੀਂ ਮਿਲਦਾ ਕਿ ਉਹ ਇਨ੍ਹਾਂ ਸਮੱਸਿਆਵਾਂ ਵੱਲ ਕੋਈ ਧਿਆਨ ਦੇ ਸਕਣ।

# ਜੱਟ, ਸ਼ਰਾਬ ਤੇ ਕੁੜੀ ਨਾਲ ਜੁੜਿਆ ਪੰਜਾਬੀ ਗਾਇਕ

**ਡਾ. ਧਰਮ ਸਿੰਘ**

ਵਿਆਹ ਦੀ ਰਸਮ ਵਧੇਰੇ ਕਰਕੇ ਨੇੜਲੇ ਧੇਤਿਆਂ ਅਤੇ ਪੁਤੇਤਿਆਂ ਵਿੱਚ ਹੀ ਹੁੰਦੀ ਹੈ। ਇਸ ਲਈ ਬਰਾਤੀਆਂ ਅਤੇ ਮੇਲੀਆਂ ਦੇ ਵਿਹਲੇ ਸਮੇਂ ਵਿੱਚ ਮਨੋਰੰਜਨ ਲਈ ਪਰਵਾਸੀਆਂ ਨੇ ਉੱਧਰਲੀਆਂ ਗਾਇਕ ਟੋਲੀਆਂ ਨੂੰ ਬੁਲਾਉਣਾ ਸ਼ੁਰੂ ਕਰ ਦਿੱਤਾ। ਰੀਸੋ-ਰੀਸੀ ਇਹ ਵਰਤਾਰਾ ਸਾਰੇ ਪਰਵਾਸੀ ਪੰਜਾਬੀਆਂ ਵਿੱਚ ਚੱਲ ਨਿਕਲਿਆ। ਗਾਇਕ ਟੋਲੀਆਂ ਅਤੇ ਗੀਤਕਾਰ ਜੋ ਇੱਧਰੋਂ ਗਏ ਪੰਜਾਬੀਆਂ ਵਿੱਚੋਂ ਹੀ ਸਨ, ਬੌਧਿਕ ਪੱਧਰ ਤੋਂ ਊਣੇ, ਅਨਪੜ੍ਹ ਤੇ ਬੇਹੁਨਰੇ ਸਨ। ਹਾਸਾ-ਠੱਠਾ ਪੈਦਾ ਕਰਨ ਲਈ ਆਪੂੰ ਬਣੇ ਗੀਤਕਾਰ ਜੁਗਤਾਂ ਲੱਭਣ ਲੱਗੇ, ਜਿਨ੍ਹਾਂ ਵਿੱਚੋਂ ਇੱਕ ਜੁਗਤ ਜਾਤੀਗਤ ਲੱਛਣਾਂ ਨੂੰ ਮਨਚਾਹੇ ਢੰਗ ਨਾਲ ਉਜਾਗਰ ਕਰਨਾ ਸੀ। ਇਨ੍ਹਾਂ ਨਾਲ ਨੱਚਣਾ ਟੱਪਣਾ ਵੀ ਜੁੜ ਗਿਆ ਅਤੇ ਨਾਲ ਹੀ ਸ਼ੁਰੂ ਹੋ ਗਈ, ਡਾਲਰਾਂ/ਪੌਂਡਾਂ ਦੀ ਬਰਸਾਤ। ਪੰਜਾਬ ਵਿੱਚ ਰਹਿ ਗਏ ਭਾਈਚਾਰੇ ਵਿੱਚ ਆਪਣੀ ਪੈਠ ਬਣਾਉਣ ਲਈ ਪਰਵਾਸੀ, ਪੰਜਾਬ ਵਿੱਚ ਆਪਣੇ ਧੀਆਂ ਪੁੱਤਰਾਂ ਦੇ ਵਿਆਹ ਕਰਨ ਲੱਗੇ ਅਤੇ ਉਹੋ ਵਰਤਾਰਾ ਇੱਧਰ ਵੀ ਚੱਲ ਨਿਕਲਿਆ। ਪੰਜਾਬ ਵਿੱਚ ਸ਼ੁਹਰਤ ਅਤੇ ਪੈਸੇ ਦੇ ਭੁੱਖੇ ਕੁਝ ਸ਼ਾਤਰ ਕਿਸਮ ਦੇ ਲੋਕਾਂ ਨੇ ਡਾਲਰ/ਪੌਂਡ ਵੇਖ ਕੇ ਇਨ੍ਹਾਂ ਦੁਆਲੇ ਝੁਰਮਟ ਪਾ ਲਿਆ। ਪਰਵਾਸੀ ਗਾਇਕਾਂ ਨੇ ਆਪਣੇ ਗੀਤਾਂ ਦੀਆਂ ਵੀਡੀਓਜ਼ ਪੱਲਿਓਂ ਪੈਸੇ ਖ਼ਰਚ ਕੇ ਬਣਾਈਆਂ ਅਤੇ ਫਿਰ ਚੈਨਲਾਂ ਉੱਪਰ ਪੈਸੇ ਦੇ ਕੇ ਚਲਵਾਈਆਂ। ਇਹਨਾਂ ਵੱਲ ਵੇਖ ਕੇ ਸਥਾਨਕ ਗਾਇਕ ਵੀ ਇਸ ਪਾਸੇ ਉੱਲਰ ਗਏ, ਜਿਸ ਕਰਕੇ ਪੰਜਾਬੀ ਵਿੱਚ ਅਜੋਕੀ ਗਾਇਕੀ ਦਾ ਹੜ੍ਹ ਵਗਣ ਲੱਗ ਪਿਆ। ਵੇਖਾ ਵੇਖੀ ਜਿਹੋ ਜਿਹੇ ਗੀਤ ਪਰਦੇਸਾਂ ਵਿੱਚ ਚੱਲਦੇ ਸਨ, ਉਹੋ ਜਿਹੇ ਇੱਧਰ ਵੀ ਲਿਖੇ ਅਤੇ ਲਿਖਵਾਏ ਜਾਣ ਲੱਗੇ। ਅੱਜ ਦੀ ਪੰਜਾਬੀ ਗੀਤਕਾਰੀ ਦੀਆਂ ਤਿੰਨ ਹੀ ਥੀਮਿਕ ਇਕਾਈਆਂ ਹਨ, ਜੱਟ, ਸ਼ਰਾਬ ਅਤੇ ਕੁੜੀ। ਗਿਣ ਮਿੱਥ ਕੇ ਜਾਂ ਉਚੇਚੀ ਫਰਮਾਇਸ਼ ਕਰਕੇ ਅਜਿਹੇ ਗੀਤ ਲਿਖਵਾਏ ਜਾਣ ਲੱਗੇ :

ਦਾਰੂ ਘਰ ਦੀ ਬੰਦੂਕ ਬਾਰਾਂ ਬੋਰ ਦੀ
ਦੋ ਚੀਜ਼ਾਂ ਜੱਟ ਮੰਗਦਾ।

-

ਜਦੋਂ ਪੈਂਦੀ ਆ ਤਾਰੀਖ਼ ਕਿਸੇ ਜੱਟ ਦੀ
ਕਚਹਿਰੀਆਂ 'ਚ ਮੇਲੇ ਲੱਗਦੇ।

ਬਹੁਤੇ ਗੀਤਾਂ ਨੂੰ ਪੜ੍ਹਨ-ਸੁਣਨ ਉਪਰੰਤ ਓਪਰੇ ਬੰਦੇ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਸ਼ਾਇਦ ਪੰਜਾਬ ਵਿੱਚ ਕੇਵਲ ਜੱਟ ਹੀ ਵੱਸਦੇ ਹਨ, ਹੋਰ ਕੋਈ ਨਹੀਂ। ਹਾਲਾਂ ਕਿ ਪੂਰੇ ਪੰਜਾਬ ਵਿਚ ਜੱਟ ਕੁੱਲ ਸਿੱਖ ਅਬਾਦੀ ਦਾ ਚੌਥਾ ਹਿੱਸਾ ਭਾਵ 15% ਤੋਂ 17% ਹੈ। ਪ੍ਰਸ਼ਨ ਹੈ ਕਿ ਕੇਵਲ ਜੱਟ ਨੂੰ ਹੀ ਕਿਉਂ ਚੁਣਿਆ ਗਿਆ? ਵੱਖ-ਵੱਖ ਚੈਨਲਾਂ ਤੋਂ ਗਾਇਕਾਂ ਦੀਆਂ ਮੁਲਾਕਾਤਾਂ ਵੇਖਣ ਸੁਣਨ ਤੋਂ ਬਾਅਦ ਇਹ ਦ੍ਰਿੜ੍ਹ ਹੁੰਦਾ ਹੈ ਕਿ ਇਹ ਸਭ ਕੁਝ ਜੇਬਾਂ ਵਿੱਚੋਂ ਪੈਸੇ ਕਢਾਉਣ ਖਾਤਰ ਜਾਣ ਬੁਝ ਕੇ ਕੀਤਾ ਜਾਂਦਾ ਹੈ ਅਤੇ ਜੱਟ ਸਹਿਜੇ ਹੀ ਇਹਨਾਂ ਦੇ ਵਿਛਾਏ ਇੰਦਰਜਾਲ

- **ਅਜੋਕੀ ਪੰਜਾਬੀ ਗਾਇਕੀ ਦੇ ਸਮਾਜ ਉੱਪਰ ਪੈ ਰਹੇ ਨੇ ਮਾਰੂ ਪ੍ਰਭਾਵ**
- **ਜੱਟ ਭਾਈਚਾਰੇ ਨੂੰ ਬੁੱਧੂ ਬਣਾ ਰਹੇ ਨੇ ਪੰਜਾਬ ਦੇ ਫੁਕਰੇ ਗਾਇਕ**
- **ਅਜੋਕੀ ਗਾਇਕੀ ਰਾਹੀਂ ਹਥਿਆਰਾਂ ਤੇ ਹਿੰਸਾ ਨੂੰ ਕੀਤਾ ਜਾ ਰਿਹਾ ਏ ਉਤਸ਼ਾਹਿਤ**




ਵਿੱਚ ਫਸ ਜਾਂਦਾ ਹੈ। ਵਿਆਹਾਂ/ਸ਼ਾਦੀਆਂ ਜਾਂ ਖ਼ੁਸ਼ੀ ਦੇ ਕਿਸੇ ਹੋਰ ਮੌਕੇ ਜਦ ਸ਼ਰਾਬ ਦੀਆਂ ਗਲਾਸੀਆਂ ਜੱਟ ਦੇ ਅੰਦਰ ਜਾਂਦੀਆਂ ਹਨ, ਤਾਂ ਉਸ ਦੀ ਦਲੇਰੀ, ਹੈਂਕੜ, ਜਾਤੀ ਅਭਿਮਾਨ ਤੇ ਸ੍ਵੈ-ਵਡਿਆਈ ਬਾਹਰ ਆਉਣ ਲੱਗਦੇ ਹਨ। ਗੀਤਾਂ ਵਿੱਚ ਆਪਣੀ ਹੋ ਰਹੀ ਪ੍ਰਸ਼ੰਸਾ ਸੁਣ ਕੇ ਉਸ ਦੇ ਪੈਰ ਧਰਤੀ ਉੱਪਰ ਨਹੀਂ ਲੱਗਦੇ ਅਤੇ ਉਹ ਕਿਸੇ ਹੋਰ ਸੁਪਨੀਲੀ ਦੁਨੀਆਂ ਵਿੱਚ ਗੁਆਚਿਆ ਫਿਰਦਾ ਹੈ। ਗਾਇਕ ਦਾ ਮਕਸਦ ਤਾਂ ਵੱਧ ਤੋਂ ਵੱਧ ਪੈਸੇ ਬਟੋਰਨਾ ਹੁੰਦਾ ਹੈ ਤੇ ਜੱਟ ਨੂੰ ਫੂਕ ਦਿੱਤਿਆਂ ਇਹ ਕੰਮ ਅਸਾਨੀ ਨਾਲ ਹੋ ਜਾਂਦਾ ਹੈ। ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਗਾਇਕ ਭਾਈਚਾਰੇ ਦਾ ਸਰਪ੍ਰਸਤ ਏਸੇ ਤਰ੍ਹਾਂ ਦਾ ਜੱਟ ਹੀ ਹੈ। ਪਰਵਾਸੀਆਂ ਦੇ ਪ੍ਰਭਾਵ ਕਰਕੇ ਗਾਉਣ ਵਜਾਉਣ ਦਾ ਇਹ ਸਿਲਸਿਲਾ ਅਜੇ ਵਿਆਹਾਂ ਤੱਕ ਹੀ ਵਧੇਰੇ ਕਰਕੇ ਸੀਮਤ ਹੈ, ਪਰ ਮੈਨੂੰ ਉਸ ਦਿਨ ਦੀ ਉਡੀਕ ਹੈ ਜਦ ਪੰਜਾਬੀ (ਖ਼ਾਸ ਕਰਕੇ ਜੱਟ) ਮੁੰਡੇ ਦੇ ਜਨਮ ਦਿਨ, ਦਸਤਾਰਬੰਦੀ, ਮੰਗਣੀ, ਤਰੱਕੀ, ਸੇਵਾਮੁਕਤੀ ਤੇ ਹੋਰ ਮੌਕਿਆਂ ਉੱਪਰ ਵੀ ਅਖਾੜੇ ਲਗਵਾਉਣ ਲੱਗ ਪੈਣਗੇ। ਇੱਕ ਪਾਸੇ ਤਾਂ ਕਿਹਾ ਜਾ ਰਿਹਾ ਹੈ ਕਿ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ, ਕਿਸਾਨ ਜੱਥੇਬੰਦੀਆਂ ਤੇ ਉਸ ਦੇ ਆਗੂ ਦੁਹਾਈ ਪਾ ਰਹੇ ਹਨ ਕਿ ਖੇਤੀ ਮੁਨਾਫ਼ੇ ਵਾਲਾ ਧੰਦਾ ਨਹੀਂ ਰਿਹਾ। ਜੱਟ ਨੂੰ ਤਰਸ, ਤੇ ਲਾਚਾਰੀ ਦੇ ਪਾਤਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਪਰ ਗਾਇਕ ਕਹਿ ਰਹੇ ਹਨ :

ਜੱਟ ਮੌਜਾਂ ਕਰਦਾ ਏ,
ਰੱਬ ਨੇ ਤੋਟ ਕੋਈ ਨਾ ਰੱਖੀ।

-

ਸਾਡੀ ਰੀਸ ਕੌਣ ਕਰ ਲਊ
ਸਾਨੂੰ ਰੱਬ ਨੇ ਬਣਾਇਆ ਸ਼ਹਿਜ਼ਾਦੇ।

ਦੋਵਾਂ ਵਿੱਚੋਂ ਸਹੀ ਵਸਤੂ ਸਥਿਤੀ ਕੀ ਹੈ? ਪਾਠਕ ਖ਼ੁਦ ਹੀ ਨਿਰਣਾ ਕਰ ਲੈਣ। ਕਹਿਣ ਦਾ ਮਤਲਬ ਇਹ ਹੈ ਕਿ ਅਜੋਕੀ ਗਾਇਕੀ ਦਾ ਪੰਜਾਬੀ ਸਮਾਜ ਉੱਪਰ ਸਭ ਤੋਂ ਵੱਧ ਮਾਰੂ ਪ੍ਰਭਾਵ ਇਹ ਪੈ ਰਿਹਾ ਹੈ ਕਿ ਇਹ ਨੰਗੇ ਚਿੱਟੇ ਦਿਨ ਠੋਕ ਵਜਾ ਕੇ ਜਾਤ-ਪਾਤ ਦਾ ਕੋਹੜ ਫੈਲਾ ਰਹੀ ਹੈ।

ਦੂਜਾ ਵੱਡਾ ਪ੍ਰਭਾਵ ਪੰਜਾਬੀ ਵਿੱਚ ਵੱਧ ਰਹੇ ਜੁਰਮਾਂ ਨੂੰ ਹੱਲਾ-ਸ਼ੇਰੀ ਦੇਣਾ ਜਾਂ ਹਿੰਸਾ ਫੈਲਾਉਣਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪੰਜਾਬ ਵਿੱਚ ਛੇਵਾਂ ਦਰਿਆ ਨਸ਼ਿਆਂ ਦਾ ਵਗ ਰਿਹਾ ਹੈ। ਜੁਰਮ ਅਤੇ ਨਸ਼ਿਆਂ ਦਾ ਜੋੜ ਮੇਲ ਬੜਾ ਪੁਰਾਣਾ ਹੈ ਅਤੇ ਅਜੋਕੀ ਗਾਇਕੀ ਇਸ ਨੂੰ ਹੋਰ ਵੀ ਪੱਕਿਆਂ ਕਰ ਰਹੀ ਹੈ। ਵੱਡੀ ਗਿਣਤੀ ਵਿੱਚ ਹਥਿਆਰਾਂ ਦੀ ਮਹਿਮਾ ਕੀਤੀ ਜਾਂਦੀ ਹੈ ਅਤੇ ਪੰਜਾਬੀਆਂ ਨੂੰ ਹਥਿਆਰਾਂ ਦਾ ਸ਼ੌਕ ਮੁੱਢ ਕਦੀਮ ਤੋਂ ਰਿਹਾ ਹੈ। ਸਾਡੇ ਮੱਧਕਾਲੀ ਪੰਜਾਬੀ ਸਾਹਿਤ ਵਿੱਚ ਹੀ ਸ਼ਸਤਰਾਂ ਦੀ ਵਡਿਆਈ ਕੀਤੀ ਗਈ ਹੈ, ਪਰ ਅੱਜ ਦੇ ਗੀਤਾਂ ਨਾਲੋਂ ਇਸ ਵਿੱਚ ਇੱਕ ਬੁਨਿਆਦੀ ਅੰਤਰ ਹੈ। ਇਹ ਅੰਤਰ ਅੰਕੁਸ਼ ਜਾਂ ਵਰਜਣਾ ਦਾ ਹੈ। ਹਥਿਆਰ ਕਿੱਥੇ ਚੁੱਕਣੇ ਹਨ? ਇਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਉਚੇਚੇ ਵਾਕ ਸਾਡੀ ਰਹਿਨੁਮਾਈ ਕਰਦੇ ਹਨ, ਜਿਨ੍ਹਾਂ ਦਾ ਸਾਰ ਤੱਤ, ਇਹ ਹੈ ਕਿ ਹਥਿਆਰ, ਗਰੀਬ ਦੀ ਰੱਖਿਆ, ਸ੍ਵੈ-ਮਾਣ ਤੇ ਹੱਕਦਾਰ ਨੂੰ ਉਸ ਦਾ ਹੱਕ ਦਿਵਾਉਣ ਵਾਸਤੇ ਹੀ ਚੁੱਕਣੇ ਵਾਜਬ ਹਨ ਕਿਸੇ ਨੂੰ ਡਰਾਉਣ ਕਰਨ ਲਈ ਨਹੀਂ। ਗੁਰਵਾਕ ਹੈ, 'ਭੈ ਕਾਹੂ ਕਉ ਦੇਤ ਹੈ, ਨਹਿ ਭੈ ਮਾਨਤ ਆਨ' ਪਰ ਅੱਜ ਹਥਿਆਰ ਪੰਜਾਬੀ ਸਮਾਜ ਆਪਣੀ ਰੱਖਿਆ ਲਈ ਘੱਟ ਤੇ ਦੂਜਿਆਂ ਨੂੰ ਡਰਾਉਣ ਧਮਕਾਉਣ ਲਈ ਵਧੇਰੇ ਲੈ ਰਿਹਾ ਹੈ। ਜੇਕਰ ਇਹ ਲਗਾਇਆ ਜਾਵੇ ਕਿ ਪਿਛਲੇ 8-10 ਸਾਲਾਂ ਦੇ ਅਰਸੇ ਵਿੱਚ ਪੰਜਾਬੀਆਂ ਨੇ ਹਥਿਆਰ ਖ਼ਰੀਦਣ ਉੱਪਰ ਕਿੰਨੀ ਰਾਸ਼ੀ ਖ਼ਰਚੀ ਹੈ, ਤਾਂ ਜੁਆਬ ਹੈਰਾਨਕੁੰਨ ਹੋਣਗੇ? ਗ਼ੈਰ ਲਾਇਸੈਂਸ਼ੁਦਾ ਹਥਿਆਰ ਤਾਂ ਕਿਸੇ ਗਿਣਤੀ ਵਿੱਚ ਹੀ ਨਹੀਂ। ਹਥਿਆਰਾਂ ਦੀ ਦੌੜ ਵਿੱਚੋਂ ਅਮਨ ਸ਼ਾਂਤੀ ਲੱਭਣੀ ਮੂਰਖਾਂ ਦੇ ਸਵਰਗ ਵਿੱਚ ਰਹਿਣ ਵਾਲੀ ਗੱਲ ਹੋਵੇਗਾ। ਇਹਨਾਂ ਗੀਤਾਂ ਵਿੱਚ ਛਵੀਆਂ, ਗੰਡਾਸੇ, ਰਫਲਾਂ ਤੇ ਦੁਨਾਲੀਆਂ ਚੱਲਦੀਆਂ ਹਨ।

ਅਜੋਕੀ ਗਾਇਕੀ ਜਿਸ ਤਰ੍ਹਾਂ ਹਥਿਆਰਾਂ ਅਤੇ ਹਿੰਸਕ ਸਰਗਰਮੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ, ਉੱਥੇ ਇਹ ਨਸ਼ਿਆਂ ਦੀ ਵਡਿਆਈ ਕਰਨੀ ਵੀ ਨਹੀਂ ਭੁੱਲਦੀ। ਸ਼ਰਾਬ ਪੰਜਾਬੀਆਂ ਲਈ ਅੱਜ-ਕੱਲ੍ਹ ਕੋਈ ਨਸ਼ਾ ਨਹੀਂ ਰਿਹਾ, ਸਗੋਂ ਇਹ ਖ਼ੁਰਾਕ ਜਾਂ ਖਾਣੇ ਦਾ ਇੱਕ ਹਿੱਸਾ ਹੀ ਬਣ ਗਈ ਹੈ। ਏਸੇ ਲਈ ਪੰਜਾਬੀਆਂ ਦੀ ਹਰ ਸਾਲ ਕਰੋੜਾਂ ਰੁਪਿਆਂ ਦੀਆਂ ਕਰੋੜਾਂ ਬੋਤਲਾਂ ਸ਼ਰਾਬ ਹਜ਼ਮ ਕਰਨ ਨਾਲ ਕੁੱਲ ਦੁਨੀਆਂ ਵਿੱਚ ਝੰਡੀ ਹੈ। ਹੈਰੋਇਨ, ਸਮੈਕ, ਕੋਕੀਨ ਅਤੇ ਹੋਰ ਕਈ ਤਰ੍ਹਾਂ ਦੇ ਰਸਾਇਣਕ ਨਸ਼ੇ ਸਭ ਤੋਂ ਪਹਿਲਾਂ ਪੰਜਾਬੀ ਹੀ ਚੱਖਦੇ ਹਨ।

ਅਗਲਾ ਮਾਰੂ ਪ੍ਰਭਾਵ ਅਸ਼ਲੀਲਤਾ ਹੈ। ਚੈਨਲਾਂ, ਇਕੱਠਾਂ ਤੇ ਅਖਾੜਿਆਂ ਵਿੱਚ ਅਜਿਹੇ ਗੀਤ ਸੁਣਨ ਨੂੰ ਮਿਲਦੇ ਹਨ, ਜਿਨ੍ਹਾਂ ਕਰਕੇ ਉਂਗਲਾਂ ਕੰਨਾਂ ਉੱਪਰ ਧਰਨ ਨੂੰ ਜੀਅ ਕਰਦਾ ਹੈ। ਰਿਸ਼ਤਿਆਂ ਦਾ ਘਾਣ ਜੋ ਅਜੋਕੀ ਗਾਇਕੀ ਕਰ ਰਹੀ ਹੈ, ਇਸ ਦਾ ਲੇਖਾ-ਜੋਖਾ ਵੀ ਕਰਨਾ ਪੈਂਦਾ ਹੈ। ਪੰਜਾਬ ਵਿੱਚ ਕਈ ਇਸਤਰੀ ਜੱਥੇਬੰਦੀਆਂ ਇਸ ਰੁਝਾਨ ਦਾ ਸੜਕਾਂ ਉੱਪਰ ਆ ਕੇ ਵਿਰੋਧ ਕਰ ਰਹੀਆਂ ਹਨ। ਪੰਜਾਬ ਸਰਕਾਰ ਪਾਸੋਂ ਕੋਈ ਠੋਸ ਸੱਭਿਆਚਾਰਕ ਨੀਤੀ ਬਣਾਉਣ ਦੀ ਮੰਗ ਵੀ ਕੀਤੀ ਜਾ ਰਹੀ ਹੈ। ਪੰਜਾਬ ਵਿੱਚ ਇੱਕ ਪਰਵਾਸੀ ਗਾਇਕ ਨੇ ਜਦੋਂ ਅਜਿਹੇ ਗੀਤ ਬੇਝਿਜਕ ਗਾਉਣੇ ਸ਼ੁਰੂ ਕੀਤੇ, ਤਾਂ ਉਸ ਗਾਇਕ ਦੇ ਖ਼ਿਲਾਫ਼ ਮੁਕੱਦਮੇ ਦਰਜ ਹੋਏ, ਅਖਬਾਰਾਂ ਵਿੱਚ ਉਸ ਵਿਰੁੱਧ ਚੰਗਾ ਭੰਡੀ ਪ੍ਰਚਾਰ ਹੋਇਆ ਅਤੇ ਉਸ ਨੂੰ ਵਾਪਸ ਜਾਣਾ ਪਿਆ। ਇੱਕ ਅਖ਼ਬਾਰੀ ਖ਼ਬਰ ਸੀ ਕਿ ਜਦ ਉਸੇ ਪਰਵਾਸੀ ਗਾਇਕ ਨੇ ਕੈਨੇਡਾ ਦੇ ਸ਼ਹਿਰਾਂ ਵਿੱਚ ਪ੍ਰੋਗਰਾਮ ਕਰਨ ਦੀ ਯੋਜਨਾ ਬਣਾਈ, ਤਾਂ ਉੱਥੋਂ ਦੇ ਕਈ ਸੰਗਠਨਾਂ ਨੇ ਅਸ਼ਲੀਲਤਾ ਭਰੀ ਉਸ ਦੀ ਗਾਇਕੀ ਦਾ ਵਿਰੋਧ ਕੀਤਾ ਅਤੇ ਬਾਈਕਾਟ ਕਰਨ ਦੇ ਮਤੇ ਪਾਸ ਕੀਤੇ।

ਅਜੋਕੀ ਗਾਇਕੀ ਨੇ ਪੰਜਾਬ ਦੇ ਧਰਮਾਂ ਨੂੰ ਕਿੰਨੀ ਵੱਡੀ ਹਾਨੀ ਪਹੁੰਚਾਈ ਹੈ? ਇਸ ਦਾ ਸੰਖੇਪ ਵਿੱਚ ਚਰਚਾ ਕਰਨਾ ਵੀ ਬਣਦਾ ਹੈ। ਧਰਮ ਹਰ ਕਿਸੇ ਦਾ ਨਿੱਜੀ ਮਾਮਲਾ ਹੈ, ਜਿਸ ਕਰਕੇ ਕਿਸੇ ਨੂੰ ਇਸ ਬਾਰੇ ਕੋਈ ਉਜਰ ਨਹੀਂ ਹੋਣਾ ਚਾਹੀਦਾ। ਸਾਨੂੰ ਵੀ ਨਹੀਂ ਪਰ ਸਾਮਾਜਿਕ ਸਥਿਤੀ ਦੇ ਵਿਸ਼ਲੇਸ਼ਣ ਜਾਂ ਪਰਖ ਲਈ ਇਸ ਦਾ ਆਪਣਾ ਮਹੱਤਵ ਹੈ। ਬਹੁਤੇ ਗਾਇਕਾਂ ਦੇ ਨਾਂਵਾਂ ਤੋਂ ਪਤਾ ਲੱਗਦਾ ਹੈ ਕਿ ਇਹ ਸਿੱਖ ਭਾਈਚਾਰੇ ਵਿੱਚੋਂ ਹਨ, ਪਰ ਸੂਰਤ ਵੇਖੋ ਤਾਂ ਸਫਾਚੱਟ। ਗੱਲ ਕੇਵਲ ਗਾਇਕਾਂ ਤੱਕ ਹੀ ਸੀਮਤ ਨਹੀਂ, ਉਹਨਾਂ ਨਾਲ ਸਾਜ਼ ਵਜਾਉਣ ਵਾਲੇ ਸਾਜ਼ਿੰਦਿਆਂ ਦਾ ਵੀ ਉਹੋ ਰੂਪ ਹੁੰਦਾ ਹੈ। ਇੱਕ-ਇੱਕ ਗਾਇਕ ਨਾਲ 10-10 ਨੱਚਣ ਵਾਲੇ ਜਾਂ ਨੱਚਣ ਵਾਲੀਆਂ ਹੁੰਦੀਆਂ ਹਨ। ਇਸ ਸਭ ਕਾਸੇ ਤੋਂ ਇੰਝ ਲੱਗਦਾ ਹੈ ਕਿ ਪੰਜਾਬੀ ਬਹਾਦਰਾਂ ਅਤੇ ਯੋਧਿਆਂ ਦੀ ਨਹੀਂ, ਨੱਚਾਰਾਂ ਦੀ ਕੌਮ ਹੈ। ਸਾਧਾਰਨ ਸ਼ਕਲ ਸੂਰਤ ਵਾਲੇ ਲੋਕ ਆਪਣੇ ਆਪ ਵਿੱਚ ਮਾਡਲ ਹੋਣ ਦਾ ਭਰਮ ਪਾਲੀ ਬੈਠੇ ਹਨ ਅਤੇ ਏਸ ਭਰਮ ਵਿੱਚ ਉਹ ਧਰਮ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਬੈਠਦੇ ਹਨ। ਸ਼ੋਅ ਬਿਜਨੈਸ ਦੇ ਨਾਂ ਉੱਪਰ ਉਹ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਨ। ਗੁਰੂ ਸਾਹਿਬਾਨ ਦੇ ਕੀਤੇ ਉਪਕਾਰ ਅਸੀਂ ਭੁਲਾਈ ਜਾ ਰਹੇ ਹਾਂ ਅਤੇ ਸ਼ੌਕ ਵਿੱਚ ਆਪਣੀ ਸ਼ਨਾਖ਼ਤ ਭੁਲਾ ਕੇ ਖ਼ੁਸ਼ ਹੋ ਰਹੇ ਹਾਂ।

ਅਜੋਕੀ ਪੰਜਾਬੀ ਗਾਇਕੀ ਦਾ ਫੈਲਾਅ ਅੱਜ ਸਿਖਰਾਂ ਉੱਪਰ ਹੈ। ਏਸੇ ਲਈ ਪੰਜਾਬ ਵਿੱਚ ਓਨੇ ਪਿੰਡ ਨਹੀਂ, ਜਿੰਨੇ ਗਾਇਕ ਬਣੀ ਬੈਠੇ ਹਨ। ਆਡੀਓ-ਵੀਡੀਓ, ਟੀ.ਵੀ. ਚੈਨਲਾਂ, ਇੰਟਰਨੈੱਟ ਅਤੇ ਸੂਚਨਾ ਤਕਨੀਕ ਦੇ ਹੋਰ ਸਾਧਨਾਂ ਨੇ ਜਿੱਥੇ ਇਸ ਫੈਲਾਅ ਵਿੱਚ ਚੋਖਾ ਵਾਧਾ ਕੀਤਾ ਹੈ, ਉੱਥੇ ਇਹ ਅੱਜਕੱਲ੍ਹ ਸ਼ਾਹਾਂ ਦੀ ਬਦੌਲਤ ਪੰਜਾਬ ਦੇ ਹਰ ਕੋਨੇ ਤੱਕ ਪਹੁੰਚ ਗਈ ਹੈ। ਹਰ ਪਿੰਡ ਵਿੱਚ ਕੋਈ ਨਾ ਕੋਈ ਕਿੱਕਰੀ ਸ਼ਾਹ, ਬੇਰ ਸ਼ਾਹ ਅਤੇ ਭੋਲੂ ਸ਼ਾਹ ਮੌਜੂਦ ਹੈ, ਜਿਨ੍ਹਾਂ ਦੀਆਂ ਕਬਰਾਂ ਉੱਪਰ ਸੱਭਿਆਚਾਰਕ ਮੇਲੇ ਲੱਗਦੇ ਹਨ। ਅਜਿਹੇ 'ਸੱਭਿਆਚਾਰਕ ਮੇਲੇ' ਵੀ ਸੱਭਿਆਚਾਰਕ ਪ੍ਰਦੂਸ਼ਣ ਫੈਲਾਉਣ ਵਿੱਚ ਆਪਣਾ ਸਰਦਾ ਬਣਦਾ ਹਿੱਸਾ ਪਾ ਰਹੇ ਹਨ।

ਸਾਰੰਸ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਜੇਕਰ ਅੱਜ ਪੰਜਾਬੀ ਸਮਾਜ ਵਿੱਚ ਨੈਤਿਕ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ, ਅਪਰਾਧ ਵਧ ਰਹੇ ਹਨ, ਹਿੰਸਾ ਅਤੇ ਅਸ਼ਲੀਲਤਾ ਫੈਲ ਰਹੀ ਹੈ, ਨਸ਼ਿਆਂ ਦਾ ਪ੍ਰਵਾਹ ਚੱਲ ਰਿਹਾ ਹੈ, ਤਾਂ ਇਸ ਵਿੱਚ ਪ੍ਰਤੱਖ/ਅਪ੍ਰਤੱਖ ਰੂਪ ਵਿੱਚ ਅਜੋਕੀ ਗਾਇਕੀ ਦਾ ਮਾਰੂ ਪ੍ਰਭਾਵ ਵੀ ਜ਼ਿੰਮੇਵਾਰ ਹੈ। ਇਹ ਕੁਝ ਅਜਿਹੇ ਮਾਰੂ ਪ੍ਰਭਾਵ ਹਨ ਜੋ ਪੰਜਾਬੀ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ।

# ਚਰਨਜੀਤ ਸਿੰਘ ਪੰਨੂ ਦੇ 'ਮਿੱਟੀ ਦੀ ਮਹਿਕ' ਪਾਕਿਸਤਾਨੀ ਸਫਰਨਾਮੇ ਦੀ ਘੁੰਡ ਚੁਕਾਈ

**ਪਟਿਆਲਾ/ਬਿਊਰੋ ਨਿਊਜ਼ :**
ਪੰਜਾਬੀ ਕਹਾਣੀ, ਕਵਿਤਾ, ਨਾਵਲ, ਨਾਟਕ, ਸਫ਼ਰਨਾਮਾ ਦੀਆਂ ਬਾਈ ਪੁਸਤਕਾਂ ਦੇ ਰਚੇਤਾ ਕੈਲੀਫੋਰਨੀਆ ਰਹਿੰਦੇ ਸਾਹਿਤਕਾਰ ਚਰਨਜੀਤ ਸਿੰਘ ਪੰਨੂ ਦਾ ਸੱਤਵਾਂ 'ਸਫ਼ਰਨਾਮਾ ਪਾਕਿਸਤਾਨ (ਮਿੱਟੀ ਦੀ ਮਹਿਕ)' ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਾਲਾਨਾ ਕਾਨਫਰੰਸ ਵਿਚ ਦੇਸ਼ ਵਿਦੇਸ਼ ਤੋਂ ਆਏ ਸੈਂਕੜੇ ਸਾਹਿਤਕਾਰਾਂ ਦੀ ਹਾਜ਼ਰੀ ਵਿਚ ਰਿਲੀਜ਼ ਕੀਤਾ ਗਿਆ। ਸੰਗਮ ਪਬਲੀਕੇਸ਼ਨ ਵੱਲੋਂ ਛਪਿਆ ਸੱਤਰ ਫ਼ੋਟੋਆਂ ਨਾਲ ਸ਼ਿੰਗਾਰਿਆ 368 ਪੰਨੇ ਦਾ ਇਹ ਵੱਡਆਕਾਰੀ ਸਫ਼ਰਨਾਮਾ ਪਾਕਿਸਤਾਨ ਵਿਚਲੀਆਂ ਧਾਰਮਿਕ, ਸਾਹਿਤਕ



ਤੇ ਇਤਿਹਾਸਕ ਸਿੱਖ ਵਿਰਾਸਤੀ ਯਾਦਗਾਰਾਂ ਦੇ ਦਰਸ਼ਨ ਕਰਾਉਂਦਾ, ਮਿੱਠੀਆਂ ਕੌੜੀਆਂ ਟਿੱਪਣੀਆਂ ਕਰਦਾ ਉਤਸੁਕ ਪਾਠਕਾਂ ਨੂੰ ਆਪਣੇ ਨਾਲ ਤੋਰੀ ਰੱਖਦਾ ਹੈ। ਬਚਿੰਤ ਕੌਰ, ਦਲੀਪ ਕੌਰ ਟਿਵਾਣਾ, ਸੁਰਿੰਦਰ ਸੀਰਤ, ਡਾ. ਮੋਹਣ ਤਿਆਗੀ, ਦਲਵੀਰ ਦਿਲ ਨਿੱਝਰ ਡਾ. ਬੀ ਐੱਸ. ਘੁੰਮਣ ਵਾਈਸ ਚਾਂਸਲਰ, ਡਾ. ਬਲਕਾਰ ਸਿੰਘ, ਡਾ. ਭੀਮਿੰਦਰ ਸਿੰਘ ਨੇ ਇਸ ਨੂੰ ਰਿਲੀਜ਼ ਕਰਨ ਦੀ ਰਸਮ ਨਿਭਾਈ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਸਾਬਕਾ ਪ੍ਰਧਾਨ ਦਲਵੀਰ ਦਿਲ ਨਿੱਝਰ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਲੇਖਕ ਦੀ ਨੁਮਾਇੰਦਗੀ ਕਰਕੇ ਉਸ ਦੀ ਗ਼ੈਰਹਾਜ਼ਰੀ ਦਾ ਖੱਪਾ ਪੂਰਿਆ।

ਡਾ. ਭੀਮਿੰਦਰ ਸਿੰਘ ਅਨੁਸਾਰ ਚਰਨਜੀਤ ਪੰਨੂ ਦੀ ਪਾਕਿਸਤਾਨ ਫੇਰੀ ਦਾ ਇਹ ਨਿਵੇਕਲਾ ਚਿਤਰਨ ਨੀਝ ਤੇ ਰੀਝ ਨਾਲ ਪੜ੍ਹਨ ਤੇ ਗੌਲਣਯੋਗ ਹੈ। ਇਸ ਵਿਚ ਸੰਨ 1947 ਦੀ ਭਾਰਤ-ਪਾਕ ਵੰਡ ਦੌਰਾਨ ਹੋਏ ਜਾਨੀ ਤੇ ਮਾਲੀ ਨੁਕਸਾਨ ਦੇ ਵੇਰਵਿਆਂ ਤੇ ਹੇਰਵਿਆਂ ਨੂੰ ਬਹੁਤ ਹੀ ਕਰੁਣਾਮਈ ਢੰਗ ਨਾਲ ਸਿਰਜਿਆ ਗਿਆ ਹੈ। ਇਹ ਸਫ਼ਰਨਾਮਾ ਪੱਛਮੀ ਪੰਜਾਬ ਵਿਚਲੇ ਇਤਿਹਾਸਕ, ਮਿਥਿਹਾਸਿਕ, ਸਭਿਆਚਾਰਕ, ਧਾਰਮਿਕ ਥਾਵਾਂ, ਤੀਰਥਾਂ, ਵਿਚਾਰਾਂ, ਭਾਵਾਂ, ਸੰਕਲਪਾਂ ਤੇ ਸਿਧਾਂਤਾਂ ਦੀ ਨਿਸ਼ਾਨਦੇਹੀ ਕਰਨ ਦੇ ਨਾਲ ਲੇਖਕ ਦੀ ਜੰਮਣ ਭੋਇ ਨਾਲ ਜੁੜੀ ਭਾਵੁਕ ਸਾਂਝ ਦੇ ਦਰਸ਼ਨ ਵੀ ਕਰਵਾਉਂਦਾ ਹੈ। ਡਾ. ਚਰਨਜੀਤ ਸਿੰਘ ਗੁਮਟਾਲਾ ਅਨੁਸਾਰ ਆਪਣੇ ਸਫ਼ਰ ਦਾ ਪੂਰਾ ਲਾਹਾ ਲੈਣ ਲਈ ਪਾਕਿਸਤਾਨ ਜਾਣ ਵਾਲੇ ਹਰੇਕ ਯਾਤਰੀ ਨੂੰ ਇਹ ਹਵਾਲਾ ਪੁਸਤਕ ਗਾਈਡ ਵਜੋਂ ਪੜ੍ਹਨੀ ਚਾਹੀਦੀ ਹੈ। ਡਾ. ਜੋਗਿੰਦਰ ਕੈਰੋਂ ਅਨੁਸਾਰ, 'ਇਸ ਲੇਖਣੀ ਵਿਚੋਂ ਪਾਠਕ ਨੂੰ ਘਰ ਬੈਠੇ ਹੀ ਸਮੁੱਚੇ ਪਾਕਿਸਤਾਨ ਦੇ ਦਰਸ ਦੀਦਾਰ ਹੁੰਦੇ ਹਨ। ਲੇਖਕ ਨੇ ਪਾਕਿਸਤਾਨ ਤੇ ਭਾਰਤ ਵਿਚਲੇ

ਬਾਕੀ ਸਫ਼ਾ 29 'ਤੇ

# ਪਲਾਸਟਿਕ ਦਾ ਕਹਿਰ

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
ਫੋਨ ਨੰ: 0175-2216783

**ਇਨ੍ਹਾਂ ਤੱਥਾਂ ਵੱਲ ਧਿਆਨ ਕਰੀਏ :-**

1. ਪੂਰੀ ਦੁਨੀਆ ਵਿਚ ਹਰ ਮਿੰਟ ਵਿਚ 10 ਲੱਖ ਪਲਾਸਟਿਕ ਦੀਆਂ ਬੋਤਲਾਂ ਖ਼ਰੀਦੀਆਂ ਜਾ ਰਹੀਆਂ ਹਨ।
2. ਪੂਰੀ ਦੁਨੀਆ ਵਿਚ ਬਣ ਰਹੇ ਤੇ ਵਿਕ ਰਹੇ ਪਲਾਸਟਿਕ ਵਿੱਚੋਂ ਲਗਭਗ ਅੱਧੇ ਤੋਂ ਰਤਾ ਕੁ ਵੱਧ ਇਕ ਵਾਰ ਵਰਤ ਕੇ ਸੁੱਟਣ ਵਾਲਾ ਹੁੰਦਾ ਹੈ।
3. ਇਕੱਲੇ ਭਾਰਤ ਵਿਚ ਲਗਭਗ 4000 ਕਰੋੜ ਪਾਣੀ ਕੋਕ ਜਾਂ ਜੂਸ ਪੀਣ ਵਾਲੇ ਸਟਰਾਅ ਹਰ ਸਾਲ ਵਰਤੇ ਜਾਂਦੇ ਹਨ।
4. ਦੁਨੀਆ ਭਰ ਵਿਚ ਹਰ ਮਿੰਟ ਵਿਚ 10 ਲੱਖ ਤੋਂ ਵੱਧ ਪਲਾਸਟਿਕ ਦੇ ਲਿਫ਼ਾਫੇ ਵਿਕ ਰਹੇ ਹਨ।
5. ਲਗਭਗ 80 ਫੀਸਦੀ ਤੋਂ ਵੱਧ ਟੂਟੀਆਂ ਵਿਚ ਆਉਂਦੇ ਪਾਣੀ ਵਿਚ ਵੀ ਮਾਈਕਰੋਪਲਾਸਟਿਕ ਲੱਭਿਆ ਗਿਆ ਹੈ। ਭਾਰਤ ਇਸ ਲਿਸਟ ਵਿਚ ਤੀਜੇ ਨੰਬਰ ਉੱਤੇ ਹੈ। ਇਸ ਨੂੰ ਕੈਂਸਰ ਤੇ ਮੋਟਾਪੇ ਦਾ ਇਕ ਕਾਰਣ ਮੰਨ ਲਿਆ ਗਿਆ ਹੈ।
6. ਲਗਭਗ 380 ਮਿਲੀਅਨ ਟਨ ਪਲਾਸਟਿਕ ਹਰ ਸਾਲ ਪੂਰੀ ਦੁਨੀਆ ਵਿਚ ਬਣਾਇਆ ਜਾ ਰਿਹਾ ਹੈ।
7. ਪੂਰੀ ਦੁਨੀਆ ਵਿਚ ਸੰਨ 1950 ਤੋਂ 2018 ਤੱਕ 6.3 ਬਿਲੀਅਨ ਟਨ ਪਲਾਸਟਿਕ ਬਣਾਇਆ ਜਾ ਚੁੱਕਿਆ ਹੈ ਜਿਸ ਵਿੱਚੋਂ 9 ਫੀਸਦੀ ਦੁਬਾਰਾ ਵਰਤਿਆ ਜਾ ਰਿਹਾ ਹੈ ਤੇ 12 ਫੀਸਦੀ ਨੂੰ ਅੱਗ ਲਾ ਦਿੱਤੀ ਜਾਂਦੀ ਹੈ।
8. ਇਕੱਲੇ ਇੰਗਲੈਂਡ ਵਿਚ 5 ਮਿਲੀਅਨ ਟਨ ਪਲਾਸਟਿਕ ਹਰ ਸਾਲ ਵਰਤਿਆ ਜਾਂਦਾ ਹੈ ਜਿਸ ਵਿੱਚੋਂ ਇਕ ਚੌਥਾਈ ਦੁਬਾਰਾ ਵਰਤਿਆ ਜਾਂਦਾ ਹੈ ਤੇ ਬਾਕੀ ਦੇ ਨਾਲ ਧਰਤੀ ਵਿਚਲੀ ਡੂੰਘੀ ਥਾਂ ਭਰ ਦਿੱਤੀ ਜਾਂਦੀ ਹੈ।
9. ਸਮੁੰਦਰੀ ਜੀਵਾਂ ਵਿੱਚੋਂ 90 ਫੀਸਦੀ ਦੇ ਨੇੜੇ ਤੇੜੇ ਦੇ ਸਰੀਰਾਂ ਵਿਚ ਪਲਾਸਟਿਕ ਦੇ ਅੰਸ਼ ਲੱਭ ਚੁੱਕੇ ਹਨ।
10. ਬੰਗਲਾਦੇਸ਼ ਵਿਚ ਹੋਈ ਖੋਜ ਰਾਹੀਂ ਸਾਬਤ ਹੋਇਆ ਹੈ ਕਿ ਪਲਾਸਟਿਕ ਵਿਚ ਬਿਸਫਿਨੋਲ ਏ, ਐਂਟੀਮਿਨੀ ਟਰਾਈਓਕਸਾਈਡ, ਬਰੋਮੀਨੇਟਿਡ ਫਲੇਮ ਰਿਟਾਰਡੈਂਟ, ਪੌਲੀ ਫਲੋਰੀਨੇਟਿਡ ਕੈਮੀਕਲ ਤੱਤ, ਆਦਿ ਜੋ ਅੱਖਾਂ ਵਿਚ ਰੜਕ, ਨਜ਼ਰ ਦਾ ਘਟਣਾ, ਸਾਹ ਦੀਆਂ ਤਕਲੀਫ਼ਾਂ, ਜਿਗਰ ਵਿਚ ਨੁਕਸ, ਕੈਂਸਰ, ਚਮੜੀ ਦੇ ਰੋਗ, ਸਿਰ ਪੀੜ, ਚੱਕਰ, ਜਮਾਂਦਰੂ ਨੁਕਸ, ਸ਼ੁਕਰਾਣੂਆਂ ਵਿਚ ਕਮੀ, ਦਿਲ ਦੇ ਰੋਗ, ਜੀਨ ਵਿਚ ਨੁਕਸ, ਅੰਤੜੀਆਂ ਵਿਚ ਨੁਕਸ, ਆਦਿ ਕਰ ਸਕਦੇ ਹਨ।
11. ਸਾਬਤ ਹੋ ਚੁੱਕਿਆ ਹੈ ਕਿ ਇਕ ਛੋਟਾ ਪਲਾਸਟਿਕ ਦਾ ਕੱਪ 50 ਸਾਲਾਂ ਵਿਚ ਗਲਦਾ ਹੈ, ਇਕ ਪਲਾਸਟਿਕ ਦੀ ਠੰਡੇ ਦੀ ਬੋਤਲ ਨੂੰ 400 ਸਾਲ ਲੱਗਦੇ ਹਨ ਤੇ ਪਲਾਸਟਿਕ ਦੇ ਇਕ ਵਾਰ ਵਰਤੇ ਜਾਣ ਵਾਲੇ ਬੱਚੇ ਦੇ ਨੈਪੀ 450 ਸਾਲਾਂ ਵਿਚ ਖੁਰਦੇ ਹਨ ਜਦਕਿ ਮੱਛੀ ਫੜਨ ਵਾਲੀ ਪਲਾਸਟਿਕ ਦੀ ਤਾਰ ਨੂੰ ਮਿੱਟੀ ਵਿਚ ਘੁਲ ਕੇ ਖ਼ਤਮ ਹੋਣ ਵਿਚ 600 ਸਾਲ ਲੱਗ ਜਾਂਦੇ ਹਨ।
12. ਧਰਤੀ ਵਿਚ ਰਲਦੇ ਪਲਾਸਟਿਕ ਵਿੱਚੋਂ ਨਿਕਲੇ ਕੈਮੀਕਲ ਧਰਤੀ ਹੇਠਲੇ ਪਾਣੀ ਵਿਚ ਪਹੁੰਚ ਕੇ ਉਸ ਨੂੰ ਹਾਣੀਕਾਰਕ ਬਣਾ ਦਿੰਦੇ ਹਨ ਜੋ ਕਿਸੇ ਇਕ ਮੁਲਕ ਵਿਚਲੀ ਸੀਮਾ ਤੱਕ ਸੀਮਤ ਨਾ ਰਹਿ ਕੇ ਪੂਰੀ ਧਰਤੀ ਉੱਤੇ ਵੱਸਦੇ ਹਰ ਜੀਵ ਨੂੰ ਸ਼ਿਕਾਰ ਬਣਾ ਸਕਦੇ ਹਨ।
13. ਮਿੱਟੀ ਵਿਚ ਪਲਾਸਟਿਕ ਨੂੰ ਖੋਰਨ ਲਈ ਸੂਡੋਮੋਨਾਜ਼ ਕੀਟਾਣੂ, ਫਲੇਵੋਬੈਕਟੀਰੀਆ, ਨਾਈਲੋਨੇਜ਼ ਕੱਢਦੇ ਕੀਟਾਣੂ, ਆਦਿ ਇਸ ਦੀ ਤੋੜ ਭੰਨ ਕਰਦਿਆਂ ਮੀਥੇਨ ਗੈਸ ਬਣਾ ਦਿੰਦੇ ਹਨ, ਜੋ ਪੂਰੇ ਵਾਤਾਵਰਣ ਨੂੰ ਗੰਧਲਾ ਕਰ ਸਕਦੀ ਹੈ।
14. ਸੰਨ 2012 ਵਿਚ 165 ਮਿਲੀਅਨ ਟਨ ਪਲਾਸਟਿਕ ਦੁਨੀਆ ਭਰ ਦੇ ਸਮੁੰਦਰਾਂ ਵਿਚ ਫੈਲ ਚੁੱਕਿਆ ਸੀ। ਪਲਾਸਟਿਕ ਦੀ ਇਕ ਕਿਸਮ 'ਨਰਡਲ' ਜੋ ਨਿੱਕੇ ਪਲਾਸਟਿਕ ਦੇ ਟੋਟਿਆਂ ਦੀ ਸ਼ਕਲ ਵਿਚ ਸਮੁੰਦਰੀ ਜਹਾਜ਼ਾਂ ਰਾਹੀਂ ਵੱਖ-ਵੱਖ ਮੁਲਕਾਂ ਵਿਚ ਪਹੁੰਚਦੀ ਹੈ, ਦੇ ਕਈ ਬਿਲੀਅਨ ਟੋਟੇ ਸਮੁੰਦਰ ਵਿਚ ਡਿੱਗ ਚੁੱਕੇ ਹਨ। ਇਹ ਟੋਟੇ ਸਾਲ ਕੁ ਦੇ ਵਿਚ ਗਲ ਜਾਂਦੇ ਹਨ ਤੇ ਇਸ ਵਿੱਚੋਂ ਪੌਲੀਸਟਾਈਰੀਨ ਤੇ ਬਿਸਫਿਰੋਲ ਏ ਸਮੁੰਦਰੀ ਪਾਣੀ ਵਿਚ ਘੁਲ ਜਾਂਦੇ ਹਨ।
15. ਤਾਜ਼ਾ ਖੋਜ ਅਨੁਸਾਰ ਪੰਜ ਟਰੀਲੀਅਨ ਪਲਾਸਟਿਕ ਦੇ ਛੋਟੇ ਵੱਡੇ ਟੋਟੇ, ਡੱਬੇ, ਬੋਤਲਾਂ, ਲਿਫਾਫੇ ਇਸ ਸਮੇਂ ਸਮੁੰਦਰ ਉੱਤੇ ਤੈਰ ਰਹੇ ਹਨ ਜਿਸ ਨਾਲ ਡਾਈਈਥਾਈਲ ਹੈਕਸਾਈਲ ਥੈਲੇਟ, ਸਿੱਕੇ, ਕੈਡਮੀਅਮ ਤੇ ਪਾਰੇ ਦੀ ਮਾਤਰਾ ਵਿਚ ਭਾਰੀ ਵਾਧਾ ਹੋ ਗਿਆ ਹੈ ਤੇ ਸਮਝਿਆ ਜਾ ਰਿਹਾ ਹੈ ਕਿ ਇਨ੍ਹਾਂ ਸਦਕਾ ਕੈਂਸਰ ਦੇ ਮਰੀਜ਼ਾਂ ਵਿਚ ਲਗਭਗ 38 ਫੀਸਦੀ ਵਾਧਾ ਹੋ ਚੁੱਕਿਆ ਹੈ।
16. ਪਲੈਂਕਟਨ, ਮੱਛੀ ਤੇ ਮਨੁੱਖ ਕਿਸੇ ਨਾ ਕਿਸੇ ਤਰੀਕੇ ਭਾਵੇਂ ਸਬਜ਼ੀਆਂ ਰਾਹੀਂ (ਧਰਤੀ ਵਿੱਚੋਂ), ਸਮੁੰਦਰੀ ਜੀਵਾਂ ਰਾਹੀਂ ਜਾਂ ਪਾਣੀ ਰਾਹੀਂ ਇਹ ਹਾਣੀਕਾਰਕ ਤੱਤ ਆਪਣੇ ਅੰਦਰ ਲੰਘਾ ਰਹੇ ਹਨ ਜੋ ਛੇਤੀ ਤੇ ਦਰਦਨਾਕ ਮੌਤ ਦਾ ਕਾਰਨ ਬਣ ਚੁੱਕੇ ਹਨ।
17. ਅਮਰੀਕਾ ਦੇ ਆਲੇ ਦੁਆਲੇ ਦੇ ਸਮੁੰਦਰ ਵਿਚ, ਖ਼ਾਸ ਕਰ 'ਹਵਾਈ' ਲਾਗੇ ਪਲਾਸਟਿਕ ਦੇ ਢੇਰ ਨੂੰ 'ਗਰੇਟ ਗਾਰਬੇਜ ਪੈਚ' ਦਾ ਨਾਂ ਦੇ ਦਿੱਤਾ ਗਿਆ ਹੈ। ਇਨ੍ਹਾਂ ਵਿਚ ਮੱਛੀਆਂ ਫੜਨ ਵਾਲੇ ਜਾਲ ਤੇ ਕੁੰਡੀਆਂ ਦੀ ਵੀ ਭਰਮਾਰ ਹੈ ਜੋ ਸਮੁੰਦਰੀ ਜੀਵਾਂ ਨੂੰ ਸਾਹ ਘੁੱਟ ਕੇ ਮਰਨ ਉੱਤੇ ਮਜਬੂਰ ਕਰ ਸਕਦੀ ਹੈ। ਇਸੇ ਲਈ ਸੰਨ 2013 ਵਿਚ ਦੋ ਲੱਖ 60,000 ਟਨ ਪਲਾਸਟਿਕ ਦੇ ਗੰਦ ਦੇ ਢੇਰ ਨੂੰ ਵੇਖਦਿਆਂ ਪਲਾਸਟਿਕ ਦੀ ਘੱਟ ਵਰਤੋਂ ਉੱਤੇ ਜ਼ੋਰ ਪਾਇਆ ਗਿਆ।
18. ਧਰਤੀ ਉੱਤੇ ਸੁੱਟਿਆ ਜਾ ਰਿਹਾ ਪਲਾਸਟਿਕ ਵੀ ਟਨਾਂ ਦੇ ਹਿਸਾਬ ਨਾਲ ਧਰਤੀ ਨੂੰ ਜ਼ਹਿਰੀਲੀ ਬਣਾ ਰਿਹਾ ਹੈ। ਸੰਨ 2015 ਵਿਚ ਖੋਜ ਰਾਹੀਂ ਤੱਥ ਸਾਹਮਣੇ ਆਏ ਕਿ 275 ਮਿਲੀਅਨ ਟਨ ਪਲਾਸਟਿਕ ਵਰਤ ਕੇ ਸੁੱਟਿਆ ਗਿਆ ਜੋ ਸਮੁੰਦਰ ਲਾਗਲੇ 192 ਮੁਲਕਾਂ ਵਿਚਲੀ ਗੰਦਗੀ ਸੀ। 'ਸਾਇੰਸ' ਰਸਾਲੇ ਵਿਚ ਛਪੀ ਖੋਜ ਅਨੁਸਾਰ ਸੰਨ 2015 ਵਿਚ 10 ਮੁਲਕਾਂ ਵੱਲੋਂ ਸਭ ਤੋਂ ਵੱਧ ਪਲਾਸਟਿਕ ਧਰਤੀ ਉੱਤੇ ਸੁੱਟਿਆ ਗਿਆ ਜੋ ਸਮੁੰਦਰ ਵਿਚ ਪਹੁੰਚਿਆ। ਇਹ ਮੁਲਕ ਸਨ- ਚੀਨ, ਇੰਡੋਨੇਸ਼ੀਆ, ਫਿਲੀਪੀਨ, ਵਿਅਤਨਾਮ, ਸ੍ਰੀ ਲੰਕਾ, ਥਾਈਲੈਂਡ, ਈਜਿਪਟ, ਮਲੇਸ਼ੀਆ, ਨਾਈਜੀਰੀਆ ਤੇ ਬੰਗਲਾਦੇਸ਼।

ਧਰਤੀ ਉੱਪਰਲਾ ਪਲਾਸਟਿਕ, ਗਾਵਾਂ, ਕੁੱਤਿਆਂ, ਆਦਿ ਦੇ ਢਿੱਡ ਅੰਦਰ ਫਸ ਕੇ ਉਨ੍ਹਾਂ ਦੀ ਮੌਤ ਦਾ ਕਾਰਨ ਬਣਦਾ ਜਾ ਰਿਹਾ ਹੈ।

ਜਾਪਾਨ, ਹਵਾਈ ਤੇ ਕੈਲੀਫੋਰਨੀਆ ਪਲਾਸਟਿਕ ਸਦਕਾ ਹੁੰਦੇ ਕੈਂਸਰ ਨਾਲ ਜੂਝ ਰਹੇ ਹਨ। ਇਨ੍ਹਾਂ ਦੇ ਨੇੜੇ ਦੇ ਸਮੁੰਦਰ ਵਿਚ 100 ਮਿਲੀਅਨ ਟਨ ਪਲਾਸਟਿਕ ਇਕੱਠਾ ਹੋਇਆ ਪਿਆ ਹੈ ਜੋ 100 ਫੁੱਟ ਡੂੰਘਾ ਪਹੁੰਚ ਚੁੱਕਿਆ ਹੋਇਆ ਹੈ।
19. ਹੈਂਡਰਸਨ ਟਾਪੂ ਦੇ ਦੁਆਲੇ 17.6 ਮਿਲੀਅਨ ਟਨ ਪਲਾਸਟਿਕ ਲੱਭਿਆ ਗਿਆ ਤੇ ਇਸ ਵਿਚ 37.7 ਮਿਲੀਅਨ ਵੱਖੋ-ਵੱਖਰੇ ਪਲਾਸਟਿਕ ਦੇ ਟੋਟੇ, ਤਾਰਾਂ, ਜਾਲ, ਲਿਫਾਫੇ, ਬੋਤਲਾਂ ਆਦਿ ਲੱਭੇ।

ਦਸ ਮੀਟਰ ਤੱਕ ਫੈਲੇ ਇਸ ਵਿਸ਼ਾਲ ਗੰਦ ਦੇ ਢੇਰ ਵਿੱਚੋਂ ਸੱਤੋਂਬੀਟਾ ਜਾਮਨੀ ਕੇਕੜੇ ਲੁਕੇ ਹੋਏ ਲੱਭੇ।
20. ਸੰਨ 2017 ਵਿਚ ਦੁਨੀਆ ਭਰ ਦੀਆਂ ਟੂਟੀਆਂ ਵਿੱਚੋਂ ਪਾਣੀ ਇਕੱਠਾ ਕਰ ਕੇ ਟੈਸਟ ਕਰਨ ਬਾਅਦ ਪਤਾ ਲੱਗਿਆ ਕਿ 83 ਫੀਸਦੀ ਸੈਂਪਲਾਂ ਵਿਚ ਪਲਾਸਟਿਕ ਦੇ ਅੰਸ਼ ਹਨ। ਅਮਰੀਕਾ ਦੇ 94 ਫੀਸਦੀ ਪੀਣ ਵਾਲੇ ਪਾਣੀ ਦੇ ਸੈਂਪਲਾਂ ਵਿਚ ਪਲਾਸਟਿਕ ਲੱਭਿਆ ਜਦਕਿ ਦੂਜੇ ਨੰਬਰ ਉੱਤੇ ਲੈਬਨਾਨ ਤੇ ਤੀਜੇ ਉੱਤੇ ਭਾਰਤ ਸੀ। ਉਸ ਤੋਂ ਅੱਗੇ ਯੂਰਪ, ਜਿਸ ਵਿਚ ਜਰਮਨੀ, ਇੰਗਲੈਂਡ ਤੇ ਫਰਾਂਸ ਵਿਚ 72 ਫੀਸਦੀ ਟੂਟੀਆਂ ਵਿਚ ਪਲਾਸਟਿਕ ਦੇ ਅੰਸ਼ ਲੱਭੇ।

ਇਸ ਦਾ ਮਤਲਬ ਸਪਸ਼ਟ ਹੈ ਕਿ ਲੋਕ ਲਗਭਗ 3000 ਤੋਂ 4000 ਪਲਾਸਟਿਕ ਦੇ ਮਹੀਨ ਅੰਸ਼ ਹਰ ਸਾਲ ਪਾਣੀ ਰਾਹੀਂ ਆਪਣੇ ਅੰਦਰ ਲੰਘਾ ਰਹੇ ਹਨ।
21. ਪਲਾਸਟਿਕ ਸਮੁੰਦਰੀ ਜੀਵਾਂ ਦੇ ਢਿੱਡ ਅੰਦਰ ਜਾ ਕੇ ਜੰਮ ਜਾਂਦਾ ਹੈ ਤੇ ਉਨ੍ਹਾਂ ਨੂੰ ਮਾਰ ਦਿੰਦਾ ਹੈ। ਅਨੇਕ ਮੱਛੀਆਂ, ਕੱਛੂ ਤੇ ਚਿੜੀਆਂ ਭੁੱਖ ਨਾਲ ਮਰ ਚੁੱਕੀਆਂ ਹਨ ਕਿਉਂਕਿ ਢਿੱਡ ਅੰਦਰ ਫਸਿਆ ਪਲਾਸਟਿਕ ਉਨ੍ਹਾਂ ਨੂੰ ਕੁੱਝ ਖਾਣ ਜੋਗਾ ਛੱਡਦਾ ਹੀ ਨਹੀਂ।

ਅਜਿਹੇ ਲਗਭਗ 4 ਲੱਖ ਸਮੁੰਦਰੀ ਜੀਵ ਹਰ ਸਾਲ ਸਿਰਫ਼ ਪਲਾਸਟਿਕ ਲੰਘਾਉਣ ਸਦਕਾ ਮਰ ਰਹੇ ਹਨ।

ਵਹੇਲ ਮੱਛੀਆਂ ਵੀ ਸਿਰਫ਼ ਪਲਾਸਟਿਕ ਲੰਘਾਉਣ ਸਦਕਾ ਬੜੀ ਦਰਦਨਾਕ ਮੌਤ ਮਰ ਰਹੀਆਂ ਹਨ।

ਮੌਜੂਦਾ ਖੋਜ ਰਾਹੀਂ ਪਤਾ ਲੱਗਿਆ ਹੈ ਕਿ ਕਈ ਥਾਵਾਂ ਵਿਚ 200 ਤੋਂ 1000 ਮੀਟਰ ਤੱਕ ਸਮੁੰਦਰ ਤਲ ਤੱਕ ਪਹੁੰਚੇ ਇਸ ਪਲਾਸਟਿਕ ਨੇ ਉੱਥੇ ਹਨ੍ਹੇਰੇ ਵਿਚ ਤੇ ਡੂੰਘਾਈ ਵਿਚ ਰਹਿੰਦੀਆਂ ਬਰੀਕ ਮੱਛੀਆਂ ਨੂੰ ਵੀ ਨਹੀਂ ਛੱਡਿਆ ਜਿਨ੍ਹਾਂ ਨੇ ਇਹ ਪਲਾਸਟਿਕ ਆਪਣੇ ਅੰਦਰ ਲੰਘਾਇਆ ਹੋਇਆ ਹੈ।



ਸਮੁੰਦਰਾਂ ਉੱਤੇ ਖੋਜ ਕਰਨ ਵਾਲਿਆਂ ਨੇ ਤੱਥਾਂ ਦੇ ਆਧਾਰ ਉੱਤੇ ਮੱਛੀਆਂ ਦੇ ਢਿੱਡਾਂ 'ਚੋਂ ਕੱਢੇ ਪਲਾਸਟਿਕ ਤੇ ਸਮੁੰਦਰ ਦੀ ਡੂੰਘਾਈ 'ਚੋਂ ਕੱਢੇ ਪਲਾਸਟਿਕ ਦੇ ਹਿਸਾਬ ਨਾਲ ਦੱਸਿਆ ਹੈ ਕਿ 12000 ਤੋਂ 24000 ਟਨ ਪਲਾਸਟਿਕ ਹਰ ਸਾਲ ਸਮੁੰਦਰੀ ਜੀਵ, ਖ਼ਾਸ ਕਰ ਮੱਛੀਆਂ ਆਪਣੇ ਸਰੀਰਾਂ ਅੰਦਰ ਲੰਘਾਈ ਜਾ ਰਹੀਆਂ ਹਨ ਜੋ ਅੱਗੋਂ ਮਨੁੱਖੀ ਖ਼ੁਰਾਕ ਦਾ ਹਿੱਸਾ ਬਣਦੇ ਹਨ।
22. ਸਮੁੰਦਰ ਲਾਗੇ ਰਹਿੰਦੇ ਪੰਛੀ ਵੀ ਇਸ ਦੇ ਅਸਰ ਤੋਂ ਬਚੇ ਨਹੀਂ।

ਸੰਨ 2004 ਵਿਚ ਵੱਡੇ ਪੰਛੀਆਂ ਦੇ ਢਿੱਡਾਂ ਵਿੱਚੋਂ ਔਸਤਨ 30 ਪਲਾਸਟਿਕ ਦੇ ਲਿਫਾਫੇ ਅਤੇ ਹੋਰ ਟੋਟਿਆਂ ਦੇ ਹਿੱਸੇ ਲੱਭੇ ਜਿਸ ਸਦਕਾ ਉਹ ਮੌਤ ਦੇ ਮੂੰਹ ਵਿਚ ਚਲੇ ਗਏ। ਉਨ੍ਹਾਂ ਦੇ ਨਿੱਕੇ ਬੱਚੇ ਜੋ ਉਲਟੀ ਕਰ ਹੀ ਨਹੀਂ ਸਕਦੇ ਵੀ ਅਣਚਾਹੇ ਇਹ ਪਲਾਸਟਿਕ ਅੰਦਰ ਲੰਘਾ ਕੇ ਮਰ ਗਏ। ਇਨ੍ਹਾਂ ਵਿੱਚੋਂ ਅਨੇਕ ਕਿਸਮਾਂ ਲਗਭਗ ਲੋਪ ਹੋਣ ਦੇ ਨੇੜੇ ਪਹੁੰਚ ਗਈਆਂ ਹਨ। ਜੀਨ ਤੇ ਹਾਰਮੋਨਾਂ ਉੱਤੇ ਅਸਰ ਪੈਣ ਸਦਕਾ ਮੱਛੀਆਂ ਤੇ ਪੰਛੀਆਂ ਦੀਆਂ ਪੂਛਾਂ, ਬੱਚੇ ਜੰਮਣ ਦੀ ਸਮਰਥਾ, ਲੰਬਾਈ, ਉਚਾਈ ਆਦਿ ਉੱਤੇ ਸਦੀਵੀ ਅਸਰ ਪੈ ਚੁੱਕਿਆ ਹੈ।
23. ਪਲਾਸਟਿਕ ਦੇ ਅਸਰ ਹੇਠ ਆਈਆਂ ਸਬਜ਼ੀਆਂ, ਪਾਣੀ ਜਾਂ ਮਾਸ ਮੱਛੀ ਖਾਣ ਵਾਲੇ ਮਨੁੱਖਾਂ ਉੱਤੇ ਪਲਾਸਟਿਕ ਦੇ ਅਸਰ ਜੋ ਦਿਸ ਰਹੇ ਹਨ, ਉਹ ਹਨ-ਹਾਰਮੋਨਾਂ ਵਿਚ ਗੜਬੜੀ, ਕੈਂਸਰ, ਚਮੜੀ ਦੇ ਰੋਗ, ਐਲਰਜੀ, ਦਮਾ ਅਤੇ ਗੁਰਦੇ ਉੱਤੇ ਅਸਰ।

ਇਸ ਸਮੇਂ ਅਮਰੀਕਾ ਦੇ 95 ਫੀਸਦੀ ਬਾਲਗਾਂ ਦੇ ਪਿਸ਼ਾਬ ਵਿਚ 'ਬੀ.ਪੀ.ਏ.' ਲੱਭਿਆ ਜਾ ਚੁੱਕਿਆ ਹੈ ਜੋ ਸਪਸ਼ਟ ਕਰਦਾ ਹੈ ਕਿ ਉਨ੍ਹਾਂ ਦਾ ਸਰੀਰ ਪਲਾਸਟਿਕ ਦੇ ਮਾੜੇ ਅਸਰਾਂ ਹੇਠ ਆ ਚੁੱਕਿਆ ਹੈ। ਬੀ.ਪੀ.ਏ. ਬੱਚੇ ਜੰਮਣ ਦੀ ਸਮਰਥਾ ਬਹੁਤ ਘਟਾ ਦਿੰਦਾ ਹੈ, ਲੰਬਾਈ ਘੱਟ ਕਰ ਦਿੰਦਾ ਹੈ ਤੇ ਹੋਰ ਵੀ ਅਨੇਕ ਪਹਿਲਾਂ ਦੱਸੇ ਜਾ ਚੁੱਕੇ ਮਾੜੇ ਅਸਰ ਵਿਖਾਉਂਦਾ ਹੈ, ਜਿਨ੍ਹਾਂ ਵਿੱਚੋਂ ਥਾਇਰਾਇਡ ਹਾਰਮੋਨਾਂ ਦੀ ਕਮੀ ਤੇ ਸੈਕਸ ਹਾਰਮੋਨਾਂ ਦੀ ਕਮੀ ਬਹੁਤ ਜ਼ਿਆਦਾ ਵੇਖਣ ਵਿਚ ਆ ਰਹੀ ਹੈ।
24. ਚਾਹ ਦੀਆਂ ਥੈਲੀਆਂ ਤੇ ਟੀ-ਬੈਗਜ਼ : ਕਿਸੇ ਵਿਰਲੇ ਹੀ ਮੁਲਕ ਵਿਚ ਚਾਹ ਦੀ ਵਰਤੋਂ ਨਹੀਂ ਹੁੰਦੀ ਹੋਵੇਗੀ। ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਚਾਹ ਅੱਜ ਕੱਲ ਟੀ-ਬੈਗਜ਼ ਵਿਚ ਮਿਲਣ ਲੱਗ ਪਈ ਹੈ। ਵੱਡੇ ਅਹੁਦੇ ਵਾਲੇ ਇਸ ਤਰ੍ਹਾਂ ਦੀ ਚਾਹ ਪੀਣ ਨੂੰ ਉੱਚਾ ਰੁਤਬਾ ਮੰਨਣ ਲੱਗ ਪਏ ਹਨ। ਇਨ੍ਹਾਂ ਨਿੱਕੀਆਂ ਥੈਲੀਆਂ ਵਿਚ 70 ਤੋਂ 80 ਫੀਸਦੀ ਕਾਗਜ਼ ਤੇ ਬਾਕੀ ਉਸ ਨੂੰ ਖੁਰਨ ਤੋਂ ਬਚਾਉਣ ਲਈ ਪਲਾਸਟਿਕ ਦਾ ਹਿੱਸਾ ਪੌਲੀਪਰੋਪਾਈਲੀਨ ਜੋ ਬਹੁਤੀ ਗਰਮੀ ਨੂੰ ਝੱਲ ਜਾਂਦਾ ਹੈ, ਪਾਇਆ ਗਿਆ ਹੈ। ਜਿਸ ਮਰਜ਼ੀ ਤਰ੍ਹਾਂ ਦੇ ਟੀ-ਬੈਗਜ਼ ਵਰਤ ਲਵੋ, ਹਰ ਕਿਸੇ ਵਿਚ ਵੱਧ ਜਾਂ ਘੱਟ ਪਲਾਸਟਿਕ ਦੇ ਟੋਟੇ ਹਨ ਜੋ ਚਾਹ ਦੇ ਉਬਲਣ ਸਮੇਂ ਜਾਂ ਉਬਲਦੇ ਗਰਮ ਪਾਣੀ ਵਿਚ ਡੁਬਾਉਣ ਨਾਲ ਚਾਹ ਦੇ ਵਿਚ ਰਲ ਜਾਂਦੇ ਹਨ ਤੇ ਚਾਹ ਪੀਣ ਨਾਲ ਹੀ ਸਾਡੇ ਢਿੱਡਾਂ ਅੰਦਰ ਲੰਘ ਜਾਂਦੇ ਹਨ।

ਜਿਨ੍ਹਾਂ ਟੀ-ਬੈਗਜ਼ ਨੂੰ ਚੁਫੇਰਿਓਂ ਵੱਟ ਪਾ ਕੇ ਬੰਦ ਕੀਤਾ ਜਾਵੇ, ਉਸ ਵਿਚ ਵੱਧ ਪਲਾਸਟਿਕ ਪਾਇਆ ਹੁੰਦਾ ਹੈ। ਕਾਗਜ਼ ਨੂੰ ਫਟਣ ਤੋਂ ਬਚਾਉਣ ਲਈ ਉਸ ਵਿਚ 'ਐਪੀਕਲੋਰੋਹਾਈਡਰਿਨ' ਪਾਇਆ ਜਾਂਦਾ ਹੈ ਜਿਸ ਬਾਰੇ ਸਾਬਤ ਹੋ ਚੁੱਕਿਆ ਹੈ ਕਿ ਇਸ ਦੀ ਵਾਧੂ ਵਰਤੋਂ ਕੈਂਸਰ ਕਰਦੀ ਹੈ। ਐਪੀਕਲੋਰੋਹਾਈਡਰਿਨ ਪਾਣੀ ਵਿਚ ਰਲ ਕੇ 'ਤਿੰਨ-ਐਮ.ਸੀ.ਪੀ.ਡੀ.' ਵਿਚ ਤਬਦੀਲ ਹੋ ਜਾਂਦਾ ਹੈ। ਇਹ ਵੀ ਕੈਂਸਰ ਕਰਦਾ ਹੈ।

ਸਟਾਰਚ ਨੂੰ ਐਨਜ਼ਾਈਮ ਰਸ ਵਿਚ ਮਿਲਾ ਕੇ ਪਲਾਸਟਿਕ ਦੇ ਧਾਗੇ ਬਣਾ ਕੇ ਟੀ-ਬੈਗ ਦੀ ਸ਼ਕਲ ਦੇ ਦਿੱਤੀ ਜਾਂਦੀ ਹੈ। ਜਦੋਂ ਇਹ ਚਾਹ ਦੀਆਂ ਨਿੱਕੀਆਂ ਥੈਲੀਆਂ ਸੁੱਟ ਦਿੱਤੀਆਂ ਜਾਂਦੀਆਂ ਹਨ ਤਾਂ ਧਰਤੀ ਵਿਚ ਸਿੰਮ ਕੇ ਇਹ ਪਲਾਸਟਿਕ ਜ਼ਮੀਨ ਵਿਚ ਰਚ ਜਾਂਦਾ ਹੈ। ਬਥੇਰੇ ਟੀ-ਬੈਗਜ਼ ਉੱਤੇ ਲਿਖਿਆ ਮਿਲਦਾ ਹੈ ਕਿ ਇਹ ਪੂਰੀ ਤਰ੍ਹਾਂ ਘੁਲਣ ਵਾਲਾ ਹੈ ਪਰ ਅਜਿਹੇ ਬੈਗਜ਼ ਵੀ ਨਾਈਲਾਨ ਦੀਆਂ ਤਾਰਾਂ ਤੋਂ ਬਣਦੇ ਹਨ ਜੋ ਸੈਂਕੜੇ ਸਾਲ ਵੀ ਧਰਤੀ ਵਿਚ ਗਲਦੇ ਨਹੀਂ। ਕਈ ਲੋਕ ਚਾਹ ਦੀਆਂ ਥੈਲੀਆਂ ਨੂੰ ਕੱਪ ਵਿਚ ਨੱਪ ਕੇ ਨਿਚੋੜ ਲੈਂਦੇ ਹਨ। ਇਸ ਥੈਲੀ ਵਿਚਲੇ 'ਥੈਲੇਟ' ਵੀ ਬਾਹਰ ਨਿਕਲ ਆਉਂਦੇ ਹਨ ਜੋ ਹੋਰ ਵੀ ਹਾਣੀਕਾਰਕ ਹੁੰਦੇ ਹਨ। ਏਸੇ ਲਈ ਅੱਗੋਂ ਤੋਂ ਪਹਿਲਾਂ ਵਾਲੇ ਤਰੀਕੇ ਹੀ ਸਿੱਧੀ ਚਾਹ ਪੱਤੀ ਉਬਾਲ ਕੇ ਪੀਣੀ ਹੀ ਠੀਕ ਰਹਿਣੀ ਹੈ। ਰੁਤਬਾ ਵਧਾਉਣ ਦੇ ਚੱਕਰ ਵਿਚ ਵੇਖਿਓ ਕਿਤੇ ਜ਼ਿੰਦਗੀ ਦੇ ਵੀਹ ਸਾਲ ਛੋਟੇ ਨਾ ਹੋ ਜਾਣ। ਇਸ ਪਲਾਸਟਿਕ ਤੋਂ ਪਰਹੇਜ਼ ਬਹੁਤ ਜ਼ਰੂਰੀ ਹੈ।

**ਨਿਚੋੜ :** ਇਹ ਸਾਰਾ ਕੁੱਝ ਵੇਖਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪਲਾਸਟਿਕ ਨੇ ਨਾ ਹਰਿਆਲੀ ਛੱਡਣੀ ਹੈ, ਨਾ ਜਾਨਵਰ, ਪੰਛੀ ਤੇ ਜਲ ਜੀਵਨ, ਪਰ ਮਨੁੱਖ ਵੀ ਬਹੁਤੀ ਦੇਰ ਬਚਣ ਨਹੀਂ ਲੱਗਿਆ। ਜੇ ਮਨੁੱਖੀ ਹੋਂਦ ਬਚਾਉਣੀ ਹੈ ਤਾਂ ਹਰ ਹਾਲ ਪਲਾਸਟਿਕ ਤੋਂ ਪੂਰਨ ਰੂਪ ਵਿਚ ਤੌਬਾ ਕਰਨੀ ਪੈਣੀ ਹੈ।

ਅਮਰੀਕਾ ਦੇ 213 ਮਿਲੀਅਨ ਲੋਕਾਂ ਨੂੰ ਪਲਾਸਟਿਕ ਦੀ ਰੀਸਾਈਕਲਿੰਗ ਕਰਨ ਉੱਤੇ ਜ਼ੋਰ ਪਾਇਆ ਗਿਆ ਸੀ ਜਿਸ ਸਦਕਾ ਸੰਨ 2011 ਵਿਚ 2.7 ਮਿਲੀਅਨ ਟਨ ਪਲਾਸਟਿਕ ਰੀਸਾਈਕਲ ਕੀਤਾ ਗਿਆ ਪਰ ਹਾਲੇ ਵੀ ਬਹੁਤ ਕੁੱਝ ਕਰਨਾ ਬਾਕੀ ਹੈ। ਕਿਸੇ ਇਕ ਮੁਲਕ ਵਿਚ ਵੀ ਜੇ ਪਲਾਸਟਿਕ ਦੀ ਵਰਤੋਂ ਜਾਰੀ ਰਹਿ ਗਈ ਤਾਂ ਮਨੁੱਖੀ ਨਸਲ ਦਾ ਘਾਣ ਹੋ ਜਾਣਾ ਹੈ। ਇਸੇ ਲਈ ਸੰਪੂਰਨ ਰੋਕ ਹੀ ਇੱਕੋ ਰਾਹ ਬਚਿਆ ਹੈ।

ਭਾਰਤ ਵਿਚ ਸਿਰਫ਼ ਖਿਡਾਰੀਆਂ ਨੂੰ ਸਟੀਲ ਦੀਆਂ ਬੋਤਲਾਂ ਵਿਚ ਪਾਣੀ ਦੇਣ ਨਾਲ ਹੀ 120 ਮੀਟਰਿਕ ਟਨ ਪਲਾਸਟਿਕ ਸੁੱਟਣ ਤੋਂ ਬਚਾਓ ਹੋ ਗਿਆ। ਜੁਲਾਈ 2018 ਵਿਚ ਐਲਬੇਨੀਆ ਨੇ ਪਲਾਸਟਿਕ ਉੱਤੇ ਸੰਪੂਰਨ ਰੋਕ ਲਾ ਕੇ ਇਸ ਦੀ ਵਰਤੋਂ ਉੱਤੇ ਭਾਰੀ ਫਾਈਨ (7900 ਤੋਂ 11800 ਡਾਲਰ) ਲਾ ਦਿੱਤਾ ਹੈ।

ਜੇ ਅਸੀਂ ਆਪਣੀ ਅਗਲੀ ਪੁਸ਼ਤ ਸਹੀ ਸਲਾਮਤ ਚਾਹੁੰਦੇ ਹਾਂ ਤਾਂ ਸੁੱਖ, ਕੁੱਖ ਦੀ ਸੰਭਾਲ ਦੇ ਨਾਲ ਨਾਲ ਹਰ ਹਾਲ ਪਲਾਸਟਿਕ ਦੀ ਰੋਕ ਉੱਤੇ ਪੂਰੇ ਜ਼ੋਰ ਸ਼ੋਰ ਨਾਲ ਕਾਰਵਾਈ ਕਰਨੀ ਪੈਣੀ ਹੈ। ਜੇ ਨਹੀਂ, ਤਾਂ ਭਿਆਨਕ ਮੌਤ ਦੀ ਤਿਆਰੀ ਕੱਸ ਲਵੋ!

## ਸੱਜਣ ਕੁਮਾਰ ਦੀ ਪਟੀਸ਼ਨ 'ਤੇ ਸੁਣਵਾਈ ਨੂੰ ਤਿਆਰ ਸੁਪਰੀਮ ਕੋਰਟ

*ਸੀਬੀਆਈ ਨੂੰ ਨੋਟਿਸ ਜਾਰੀ ਕਰ 6 ਹਫਤਿਆਂ 'ਚ ਜਵਾਬ ਮੰਗਿਆ*

ਦਿੱਲੀ/ਬਿਊਰੋ ਨਿਊਜ਼ : ਨਵੰਬਰ-1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੀ ਪਟੀਸ਼ਨ 'ਤੇ ਸੁਣਵਾਈ ਨੂੰ ਸੁਪਰੀਮ ਕੋਰਟ ਤਿਆਰ ਹੈ। ਕੋਰਟ ਨੇ ਸੀਬੀਆਈ ਨੂੰ ਨੋਟਿਸ ਜਾਰੀ ਕਰ 6 ਹਫਤਿਆਂ 'ਚ ਜਵਾਬ ਮੰਗਿਆ ਹੈ। ਗੌਰਤਲਬ ਹੈ ਕਿ ਸੱਜਣ ਕੁਮਾਰ ਨੂੰ ਦਿੱਲੀ ਹਾਈਕੋਰਟ ਨੇ ਦੋਸ਼ੀ ਕਰਾਰ ਦਿੰਦਿਆਂ ਤਾਅ-ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹੁਣ ਉਸ ਨੇ ਦਿੱਲੀ ਹਾਈਕੋਰਟ ਦੇ ਉਮਰ ਕੈਦ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ।

## ਕੈਨੇਡਾ ਤੋਂ ਪਰਤਦਾ ਲਾੜਾ ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ

**ਜਗਰਾਉਂ/ਬਿਊਰੋ ਨਿਊਜ਼ :** ਅਮਨਦੀਪ ਸਿੰਘ ਖ਼ਿਲਾਫ਼ ਉਸ ਦੀ ਐਨ.ਆਰ. ਆਈ. ਪਤਨੀ ਪਰਮਿੰਦਰ ਕੌਰ ਵੱਲੋਂ 2015 'ਚ ਐਨ. ਆਰ. ਆਈ. ਥਾਣੇ 'ਚ ਧੋਖਾਧੜੀ ਦਾ ਮੁਕੱਦਮਾ ਦਰਜ ਕਰਵਾਇਆ ਗਿਆ ਸੀ। ਅਮਨਦੀਪ ਬਾਰੇ ਦਿੱਲੀ ਏਅਰਪੋਰਟ 'ਤੇ ਐਲ.ਓ.ਸੀ. ਜਾਰੀ ਕਰਵਾਈ ਹੋਈ ਸੀ ਤੇ ਜਦੋਂ ਉਕਤ ਲਾੜਾ ਦਿੱਲੀ ਏਅਰਪੋਰਟ 'ਤੇ ਉਤਰਿਆ ਤਾਂ ਉਥੋਂ ਦੀ ਪੁਲਿਸ ਨੇ ਉਸ ਨੂੰ ਰੋਕ ਕੇ ਇਸ ਬਾਰੇ ਐਨ.ਆਰ.ਆਈ. ਥਾਣਾ ਜਗਰਾਉਂ ਪੁਲਿਸ ਦੇ ਹਵਾਲੇ ਕਰ ਦਿੱਤਾ।

## ਕੇਜਰੀਵਾਲ ਨਹੀਂ ਲੜਨਗੇ ਚੋਣ

**ਲਖਨਊ/ਬਿਊਰੋ ਨਿਊਜ਼ :** ਲੋਕ ਸਭਾ ਦੀ ਪਿਛਲੀ ਚੋਣ 'ਚ ਵਾਰਾਨਸੀ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਚੁਣੌਤੀ ਦੇਣ ਵਾਲੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਗਾਮੀ ਆਮ ਚੋਣਾਂ ਨਹੀਂ ਲੜਨਗੇ, ਪਰ ਉਨ੍ਹਾਂ ਦੀ ਆਮ ਆਦਮੀ ਪਾਰਟੀ ਕਾਸ਼ੀ ਤੋਂ ਕਿਸੇ ਹੋਰ ਮਜ਼ਬੂਤ ਉਮੀਦਵਾਰ ਨੂੰ ਜ਼ਰੂਰ ਖੜ੍ਹਾ ਕਰੇਗੀ। ਆਪ ਦੇ ਰਾਸ਼ਟਰੀ ਬੁਲਾਰੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੱਤੀ।

## 'ਆਪ' ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਨੇ ਵੀ ਦਿੱਤਾ ਅਸਤੀਫ਼ਾ

*ਸਫ਼ਾ ਇਕ ਦਾ ਬਾਕੀ*

ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਭੇਜੇ ਆਪਣੇ ਅਸਤੀਫ਼ਾ ਪੱਤਰ 'ਚ ਮਾਸਟਰ ਬਲਦੇਵ ਸਿੰਘ ਨੇ ਲਿਖਿਆ ਹੈ ਕਿ ਉਹ ਬਹੁਤ ਹੀ ਦੁਖੀ ਮਨ ਨਾਲ ਅਸਤੀਫ਼ਾ ਦੇ ਰਹੇ ਹਨ, ਕਿਉਂ ਜੋ ਪਾਰਟੀ ਆਪਣੀ ਮੁੱਢਲੀ ਵਿਚਾਰਧਾਰਾ ਅਤੇ ਸਿਧਾਂਤਾਂ ਤੋਂ ਪੂਰੀ ਤਰ੍ਹਾਂ ਭਟਕ ਚੁੱਕੀ ਹੈ ਅਤੇ ਉਨ੍ਹਾਂ ਸਿਧਾਂਤਾਂ ਨੂੰ ਛਿੱਕੇ ਟੰਗ ਦਿੱਤਾ ਗਿਆ ਹੈ। ਮਾਸਟਰ ਬਲਦੇਵ ਸਿੰਘ ਪੰਜਾਬੀ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨਾਲ ਪਿਛਲੇ ਦਿਨਾਂ ਤੋਂ ਹੀ ਪੂਰਾ ਸਮਰਥਨ ਕਰ ਰਹੇ ਸਨ। ਪੱਤਰ 'ਚ ਮਾਸਟਰ ਬਲਦੇਵ ਸਿੰਘ ਨੇ ਇਹ ਵੀ ਲਿਖਿਆ ਹੈ ਕਿ ਪੰਜਾਬ ਦੇ ਸਮਾਜਿਕ ਸਿਆਸੀ ਹਾਲਾਤ ਨੂੰ ਸੁਧਾਰਨ ਲਈ ਉਨ੍ਹਾਂ ਨੇ ਮੁੱਖ ਅਧਿਆਪਕ ਦੀ ਆਪਣੀ ਸਰਕਾਰੀ ਨੌਕਰੀ ਛੱਡੀ, ਭਾਵੇਂ ਕਿ ਉਨ੍ਹਾਂ ਦੀ ਨੌਕਰੀ ਦੇ ਅਜੇ ਚਾਰ ਸਾਲ ਬਾਕੀ ਸਨ। ਉਨ੍ਹਾਂ ਕਿਹਾ ਹੈ ਕਿ ਪਾਰਟੀ ਦੀ ਪ੍ਰਣਾਲੀ 'ਚ ਇਸ ਤਾਨਾਸ਼ਾਹੀ ਅਤੇ ਅਤਿ-ਵਿਸ਼ਵਾਸ ਦੇ ਵਤੀਰੇ ਨੇ ਸੰਨ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਨੂੰ ਕਰਾਰੀ ਹਾਰ ਦਿੱਤੀ। ਇਸ ਤੋਂ ਕੋਈ ਸਬਕ ਨਾ ਸਿੱਖਦੇ ਹੋਏ ਤੁਸੀਂ ਸ਼ਰਮਨਾਕ ਹਾਰ ਦੇ ਨਤੀਜੇ ਲੱਭਣ ਦੀ ਵੀ ਕੋਸ਼ਿਸ਼ ਨਹੀਂ ਕੀਤੀ ਅਤੇ ਪੰਜਾਬ ਦੀ ਵਾਗਡੋਰ ਦੁਰਗੇਸ਼ ਪਾਠਕ ਵਰਗੇ ਸ਼ਾਤਰ ਆਗੂਆਂ ਦੇ ਹੱਥ ਦੇ ਦਿੱਤੀ। ਉਨ੍ਹਾਂ ਇਹ ਵੀ ਲਿਖਿਆ ਹੈ ਕਿ ਸੰਨ 2017 ਚੋਣਾਂ ਤੋਂ ਬਾਅਦ ਪਾਰਟੀ ਦੇ ਸੰਗਠਨ 'ਚ ਵਿਸਤਾਰ ਕਰਦੇ ਸਮੇਂ 26 ਜ਼ਿਲ੍ਹਾ ਪ੍ਰਧਾਨਾਂ 'ਚੋਂ ਨਾ ਤਾਂ ਕਿਸੇ ਦਲਿਤ ਨੂੰ ਪ੍ਰਧਾਨ ਲਗਾਇਆ ਗਿਆ ਅਤੇ ਨਾ ਹੀ ਕਿਸੇ ਨੂੰ ਜ਼ੋਨ ਪ੍ਰਧਾਨ ਲਗਾਇਆ ਗਿਆ ਹੈ। ਇਨਾ ਹੀ ਨਹੀਂ, ਦਿੱਲੀ ਦੀਆਂ ਤਿੰਨ ਰਾਜ ਸਭਾ ਸੀਟਾਂ 'ਚੋਂ ਕੋਈ ਵੀ ਸੀਟ ਦਲਿਤਾਂ ਨੂੰ ਨਹੀਂ ਦਿੱਤੀ ਗਈ।

# Sir Speedy Tustin
*Printers to the Community*

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

## ਭਾਰਤੀ ਰਾਜਨੀਤੀ ਨੇ ਵਜਾਇਆ ਚੋਣਾਂ ਦਾ ਬਿਗਲ

ਭਾਰਤੀ ਜਨਤਾ ਪਾਰਟੀ ਇਸ ਸਮਝੌਤੇ ਤੋਂ ਕਾਫ਼ੀ ਪ੍ਰੇਸ਼ਾਨ ਹੈ। ਉੱਤਰ ਪ੍ਰਦੇਸ਼ ਵਿਚ ਵੱਡੀ ਤਾਦਾਦ ਵਿਚ ਵੋਟਾਂ ਜਾਤ-ਪਾਤ ਤੇ ਧਰਮ ਦੇ ਆਧਾਰ 'ਤੇ ਪੈਂਦੀਆਂ ਹਨ। ਮੁਸਲਮਾਨ ਵੋਟਰ ਸਮਾਜਵਾਦੀ ਪਾਰਟੀ ਨੂੰ ਆਪਣੇ ਹਿੱਤਾਂ ਦੀ ਰਖਵਾਲੀ ਕਰਨ ਵਾਲੀ ਪਾਰਟੀ ਸਮਝਦੇ ਹਨ। ਜਾਤ-ਪਾਤ ਤੇ ਧਰਮ 'ਤੇ ਆਧਾਰਿਤ ਅੰਕੜਿਆਂ ਅਨੁਸਾਰ ਸਮਾਜਵਾਦੀ ਪਾਰਟੀ ਤੇ ਬਸਪਾ ਦਾ ਗੱਠਬੰਧਨ 50 ਤੋਂ 60 ਸੀਟਾਂ ਜਿੱਤ ਸਕਦਾ ਹੈ। ਇਹੀ ਗੱਲ ਭਾਜਪਾ ਨੂੰ ਤੰਗ ਕਰ ਰਹੀ ਹੈ।

ਗੱਠਬੰਧਨ ਦੇ ਐਲਾਨ ਨਾਲ ਇਹ ਗੱਲ ਵੀ ਸਾਫ਼ ਹੁੰਦੀ ਹੈ ਕਿ ਭਾਜਪਾ ਵਿਰੁੱਧ ਦੇਸ਼-ਵਿਆਪੀ ਮਹਾਂਗੱਠਬੰਧਨ ਬਣਨ ਦੇ ਆਸਾਰ ਨਹੀਂ ਅਤੇ ਵੱਖ ਵੱਖ ਸੂਬਿਆਂ ਵਿਚ ਵਿਰੋਧੀ ਪਾਰਟੀਆਂ ਭਾਜਪਾ ਦਾ ਟਾਕਰਾ ਕਰਨ ਲਈ ਵੱਖ ਵੱਖ ਤਰ੍ਹਾਂ ਦੇ ਸਮਝੌਤੇ ਕਰਨਗੀਆਂ।

ਕਾਂਗਰਸ ਯੂਪੀ ਦੀਆਂ ਸਾਰੀਆਂ ਸੀਟਾਂ 'ਤੇ ਲੜੇਗੀ ਚੋਣ : ਉੱਤਰ ਪ੍ਰਦੇਸ਼ ਵਿਚ ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਦੇ ਗਠਜੋੜ ਨੂੰ ਲੈ ਕੇ ਕਾਂਗਰਸ ਜ਼ਰਾ ਵੀ ਪਰੇਸ਼ਾਨ ਜਾਂ ਬੇਚੈਨ ਨਹੀਂ ਹੈ। ਕਾਂਗਰਸ ਨੇ ਉੱਤਰ ਪ੍ਰਦੇਸ਼ ਦੀਆਂ ਸਾਰੀਆਂ 80 ਸੀਟਾਂ 'ਤੇ ਲੋਕ ਸਭਾ ਚੋਣਾਂ ਲੜਨ ਦਾ ਮਨ ਬਣਾ ਲਿਆ ਹੈ।

ਕਾਂਗਰਸ ਦੇ ਜਨਰਲ ਸਕੱਤਰ ਤੇ ਸੂਬਾ ਇੰਚਾਰਜ ਗੁਲਾਮ ਨਬੀ ਆਜ਼ਾਦ ਨੇ ਪ੍ਰੈੱਸ ਕਾਨਫਰੰਸ ਵਿਚ ਸਾਰੀਆਂ 80 ਸੀਟਾਂ 'ਤੇ ਚੋਣਾਂ ਲੜਨ ਦੀ ਗੱਲ ਕਹਿੰਦੇ ਹੋਏ ਛੋਟੀਆਂ ਪਾਰਟੀਆਂ ਲਈ ਰਾਹ ਖੁੱਲ੍ਹਣ ਦਾ ਜ਼ਿਕਰ ਵੀ ਕੀਤਾ। ਆਰਐੱਲਡੀ ਜਾਂ ਸ਼ਿਵਪਾਲ ਨਾਲ ਗੱਲਬਾਤ ਹੋਣ ਦੇ ਸਵਾਲ 'ਤੇ ਮੌਨ ਧਾਰਿਆ। ਚੋਣਾਂ ਤੋਂ ਬਾਅਦ ਪ੍ਰਧਾਨ ਮੰਤਰੀ ਕੌਣ ਹੋਵੇਗਾ ਸਵਾਲ ਨੂੰ ਵੀ ਟਾਲ ਗਏ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਕੌਮੀ ਪੱਧਰ 'ਤੇ ਹਰਾਉਣ ਦੀ ਤਾਕਤ ਸਿਰਫ਼ ਕਾਂਗਰਸ ਵਿਚ ਹੈ।

## ਭਾਰਤੀ ਸਟੇਟ ਦੇ ਇਸ਼ਾਰਿਆਂ ਤੇ ਮੀਡੀਆ ਨੇ ਸਿੱਖਾਂ ਦੇ ਅਕਸ ਨੂੰ ਵਿਗਾੜਿਆ

ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਸਿੱਖਾਂ ਨੂੰ ਮੀਡੀਆ ਨੇ ਦੈਂਤ ਬਣਾ ਕੇ ਪੇਸ਼ ਕਰਦਿਆਂ ਹਿੰਦੂ ਰਾਸ਼ਟਰਵਾਦ ਦੀਆਂ ਭਾਵਨਾਂਵਾਂ ਨੂੰ ਪ੍ਰਚੰਡ ਕਰਨ ਲਈ ਵਰਤਿਆ ਹੈ।

ਸਿੱਖ ਇਤਿਹਾਸਕਾਰ ਰਾਜਵਿੰਦਰ ਸਿੰਘ ਰਾਹੀ ਨੇ ਕਿਹਾ ਕਿ ਖੱਬੇ ਪੱਖੀਆਂ ਨਾਲ ਜੁੜੇ ਮੀਡੀਆ ਨੇ ਸਿੱਖਾਂ ਦੇ ਮਸਲਿਆਂ ਨੂੰ ਕੇਂਦਰੀ ਹਾਕਮਾਂ ਵਾਲੇ ਨੈਸ਼ਨਲ ਦ੍ਰਿਸ਼ਟੀਕੋਣ ਤੋਂ ਹੀ ਪੇਸ਼ ਕੀਤਾ ਅਤੇ ਸਿੱਖਾਂ ਨੂੰ ਦੇਸ਼-ਧ੍ਰੋਹੀ ਅਤੇ ਖਾਲਿਸਤਾਨ ਦੇ ਮੁਦਈ ਦੱਸਦਿਆਂ ਸਿੱਖ ਭਾਈਚਾਰੇ ਉਤੇ ਦਿੱਲੀ ਰਾਹੀਂ ਹੋ ਰਹੇ ਤਸ਼ੱਦਦ ਦਾ ਸਾਥ ਦਿੱਤਾ। ਵਾਇਸ ਆਫ ਖਾਲਸਾ ਟੀਵੀ ਦੇ ਸੀ.ਈ.ਓ. ਸੁਖਵਿੰਦਰ ਸਿੰਘ ਨੇ ਕਿਹਾ ਕਿ ਸੋਸ਼ਲ ਮੀਡੀਆ ਰਾਹੀਂ ਵੀ ਗਲਤ ਅਤੇ ਸਿੱਖ ਵਿਰੋਧੀ ਸੂਚਨਾਵਾਂ ਨੂੰ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਉਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਖੁਸ਼ਹਾਲ ਸਿੰਘ ਅਤੇ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਮਹਿੰਦਰਪਾਲ ਬਿੱਟੂ ਸਮੇਤ ਚਾਰ ਡੇਰਾ ਪ੍ਰੇਮੀਆਂ ਦੀ ਜ਼ਮਾਨਤ ਅਰਜ਼ੀ ਰੱਦ

ਅਜੇ ਤੱਕ ਜ਼ਿਲ੍ਹਾ ਪੁਲਿਸ ਨੂੰ ਨਹੀਂ ਮਿਲੀ, ਜਿਸ 'ਤੇ 24 ਦਸੰਬਰ ਤੋਂ ਅਦਾਲਤ ਨੇ ਗ੍ਰਹਿ ਵਿਭਾਗ ਤੋਂ ਮਨਜ਼ੂਰੀ ਲੈਣ ਲਈ ਪੁਲਿਸ ਨੂੰ 90 ਦਿਨ ਦਾ ਹੋਰ ਸਮਾਂ ਦੇ ਦਿੱਤਾ ਹੈ।

ਮਾਨਸਾ 'ਚ ਫੜੇ ਪੈਸਿਆਂ ਦੇ ਤਾਰ ਡੇਰਾ ਸਿਰਸਾ ਨਾਲ 'ਜੁੜੇ' : ਮਾਨਸਾ ਪੁਲੀਸ ਵੱਲੋਂ ਪਤੀ-ਪਤਨੀ ਪਾਸੋਂ ਬੀਤੇ ਦਿਨ ਜ਼ਬਤ ਕੀਤੀ ਗਈ 3 ਕਰੋੜ ਦੀ ਨਗਦੀ ਦੇ ਮਾਮਲੇ ਨੇ ਤੂਲ ਫੜ ਲਿਆ ਹੈ। ਭਾਵੇਂ ਪੁਲੀਸ ਨੇ ਇਹ ਮਾਮਲਾ ਬਠਿੰਡਾ ਇਨਕਮ ਟੈਕਸ ਵਿਭਾਗ ਹਵਾਲੇ ਕਰਕੇ ਸਾਰੀ ਕਰੰਸੀ ਸੀਲ ਕਰ ਦਿੱਤੀ ਗਈ ਹੈ, ਪਰ ਅਕਾਲੀ ਦਲ (ਅੰਮ੍ਰਿਤਸਰ) ਨੇ ਇਸ ਵੱਡੀ ਰਕਮ ਨੂੰ ਡੇਰਾ ਸੱਚਾ ਸੌਦਾ ਸਿਰਸਾ ਵੱਲੋਂ ਭੇਜੀ ਗਈ ਦੱਸਿਆ ਗਿਆ ਹੈ। ਪਾਰਟੀ ਨੇ ਖ਼ਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਰਾਸ਼ੀ ਨਾਲ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਮੁੜ ਤੋਂ ਲਾਂਬੂ ਲਾਉਣ ਦੀ ਇੱਕ ਵੱਡੀ ਕੋਸ਼ਿਸ਼ ਹੋ ਸਕਦੀ ਹੈ, ਜਿਸ ਦੀ ਮਾਨਸਾ ਪੁਲੀਸ ਸਮੇਤ ਪੰਜਾਬ ਪੁਲੀਸ ਵੱਲੋਂ ਬਾਰੀਕੀ ਨਾਲ ਪੜਤਾਲ ਕਰਨੀ ਚਾਹੀਦੀ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਮੀਤ ਪ੍ਰਧਾਨ ਭਾਈ ਗੁਰਸੇਵਕ ਸਿੰਘ ਜਵਾਹਰਕੇ ਨੇ ਕਿਹਾ ਕਿ ਪਹਿਲਾਂ ਮੌੜ ਬੰਬ ਕਾਂਡ ਮਾਮਲੇ ਵਿੱਚ ਡੇਰਾ ਦੀ ਸ਼ਮੂਲੀਅਤ ਜੱਗ ਜ਼ਾਹਿਰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਸਾਧਾਰਨ ਡਰਾਈਵਰ ਨਿਰਮਲ ਇੰਸਾਂ ਸਿਰਸਾ ਦੇ ਸੰਤਨਗਰ ਤੋਂ 2 ਕਰੋੜ 99 ਲੱਖ 53 ਹਜ਼ਾਰ ਰੁਪਏ ਦੀ ਨਕਦੀ ਰਕਮ ਦਾ ਫੜੇ ਜਾਣਾ ਕਿਸੇ ਵੀ ਤਰ੍ਹਾਂ ਮਾਮੂਲੀ ਨਹੀਂ ਕਿਹਾ ਜਾ ਸਕਦਾ। ਇਸ ਦੀ ਪੁਲੀਸ ਨੂੰ ਜਾਂਚ ਕਰਵਾਉਣੀ ਚਾਹੀਦੀ ਹੈ।

ਮਾਨਸਾ ਦੇ ਐੱਸਐੱਸਪੀ ਮਨਧੀਰ ਸਿੰਘ ਨੇ ਕਿਹਾ ਕਿ ਉਕਤ ਮਾਮਲਾ ਡੇਰਾ ਨਾਲ ਜੁੜੇ ਹੋਣ ਦਾ ਕੋਈ ਸੁਰਾਗ ਆਦਿ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਇਨਕਮ ਟੈਕਸ ਵਿਭਾਗ ਵੱਲੋਂ ਪੜਤਾਲ ਆਰੰਭ ਹੋ ਗਈ ਹੈ, ਜਿਸ ਦੀ ਰਿਪੋਰਟ 'ਤੇ ਪੁਲੀਸ ਵੱਲੋਂ ਬਕਾਇਦਾ ਪਰਚਾ ਦਰਜ ਕੀਤਾ ਜਾਵੇਗਾ।

ਦੱਸਿਆ ਗਿਆ ਹੈ ਕਿ 25 ਅਗਸਤ 2017 ਨੂੰ ਪੰਚਕੂਲਾ ਵਿੱਚ ਹੋਈ ਹਿੰਸਾ ਵਿੱਚ ਨਿਰਮਲ ਇੰਸਾਂ ਦਾ ਪੁੱਤਰ ਖੁਸ਼ਪ੍ਰੀਤ ਸਿੰਘ ਸ਼ਾਮਲ ਸੀ ਤੇ ਪੁਲੀਸ ਵੱਲੋਂ ਉਸ ਦੇ ਖ਼ਿਲਾਫ਼ ਕੇਸ ਦਰਜ ਕੀਤਾ ਸੀ।

## ਹਰਿਆਣੇ ਦੇ ਰਾਜਨੀਤਕ ਆਗੂ ਸੌਦਾ ਸਾਧ ਦੇ ਹੁਕਮ 'ਤੇ ਸਾਨੂੰ ਧਮਕਾਉਂਦੇ ਰਹੇ

ਪਿੰਡ ਕਿਸੇ ਦੀ ਮੌਤ 'ਤੇ ਸੋਗ ਕਰਨ ਲਈ ਜਾਣਾ ਪੈ ਗਿਆ। ਮੇਰੇ ਪਿਤਾ ਵੀ ਉਸ ਦਿਨ ਕਰਵਾ ਚੌਥ ਦਾ ਦਿਨ ਹੋਣ ਕਾਰਨ ਛੇਤੀ ਘਰ ਆ ਗਏ ਸਨ। 24 ਅਕਤੂਬਰ 2002 ਦੇ ਦਿਨ ਦੀ ਘਟਨਾ ਨੂੰ ਯਾਦ ਕਰਦਿਆਂ ਰਾਮ ਚੰਦਰ ਛਤਰਪਤੀ ਨੇ ਕਿਹਾ, "ਮੇਰੇ ਪਿਤਾ ਮੋਟਰਸਾਈਕਲ ਵਿਹੜੇ ਵਿੱਚ ਖੜ੍ਹਾ ਕਰਕੇ ਅੰਦਰ ਵੜੇ ਹੀ ਸਨ ਕਿ ਕਿਸੇ ਨੇ ਉਨ੍ਹਾਂ ਦਾ ਨਾਂ ਲੈ ਕੇ ਅਵਾਜ਼ ਮਾਰੀ ਤੇ ਜਿਵੇਂ ਹੀ ਮੇਰੇ ਪਿਤਾ ਬਾਹਰ ਨਿਕਲੇ, ਅਚਾਨਕ ਬਾਹਰ ਸਕੂਟਰ 'ਤੇ ਆਏ ਦੋ ਨੌਜਵਾਨਾਂ ਨੇ ਮੇਰੇ ਪਿਤਾ ਉੱਤੇ ਤਾਬੜ ਤੋੜ ਗੋਲੀਆਂ ਚਲਾ ਦਿੱਤੀਆਂ। ਅਸੀਂ ਤਿੰਨੇ ਭੈਣ ਭਰਾ ਨੇ ਰੌਲਾ ਪਾਇਆ ਤੇ ਆਪਣੇ ਪਿਤਾ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਅੰਸ਼ੁਲ ਦੱਸਦੇ ਹਨ, "ਸਾਡਾ ਰੌਲਾ ਸੁਣ ਕੇ ਗੋਲੀ ਮਾਰ ਕੇ ਭੱਜੇ ਇੱਕ ਨੌਜਵਾਨ ਨੂੰ ਸਾਡੇ ਘਰ ਤੋਂ ਥੋੜੀ ਦੂਰ ਪੈਂਦੀ ਪੁਲਿਸ ਚੌਕੀ 'ਚ ਤਾਇਨਾਤ ਪੁਲੀਸ ਮੁਲਾਜ਼ਮ ਨੇ ਕਾਬੂ ਕਰ ਲਿਆ। ਅਸੀਂ ਗੁਆਂਢੀਆਂ ਦੀ ਕਾਰ ਮੰਗ ਕੇ ਆਪਣੇ ਪਿਤਾ ਨੂੰ ਸਰਕਾਰੀ ਹਸਪਤਾਲ ਲੈ ਗਏ। ਮੇਰੇ ਪਿਤਾ ਨੂੰ ਗੋਲੀ ਮਾਰੇ ਜਾਣ ਦੀ ਖ਼ਬਰ ਅੱਗ ਵਾਂਗ ਫੈਲ ਗਈ ਤੇ ਰਿਸ਼ਤੇਦਾਰ ਅਤੇ ਹੋਰ ਲੋਕ ਸਰਕਾਰੀ ਹਸਪਤਾਲ ਵਿੱਚ ਇਕੱਠੇ ਹੋ ਗਏ। ਪਿਤਾ ਦੀ ਤਬੀਅਤ ਕਾਫੀ ਖ਼ਰਾਬ ਸੀ ਤੇ ਸਾਨੂੰ ਰੋਹਤਕ ਮੈਡੀਕਲ ਕਾਲਜ ਰੈਫ਼ਰ ਕਰ ਦਿੱਤਾ ਗਿਆ। ਪਰ ਫੇਰ ਉਨ੍ਹਾਂ ਦੀ ਤਬੀਅਤ ਜ਼ਿਆਦਾ ਵਿਗੜ ਗਈ ਤੇ ਅਸੀਂ ਉਨ੍ਹਾਂ ਨੂੰ ਦਿੱਲੀ ਦੇ ਅਪੋਲੋ ਹਸਪਤਾਲ ਲੈ ਗਏ, ਜਿਥੇ ਉਨ੍ਹਾਂ ਦੀ ਇਲਾਜ ਦੌਰਾਨ ਮੌਤ ਹੋ ਗਈ।

ਅੰਸ਼ੁਲ ਨੇ ਦੋਸ਼ ਲਾਇਆ ਕਿ ਉਸ ਦੇ ਪਿਤਾ ਬਿਆਨ ਦੇਣ ਦੇ ਕਾਬਿਲ ਸਨ ਪਰ ਪੁਲਿਸ ਨੇ ਉਨ੍ਹਾਂ ਦੇ ਬਿਆਨਾਂ ਨੂੰ ਮੈਜਿਸਟਰੇਟ ਸਾਹਮਣੇ ਦਰਜ ਨਹੀਂ ਕਰਵਾਇਆ। ਉਨ੍ਹਾਂ ਅੱਗੇ ਕਿਹਾ, "ਸਾਡੇ 'ਤੇ ਕਈ ਰਾਜਸੀ ਆਗੂਆਂ ਤੇ ਹੋਰਾਂ ਦਾ ਦਬਾਅ ਸੀ ਕਿ ਅਸੀਂ ਇਸ ਮਾਮਲੇ ਤੋਂ ਪਿੱਛੇ ਹਟ ਜਾਈਏ। ਉਹ ਸਾਨੂੰ ਸੌਦਾ ਸਾਧ ਦੇ ਹੁਕਮ ਤਹਿਤ ਸਾਨੂੰ ਧਮਕਾਉਂਦੇ ਰਹੇ।"

ਅੰਸ਼ੁਲ ਨੇ ਆਪਣੇ ਪਿਤਾ ਨੂੰ ਯਾਦ ਕਰਦਿਆਂ ਕਿਹਾ, "ਮੇਰੇ ਪਿਤਾ ਜਨੂੰਨੀ ਪੱਤਰਕਾਰ ਸਨ। ਉਨ੍ਹਾਂ ਨੇ ਐਲ.ਐਲ.ਬੀ. ਤੱਕ ਦੀ ਸਿੱਖਿਆ ਪ੍ਰਾਪਤ ਕੀਤੀ ਤੇ ਉਹ ਕੋਰਟ ਵਿੱਚ ਕੁਝ ਸਮਾਂ ਵਕਾਲਤ ਵੀ ਕਰਦੇ ਰਹੇ ਸਨ। ਉਨ੍ਹਾਂ ਵੱਲੋਂ ਲਿਖੀ ਗਈ ਖ਼ਬਰ ਵਿੱਚ ਅਖ਼ਬਾਰ ਦੇ ਛਪਣ ਵੇਲੇ ਕੀਤੀ ਜਾਂਦੀ ਕੱਟ-ਵੱਢ ਤੋਂ ਉਹ ਖੁਸ਼ ਨਹੀਂ ਹੁੰਦੇ ਸੀ। ਇਸ ਲਈ ਉਨ੍ਹਾਂ ਨੇ ਆਪਣਾ ਅਖ਼ਬਾਰ ਕੱਢਣ ਦਾ ਫੈਸਲਾ ਲਿਆ।"

ਇਸੇ ਲਈ ਮੇਰੇ ਪਿਤਾ ਨੇ ਸਿਰਸਾ ਤੋਂ ਸ਼ਾਮ ਵੇਲੇ ਛਪਣ ਵਾਲੇ 'ਪੂਰਾ ਸੱਚ' ਅਖ਼ਬਾਰ ਦਾ ਪਹਿਲਾ ਅੰਕ 2 ਫਰਵਰੀ, 2000 ਨੂੰ ਪ੍ਰਕਾਸ਼ਿਤ ਕੀਤਾ ਸੀ। ਅੰਸ਼ੁਲ ਛਤਰਪਤੀ ਮੁਤਾਬਕ ਮਈ 2002 ਵਿੱਚ ਡੇਰਾ ਸੱਚਾ ਸੌਦਾ 'ਤੇ ਸਰੀਰਕ ਸ਼ੋਸ਼ਣ ਦਾ ਦੋਸ਼ ਲਾਉਂਦੇ ਹੋਏ ਡੇਰੇ ਦੀ ਇਕ ਸਾਧਵੀ ਨੇ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਇੱਕ ਗੁਮਨਾਮ ਪੱਤਰ ਭੇਜਿਆ ਸੀ। ਇਸ ਦੀ ਕਾਪੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਵੀ ਭੇਜੀ ਗਈ ਸੀ। ਡੇਰੇ ਦੀ ਸਾਧਵੀ ਵੱਲੋਂ ਪ੍ਰਧਾਨ ਮੰਤਰੀ ਤੇ ਹੋਰਾਂ ਨੂੰ ਭੇਜੀ ਗਈ ਇਸ ਚਿੱਠੀ ਨੂੰ ਪੱਤਰਕਾਰ ਰਾਮ ਚੰਦਰ ਛਤਰਪਤੀ ਨੇ 30 ਮਈ 2002 ਨੂੰ 'ਧਰਮ ਦੇ ਨਾਂ 'ਤੇ ਕੀਤੇ ਜਾ ਰਹੇ ਹਨ ਸਾਧਵੀਆਂ ਦੇ ਜੀਵਨ ਬਰਬਾਦ' ਨਾਂ ਹੇਠ ਖ਼ਬਰ ਨੂੰ ਪ੍ਰਕਾਸ਼ਿਤ ਕੀਤਾ ਸੀ। ਅੰਸ਼ੁਲ ਦਾਅਵਾ ਕਰਦੇ ਹਨ ਕਿ ਇਸ ਤੋਂ ਪਹਿਲਾਂ ਵੀ ਡੇਰੇ ਦੀਆਂ ਗਤੀਵਿਧੀਆਂ ਦੀਆਂ ਖ਼ਬਰਾਂ 'ਪੂਰਾ ਸੱਚ' ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਸਨ।

ਅੰਸ਼ੁਲ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿਤਾ ਖਿਲਾਫ਼ ਝੂਠੇ ਪਰਚੇ ਵੀ ਦਰਜ ਕਰਵਾਏ ਗਏ। ਉਨ੍ਹਾਂ ਨੇ ਕਿਹਾ, "ਜਦੋਂ ਮੇਰੇ ਪਿਤਾ ਇਨ੍ਹਾਂ ਧਮਕੀਆਂ ਤੇ ਝੂਠੇ ਪਰਚੇ ਤੋਂ ਨਹੀਂ ਡਰੇ ਤਾਂ ਆਖ਼ਰ 24 ਅਕਤੂਬਰ ਨੂੰ ਉਨ੍ਹਾਂ ਉੱਤੇ ਜਾਨ ਲੇਵਾ ਹਮਲਾ ਕਰਵਾਇਆ ਗਿਆ।"

## ਬਿਕਰਮੀ ਵਾਲਿਓ ਅਕਲ ਨੂੰ ਹੱਥ ਮਾਰੋ !

ਜੀ ਦੇ ਪ੍ਰਕਾਸ਼ ਦਿਹਾੜੇ ਵਾਂਗ, ਜਦੋਂ 27 ਅਕਤੂਬਰ ਨੂੰ ਦਿਵਾਲੀ ਮਨਾਉਣ ਆਈਆਂ ਸੰਗਤਾਂ ਅੱਗੇ ਸਕੱਤਰ ਸਾਬ 11 ਨਵੰਬਰ ਨੂੰ ਅਸਲੀ ਤੇ ਚਾਨਣੀ ਦਿਵਾਲੀਉਤੇ ਆਉਣ ਲਈ ਲਗਾਤਾਰ ਤਰਲੇ-ਬੇਨਤੀਆਂ ਕਰਨਗੇ।

ਨਾਲੇ ਕਾਫ਼ੀ ਸਮਾਂ ਹੈ ਅਜੇ ਪੁਖਤਾ ਪ੍ਰਬੰਧ ਕਰਨ ਲਈ, ਤਾਂ ਕਿ 27 ਅਕਤੂਬਰ ਨੂੰ ਦਿਵਾਲੀ ਦੀਆਂ ਵਧਾਈਆਂ ਜਾਂ ਬੰਦੀ ਛੋੜ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜ਼ਿਕਰ ਕਰਨ ਵਾਲਾ ਕੋਈ ਪ੍ਰਚਾਰਕ ਨਾ ਆ ਜਾਵੇ।

ਸੋਚਣ ਲਈ ਮਜਬੂਰ ਹਾਂ ਕਿ ਇਸ ਮਿਲਗੋਭੇ ਜਿਹੇ ਕੈਲੰਡਰ ਨੂੰ ਜਾਰੀ ਕਰਨ ਖੁਣੋਂ ਕਿਹੜਾ ਗੱਡਾ ਖੜ੍ਹਾ ਸੀ ? ਹਉਮੈ ਪੂਰੀ ਕਰਨ ਵਾਲੀ ਜ਼ਿੱਦ ਦਾ ਜਾਂ ਬੀਤੇ ਸਾਲਾਂ ਤੋਂ ਹੋਈ ਏਕਤਾ ਨੂੰ ਖਤਮ ਕਰਨ ਦਾ ? ਇਸ ਚੁਟਕਲੇ ਵਰਗੇ ਕੈਲੰਡਰ ਨਾਲ ਕੋਈਤਿਰੰਗਾਤਾਂ ਭਾਵੇਂ ਖ਼ੁਸ਼ੀ ਨਾਲ ਲਹਿਰਾਅ ਰਿਹਾ ਹੋਵੇਗਾ ਕਿ ਲੰਬੇ ਚਿਰਾਂ ਤੋਂ ਸਥਾਨਕ ਪੰਥਕ ਏਕਤਾ ਨੂੰ ਤਾਰ-ਤਾਰ ਕਰਨ ਦੀ ਉਸ ਦੀ ਇੱਛਾ ਨੂੰ ਇਸ ਕੈਲੰਡਰ ਨੇ ਸਿਰੇ ਚਾੜ੍ਹ ਦਿੱਤਾ ਹੈ ਪਰ ਨਿਸ਼ਾਨ ਸਾਹਿਬ ਉਦਾਸ ਹੈ ਕਿਉਂਕਿ ਉਸ ਦੇ ਵਿਹੜੇ ਵਿਚ ਇਹ ਕੈਲੰਡਰ, ਸੇਹ ਦੇ ਤੱਕਲ਼ੇ ਵਾਂਗ ਗੱਡਿਆ ਗਿਆ ਹੈ।

ਯਾਦ ਰਹੇ ਕਿ ਇਸ ਚੁਟਕਲੇ ਵਰਗੇ ਕੈਲੰਡਰ ਦੀ ਥਾਂ ਜੇ ਕਿਤੇ ਸੱਚ-ਮੁੱਚ ਦਾ ਬਿਕਰਮੀ ਕੈਲੰਡਰ ਵੀ ਸਰਬ ਸੰਮਤੀ ਨਾਲ ਲਾਗੂ ਹੋ ਜਾਵੇ ਫਰੀਮੌਂਟ ਵਿਚ, ਤਾਂ ਵੀ ਨਾਨਕਸ਼ਾਹੀ ਕੈਲੰਡਰ ਖਤਮ ਨਹੀਂ ਹੋਣ ਲੱਗਿਆ।

ਗੁਰੂ ਨਾਲੋਂ, ਗੁਰੂ ਦੀ ਸੰਗਤ ਨਾਲ਼ੋਂ ਪੋਹ ਸੁਦੀ ਸੱਤ ਵੱਡੀ ਹੋ ਗਈ, ਨਾ ਸੱਚ! ਸੱਤ ਕਾਹਨੂੰ ਪੋਹ ਸੁਦੀ ਅੱਠ ਵੱਡੀ ਹੋ ਗਈ। ਵੈਸੇ ਗਿਣਤੀ ਮੁਤਾਬਕ ਅੱਠ ਹੁੰਦੀ ਵੀ ਸੱਤ ਨਾਲ਼ੋਂ ਵੱਡੀ ਆ ਪਰ ਫਿਰ ਵੀ ਕਈਆਂ ਦੀ ਜ਼ਿੱਦ ਨਾਲੋਂ ਉਹ ਬਹੁਤ ਛੋਟੀ ਹੀ ਹੁੰਦੀ ਐ।

ਚੇਤੇ ਰਹੇ ਕਿ ਪਹਿਲੇ ਸਰੂਪ ਵਿਚ ਬਾਪੂ ਨੇ ਜ਼ਬਰਦਸਤੀ ਜਨੇਊ ਪਾਉਣ ਵਾਲੇ ਦੀ ਬਾਂਹ ਫੜ ਲਈ ਸੀ ਤੇ ਨੌਵੇਂ ਸਰੂਪ ਵਿਚ ਜਨੇਊ ਲਾਹੁਣ ਦੀ ਜ਼ਿੱਦ ਕਰੀ ਬੈਠੇ ਨੂੰ ਰੋਕਣ ਲਈ ਸ਼ਹੀਦੀ ਤਕ ਦੇ ਦਿੱਤੀ ਸੀ। ਜ਼ਿੱਦ ਨਾਲ ਤਾਂ ਸਾਲ ਛੇ ਮਹੀਨੇ ਦੇ ਨਿੱਕੇ ਜਿਹੇ ਬੱਚੇ ਦੇ ਮੂੰਹ ਵਿਚ ਵੀ ਕੁਝ ਪਾਉਣਾ ਬਹੁਤ ਔਖਾ ਹੁੰਦਾ ਹੈ... ਬੱਚਿਆਂ-ਬੰਦਿਆਂ ਦੀ ਗੱਲ ਛੱਡੋ, ਅਕਿਰਤਘਣਾਂ ਨੂੰ ਪਾਲਣ ਦਾ ਵੱਡਾ ਜਿਗਰਾ ਰੱਖਣ ਵਾਲੇ,ਮਿਠ ਬੋਲੜੇਹਰਿ ਸਜਣੁ ਸੁਆਮੀਵਾਹਿਗੁਰੂ ਨੂੰ ਵੀ ਅੱਜ-ਤਕ"ਮਨਹਠਿ ਕਿਨੈ ਨ ਪਾਇਆ" ਭਾਵ ਜ਼ਿੱਦ ਨਾਲ ਕੋਈ ਪਾ ਨਹੀਂ ਸਕਿਆ।

ਮੈਂ ਪੰਦਰਾਂ-ਵੀਹ ਮਿੰਟ ਕੈਲੰਡਰ ਦੇ ਦਰਸ਼ਨ ਕਰਕੇ ਮੁੜ ਉਸ ਲਿਆਉਣ ਵਾਲੇ ਨੂੰ ਇਹ ਕਹਿਕੇ ਵਾਪਸ ਕਰ ਦਿੱਤਾ ਕਿ ਤੂੰ ਹੀ ਰੱਖ ਇਸ ਨੂੰ ਆਪਣੇ ਕੋਲ, ਦਿਲ ਖ਼ੁਸ਼ ਕਰਨ ਲਈ, ਮੇਰੇ ਕੋਲ ਮੰਨੋਰੰਜਨ ਦੇ ਸਾਧਨ ਹੋਰ ਬਥੇਰੇ ਨੇ..!

ਖ਼ੈਰ! ਇਸ ਨਾਮ-ਨਿਹਾਦ ਬਿਕਰਮੀ ਕੈਲੰਡਰ ਨਾਲ ਮੇਰੀ ਕਿਸੇ ਬਿਕਰਮੀ ਕੈਲੰਡਰ ਨੂੰ ਮੰਨਣ ਵਾਲੇ ਨੂੰ ਮਿਲਣ ਦੀ ਆਸ ਮੱਧਮ ਨਹੀਂ ਹੋਈ ਮੈਨੂੰ ਅਜੇ ਵੀ ਯਕੀਨ ਹੈ ਕਿ ਸੱਤ ਅਰਬ ਤੋਂ ਉੱਤੇ ਵਸਦੀ ਦੁਨੀਆ ਵਿਚ ਘੱਟੋ-ਘੱਟ ਇਕ ਇਨਸਾਨ ਤਾਂ ਜ਼ਰੂਰ ਹੋਵੇਗਾ ਜੋ ਜ਼ਿੰਦਗੀ ਦੇ ਹਰ ਪਹਿਲੂ 'ਤੇ ਬਿਕਰਮੀ ਕੈਲੰਡਰ ਮੁਤਾਬਕ ਵਿਚਰਦਾ ਹੋਵੇਗਾ, ਚਾਹੇ ਕੋਈ ਸੰਸਕ੍ਰਿਤ ਬੋਲਣ ਵਾਲਾ ਕਾਸ਼ੀ ਦਾ ਪੰਡਤ ਹੀ ਹੋਵੇ ਪਰ ਹੋਵੇਗਾ ਜ਼ਰੂਰ! ਗੂਗਲ ਬਾਬਾ ਲੱਭੇਗਾ ਕਦੇ ਨਾ ਕਦੇ ਉਸ ਨੂੰ... ਆਸ ਨਹੀਂ ਛੱਡਣੀ ਚਾਹੀਦੀ ਬੰਦੇ ਨੂੰ, ਜਿਸ ਬਾਰੇ ਕਿਸੇ ਨੇ ਕਦੇ ਸੋਚਿਆ ਵੀ ਨਹੀਂ ਸੀ, ਉਹ ਚਾਨਣੀ ਦਿਵਾਲੀ ਵੀ ਆ ਹੀ ਗਈ ਐਤਕੀਂ, ਵੇਖ ਲਓ!

## ਜਿਹਲਮ ਵਿਚ ਲਾਹੌਰ ਅਥਾਰਟੀ ਕਰਾ ਰਹੀ ਹੈ ਗੁਰਦੁਆਰਿਆਂ ਦੀ ਮੁਰੰਮਤ

ਜਾਂਦੀ ਸੀ। ਸਾਲ 1992 ਵਿਚ ਸ਼ਹਿਰ ਵਿੱਚ ਹੜ੍ਹ ਆਏ ਜਿਸ ਕਾਰਨ ਗੁਰਦੁਆਰੇ ਦੀ ਇਮਾਰਤ ਬੁਰੀ ਤਰ੍ਹਾਂ ਨੁਕਸਾਨੀ ਗਈ। ਇਸ ਦਾ ਇੱਕ ਹਿੱਸਾ ਤਾਂ ਜ਼ਮੀਨ ਵਿੱਚ ਹੀ ਧਸ ਗਿਆ ਤੇ ਕੁਝ ਹਿੱਸਿਆਂ ਦੀਆਂ ਛੱਤਾਂ ਡਿੱਗ ਗਈਆਂ।ਪੁਲਿਸ ਨੇ ਵੀ ਕੁਝ ਨਵੀਂ ਉਸਾਰੀ ਕਰਵਾਈ ਹੈ ਜੋ ਕਿ ਬਰਤਾਨਵੀ ਭਵਨ ਕਲਾ ਨਾਲ ਬਣੇ ਇਸ ਗੁਰਦੁਆਰੇ ਦੀ ਇਮਾਰਤ ਵਿਚ ਰੜਕਦੀ ਹੈ।ਪਾਕਿਸਤਾਨ ਨੇ ਇਨ੍ਹਾਂ ਗੁਰੂ ਘਰਾਂ ਦੀ ਮੁਰੰਮਤ ਕਰਕੇ ਪੁਰਾਣਾ ਰੂਪ ਬਹਾਲ ਕਰਨ ਦਾ ਜ਼ਿੰਮਾ ਲਾਹੌਰ ਅਥਾਰਟੀ ਨੂੰ ਸੌਂਪਿਆ ਹੈ।

ਲਾਹੌਰ ਦੇ ਪੁਰਾਣੇ ਘਰਾਂ, ਗਲੀਆਂ ਦੀ ਸਾਂਭ ਸੰਭਾਲ ਲਈ ਇਹ ਅਥਾਰਟੀ ਕੁਝ ਸਾਲ ਪਹਿਲਾਂ ਹੀ ਬਣਾਈ ਗਈ ਸੀ। ਇਸ ਅਥਾਰਟੀ ਨੂੰ ਇਤਿਹਾਸਕ ਇਮਾਰਤਾਂ ਦੀ ਮੁਰੰਮਤ ਵਿਚ ਮੁਹਾਰਤ ਹਾਸਲ ਹੈ।ਇਤਿਹਾਸਕ ਇਮਾਰਤਾਂ ਦੀ ਸੰਭਾਲ ਲਈ ਕੰਮ ਕਰਨ ਵਾਲੇ ਮੁਹੰਮਦ ਵਕਾਰ ਨੇ ਦੱਸਿਆ, ਕਿ ਅਸੀਂ ਇਕ ਮੋਟਾ ਅਨੁਮਾਨ ਲਾ ਰਹੇ ਹਾਂ, ਜਿਸ ਨੂੰ ਤੁਸੀਂ ਹੱਥਾਂ ਨਾਲ ਕੀਤਾ ਜਾਣ ਵਾਲਾ ਦਸਤਾਵੇਜ਼ੀਕਰਨ ਵੀ ਕਹਿ ਸਕਦੇ ਹੋ। ਅਸੀਂ ਇਮਾਰਤ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਦੇ ਵੇਰਵੇ ਦਰਜ ਕਰ ਰਹੇ ਹਾਂ।ਵਕਾਰ ਨੇ ਦੱਸਿਆ ਕਿ ਦੂਸਰੇ ਪੜਾਅ ਵਿਚ 3-ਡੀ ਸਕੈਨਰ ਦੀ ਵਰਤੋਂ ਵੀ ਕੀਤੀ ਜਾਵੇਗੀ। ਉਸ ਤੋਂ ਬਾਅਦ ਹੀ ਮੁਰੰਮਤ ਦੀ ਲਾਗਤ ਦਾ ਅਨੁਮਾਨ ਲਾਇਆ ਜਾਵੇਗਾ।ਵਕਾਰ ਨੂੰ ਯਕੀਨ ਹੈ ਕਿ ਇਮਾਰਤ ਦੇ ਕੁਝ ਹਿੱਸਿਆਂ ਨੂੰ ਤਾਂ ਨਵੇਂ ਸਿਰੇ ਤੋਂ ਹੀ ਉਸਾਰਨਾ ਪਵੇਗਾ। ਇਸ ਦੇ ਨਾਲ ਹੀ ਉਨ੍ਹਾਂ ਯਕੀਨ ਦਵਾਇਆ ਕਿ ਨਵੇਂ ਹਿੱਸੇ ਪੁਰਾਣੇ ਵਰਗੇ ਹੀ ਹੋਣਗੇ ਅਤੇ ਉਸ ਨਾਲ ਮੇਲ ਖਾਣਗੇ।'

ਕੈਨੇਡਾ ਅਤੇ ਅਮਰੀਕਾ ਵਿੱਚ ਵਸਦੇ ਸਿੱਖ ਭਾਈਚਾਰੇ ਨੇ ਵੀ ਇਸ ਪ੍ਰੋਜੈਕਟ ਲਈ ਫੰਡ ਦੇਣ ਦੀ ਰੁਚੀ ਜ਼ਾਹਰ ਕੀਤੀ ਹੈ।ਰਜ਼ਾ ਵਕਾਰ ਇੱਕ ਸਥਾਨਕ ਪੱਤਰਕਾਰ ਅਤੇ ਕਾਰਕੁਨ ਹਨ। ਉਨ੍ਹਾਂ ਨੂੰ ਜਿਹਲਮ ਵਿਚਲੀਆਂ ਸਿੱਖ ਇਤਿਹਾਸਕ ਇਮਾਰਤਾਂ ਦੀ ਸੰਭਾਲ ਲਈ ਸੰਘਰਸ਼ ਕਰਦਿਆਂ ਲਗਪਗ ਇੱਕ ਦਹਾਕਾ ਹੋ ਗਿਆ ਹੈ।ਵਕਾਰ ਨੇ ਖ਼ੁਸ਼ੀ ਦੇ ਭਾਵਾਂ ਨਾਲ ਕਿਹਾ,ਕਿ "ਇਨ੍ਹਾਂ ਇਮਾਰਤਾਂ ਨਾਲ ਸਾਡੇ ਸ਼ਹਿਰ ਦਾ ਖ਼ੁੱਸਿਆ ਮਾਣ ਅਤੇ ਖਿੱਚ ਵਾਪਸ ਆ ਜਾਵੇਗੀ।" ਵਕਾਰ ਮੁਤਾਬਕ ਸੰਸਾਰ ਭਰ ਤੋਂ ਆਉਣ ਵਾਲੇ ਸਿੱਖਾਂ ਦੀ ਮਹਿਮਾਨ ਨਵਾਜ਼ੀ ਕਰਕੇ ਜਿਹਲਮ ਸ਼ਹਿਰ ਵਾਲਿਆਂ ਨੂੰ ਖ਼ੁਸ਼ੀ ਹੋਵੇਗੀ। ਜਿਹਲਮ ਵਿਚ ਹੀ ਜਨਮ-ਸਥਾਨ ਮਾਤਾ ਕੌਰ ਸਾਹਿਬ ਦੀ ਵੀ ਇਸੇ ਪ੍ਰੋਜੈਕਟ ਤਹਿਤ ਮੁਰੰਮਤ ਕੀਤੀ ਜਾ ਰਹੀ ਹੈ। ਕੁਝ ਸਾਲ ਪਹਿਲਾਂ ਧਾਰਮਿਕ ਸਥਾਨਾਂ ਦੀ ਸੰਭਾਲ ਕਰਨ ਵਾਲੇ ਵਿਭਾਗ ਨੇ ਇਸ ਦੀ ਮੁਰੰਮਤ ਕੀਤੀ ਸੀ ਜਿਸ ਵਿੱਚ ਇਸ ਦੀ ਅਸਲੀ ਦਿੱਖ ਬਿਲਕੁਲ ਖ਼ਤਮ ਹੋ ਗਈ ਸੀ।

ਹੁਣ ਉਸ ਨੂੰ ਵੀ ਪੁਰਾਣੀ ਦਿੱਖ ਮੁੜ ਤੋਂ ਦਿੱਤੀ ਜਾਵੇਗੀ। ਅਧਿਕਾਰੀਆਂ ਨੂੰ ਉਮੀਦ ਹੈ ਕਿ ਇਹ ਕੰਮ ਅਗਲੇ ਸਾਲ ਤੋਂ ਪਹਿਲਾਂ ਪੂਰਾ ਹੋ ਜਾਵੇਗਾ ਅਤੇ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਜਾਵੇਗਾ।

## ਪੰਜਾਬ ਹੁਣ ਪਹਿਲਾਂ ਵਾਲਾ ਨਹੀਂ ਰਿਹਾ

ਵਿਚ ਕੰਧ ਨਾਲ਼ ਖੜ੍ਹੇ ਹੋ ਕੇ ਪਿਛਾਬ ਕਰਦੇ ਦੇਖੇ ਜਾਂਦੇ ਹਨ। ਸੁਣਿਆਂ ਹੈ ਕਿ ਮੋਗੇ ਮੀਹ ਪੈਣ ਦੀ ਸੂਰਤ ਵਿਚ ਮੀਹ ਤੇ ਸੀਵਰੇਜ਼ ਦਾ ਪਾਣੀ ਇੱਕ ਮਿੱਕ ਹੁੰਦੇ ਹਨ। ਮੇਨ ਬਜ਼ਾਰ ਪਾਣੀ ਨਾਲ਼ ਭਰਿਆ ਹੁੰਦਾ ਹੈ। ਇਸ ਗੰਦੇ ਪਾਣੀ ਵਿਚ ਲੰਘਣ ਲਈ ਕਈ ਕਈ ਦਿਨ ਬੰਦਿਆਂ ਨੂੰ ਪੈਂਟਾਂ ਲਾਹੁਣੀਆਂ ਪੈਂਦੀਆਂ ਤੇ ਸੁਆਣੀਆਂ ਨੂੰ ਆਪਣੀਆਂ ਸੁੱਥਣਾਂ ਗੋਡਿਆਂ ਤੱਕ ਚੁੱਕਣੀਆਂ ਪੈਦੀਆਂ ਹਨ।

ਸੜਕੀ ਆਵਾਜਾਈ ਸੌਖੀ ਕਰਨ ਲਈ ਸਰਕਾਰਾਂ ਨੇ ਪੁਲ਼ ਬਣਾਉਣੇ ਸ਼ੁਰੂ ਕੀਤੇ ਹਨ, ਚੰਗੀ ਗੱਲ ਹੈ। ਪਰ ਕਿਸੇ ਪੁਲ਼ ਦੇ ਨਿਰਮਾਣ ਲਈ ਸਮਾਂ ਸੀਮਾ ਕੋਈ ਨਹੀਂ। ਜਨਤਾ ਦੇ ਅਜਿਹੇ ਦੁਖੜਿਆਂ ਦਾ ਕਿਸੇ ਨੂੰ ਅਹਿਸਾਸ ਨਹੀਂ।

ਇੱਕ ਸਮਾ ਸੀ ਜਦੋਂ ਕਿਸੇ ਕੁੜੀ-ਕੱਤਰੀ ਲਈ, ਗਵੱਈਏ ਜਾਂ ਗੁਰੂ ਮਹਾਰਾਜ ਦੀ ਭੇਟਾ ਲਈ ਇਕ ਰੁਪਈਆਂ ਬਹੁਤ ਹੁੰਦਾ ਸੀ। ਹੁਣ ਸੌ ਦਾ ਨੋਟ ਵੀ ਛੋਟਾ ਹੋ ਗਿਆ ਹੈ। ਹੁਣ ਸੌ ਦੇ ਨੋਟ ਦੀ ਥਾਂ ਪੰਜ ਸੌ ਦੇ ਨੋਟ ਨੇ ਲੈ ਲਈ ਹੈ। ਪਹਿਲਾ ਜਿੱਥੇ ਕੋਈ ਕੰਮ 10-15 ਰੁਪਏ ਵਿਚ ਹੁੰਦਾ ਸੀ ਹੁਣ ਉਹ ਕੰਮ 40-50 ਰੁਪਏ ਵਿਚ ਹੁੰਦਾ ਹੈ। ਹੁਣ 'ਲੱਖ-ਪਤੀ' ਹੋਣ ਦਾ ਮੁਹਾਵਰਾ ਅਰਥਹੀਣ ਹੋ ਗਿਆ ਹੈ, 'ਕਰੋੜ-ਪਤੀ' ਹੋਣ ਦੀ ਮਿਆਦ ਵੀ ਪੁੱਗਣ ਕਿਨਾਰੇ ਹੈ।

ਦੂਜੇ ਪਾਸੇ ਪਿੰਡਾਂ ਵਿਚ ਕੋਠਿਆਂ ਦੀ ਥਾਂ 'ਕੋਠੀਆਂ' ਬਣੀਆਂ ਦੇਖੀਆਂ। ਰਿਜ਼ਕ ਨਾਲ਼ ਝੂਮਦੀ ਸਾਉਣੀ ਦੀ ਫਸਲ, ਝੋਨੇ ਦੇ ਹਰੇ ਭਰੇ ਖੇਤ ਤੇ ਪਾਣੀ ਦੀ ਨਿਰਮਲ ਧਾਰਾ ਨਾਲ ਚਲਦੀਆਂ ਬੰਬੀਆਂ ਦੇਖੀਆਂ। ਇਹ ਇੱਕ ਚੰਗਾ ਪੱਖ ਹੈ। ਪਰ ਜਿਨ੍ਹਾਂ ਕੱਸੀਆਂ ਦੇ ਕਿਨਾਰਿਆਂ 'ਤੇ ਵਹਿੰਦੇ ਪਾਣੀਆਂ ਵਿਚ ਲੱਤਾਂ ਲਮਕਾਅ ਕੇ ਬੈਠ ਸੂਰਗੀ ਅਨੰਦ ਮਾਣਦੇ ਸਾਂ, ਉਹ ਹੁਣ ਸੁੱਕੀਆਂ ਤੇ ਵਿਰਾਨ ਹਨ, ਉੱਨ੍ਹਾ ਵਿਚ ਘਾਹ ਫੂਸ ਤੇ ਸਰਕੜੇ ਉੱਗੇ ਹੋਏ ਹਨ। ਲੰਮੇ ਰੂਟ ਵਾਲੀਆਂ ਸੜਕਾਂ ਦੀ ਹਾਲਤ ਚੰਗੀ ਹੈ। ਪਰ ਟ੍ਰੈਫਿਕ ਦਾ ਹਾਲ ਬਹੁਤ ਮਾੜਾ ਹੈ। ਅਣਹੋਏ ਕਤਲਾਂ ਤੇ ਸੜਕੀ ਐਕਸੀਡੈਂਟਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਵਿਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਗੱਭਰੂਆਂ ਵਿਚ ਲਿਸ਼ ਲਿਸ਼ ਕਰਦੇ ਚਿੱਟੇ ਕੁੜਤੇ ਪਜਾਮੇ ਪਾਉਣ, ਕੰਮ ਤੋਂ ਕੰਨੀ ਕਤਰਾਉਣ, ਵਿਹਲੇ ਰਹਿਣ ਤੇ ਨਸ਼ੇ ਪਤੇ ਕਰਨ ਦਾ ਸ਼ੌਕ ਹੈ। ਹਰ ਬੱਚੇ-ਬੰਦੇ ਕੋਲ ਮੋਬਾਇਲ ਹੈ। ਹਰ ਘਰ ਵਿਚ ਕਾਰ, ਸਕੂਟਰ ਜਾਂ ਮੋਟਰਸਾਇਕਲ ਹੈ। ਪਰ ਹੈਰਾਨੀ ਹੈ ਕਿ ਜਿਨ੍ਹਾਂ ਦੀ ਮਾਸਕ ਜਾਂ ਰੋਜ਼ਾਨਾ ਆਮਦਨ ਦਾ ਕੋਈ ਵਸੀਲਾ ਨਹੀਂ, ਹਾੜ੍ਹੀ-ਸਾਉਣੀ ਦੀ ਫਸਲ ਨਾਲ਼ ਗੁਜ਼ਾਰਾ ਹੁੰਦਾ ਹੈ; ਉਹ ਰੋਜ਼ਾਨਾ ਦੇ ਨਸ਼ੇ ਪੱਤੇ, ਕਿਰਾਏ-ਭਾੜੇ ਤੇ ਪਟਰੌਲ ਆਦਿ ਦੇ ਖਰਚੇ ਕਿਵੇਂ ਤੇ ਕਿੱਥੋਂ ਪੂਰੇ ਕਰਦੇ ਹਨ ? ਇਹ ਘਾਲ਼ਾ ਮਾਲ਼ਾ ਸਮਝੋਂ ਬਾਹਰ ਹੈ।

ਦੁਨੀਆ ਦੀਆਂ ਲੋਕਤੰਤਰੀ ਸਰਕਾਰਾਂ ਆਪਣੇ ਦੇਸ਼ ਦੀ ਜਨਤਾ ਨਾਲ਼ ਏਨਾਂ ਕੋਝਾ ਮਜ਼ਾਕ ਨਹੀਂ ਕਰਦੀਆਂ ਜਿੰਨਾ ਸਾਡੇ ਦੇਸ਼ ਦੀਆਂ ਸਰਕਾਰਾਂ ਕਰਦੀਆਂ ਹਨ। ਕਾਂਗਰਸ ਨੂੰ ਹਰਾ ਕੇ ਜਦੋਂ ਪੰਜਾਬ ਵਿਚ ਅਕਾਲੀ ਪਾਵਰ ਵਿਚ ਆਏ ਸਨ ਤਾਂ ਉਨ੍ਹਾਂ ਢੋਲ 'ਤੇ ਡੱਗਾ ਲਾਇਆ ਸੀ, ਅਖੇ; ਕਾਂਗਰਸੀ ਖਜ਼ਾਨਾ ਖਾਲੀ ਕਰ ਗਏ ਹਨ, ਅਸੀਂ ਕੀ ਕਰੀਏ ? ਹੁਣ ਜਦੋਂ ਕਾਂਗਰਸੀ ਪਾਵਰ ਵਿਚ ਆਏ ਹਨ ਤਾਂ ਇਹੋ ਰਾਗ ਕਾਂਗਰਸੀ ਅਲਾਪ ਰਹੇ ਹਨ ਕਿ ਅਕਾਲੀ ਖਜ਼ਾਨਾ ਚਟਮ ਕਰ ਗਏ ਹਨ, ਅਸੀਂ ਕੀ ਕਰੀਏ ? ਇਨ੍ਹਾਂ ਦੀਆਂ ਗੱਲਾਂ 'ਤੇ ਕੌਣ ਯਕੀਨ ਕਰੇ ? ਕਿਸ ਨੂੰ ਪਤਾ ਨਹੀਂ ਕਿ ਦੇਸ਼ ਦੇ ਲੋਕਾਂ ਦੀ ਰੱਤ ਕੌਣ ਚੂਸ ਰਿਹਾ ਹੈ ?

ਪੰਜਾਬ ਘੋਰ ਨਿਰਾਸਤਾ ਦੀ ਚੱਕੀ ਵਿਚ ਪਿਸ ਰਿਹਾ ਹੈ। ਭਵਿੱਖ ਦੇ ਹਨੇਰੇ ਵਿਚ ਤੜਪਦੀ, ਭੜਕਦੀ ਤੇ ਬੇਚੈਨ ਜੁਆਨੀ ਉੱਬਲ਼ ਰਹੀ ਹੈ ਤੇ ਕਿਸੇ ਵੀ ਅੱਗ ਵਿਚ ਛਾਲ਼ ਮਾਰਨ ਲਈ ਤਿਆਰ ਹੈ। ਇੱਕ ਪਾਸੇ ਧਰਨੇ, ਮੁਜ਼ਾਹਰੇ, ਹੜਤਾਲਾਂ ਤੇ ਮਰਨ ਵਰਤ ਹੋ ਰਹੇ ਹਨ। ਤਰ੍ਹਾਂ ਤਰ੍ਹਾਂ ਦੇ ਭਿਆਨਕ ਤਰੀਕੇ ਵਰਤ ਕੇ ਲੋਕ ਮੌਤ ਨੂੰ ਗਲ਼ ਨਾਲ਼ ਲਾ ਰਹੇ, ਆਤਮ ਹਤਿਆਵਾਂ ਕਰ ਰਹੇ ਤੇ ਘਰ ਘਰ ਵੈਣ ਪੈ ਰਹੇ ਹਨ। ਦੂਜੇ ਪਾਸੇ ਨਗਰ ਕੀਰਤਨਾਂ, ਅਖੰਡਪਾਠਾਂ, ਇਕੋਤਰੀਆਂ, ਜਗਰਾਤਿਆਂ, ਭੰਡਾਰਿਆਂ ਤੇ ਤੀਰਥ ਯਾਤਰਾਵਾਂ ਦਾ ਕੋਈ ਅੰਤ ਹਿਸਾਬ ਨਹੀਂ। ਬੇਲਗਾਮ ਪਰਬੰਧਕੀ ਢਾਂਚੇ ਦੀ ਰਿਸ਼ਵਤ ਤੇ ਸਫਾਰਸ਼ ਬਗੈਰ ਤੂੰਬੀ ਟੁਣਕਦੀ ਨਹੀਂ। ਸਿੱਟਾ ਇਹ ਹੈ ਕਿ ਇਕ ਪਾਸੇ ਪੰਜਾਬ ਦਿਨੋ ਦਿਨ ਰਸਾਤਲ ਵੱਲ ਜਾ ਰਿਹਾ ਹੈ। ਪੰਜਾਬ ਦਾ ਪੌਣ-ਪਾਣੀ ਤੇ ਖਾਧ-ਖੁਰਾਕ ਪਲੀਤ ਹੋ ਰਹੀ ਹੈ। ਪੰਜਾਬ ਦੀ ਬੇਵੱਸ ਤੇ ਬੇਅਵਾਜ਼ ਜਨਤਾ ਦਿਨੋ ਦਿਨ ਗਰੀਬ, ਬਿਮਾਰ ਤੇ ਗੁਲਾਮਾਂ ਵਰਗੀ ਜੂਨ ਭੋਗ ਰਹੀ ਹੈ। ਦੂਜੇ ਪਾਸੇ ਲੀਡਰ ਲੋਕ ਸਕਿਉਰਿਟੀ ਦੇ ਕਾਫਲਿਆਂ ਵਿਚ ਧੂੜਾਂ ਉਡਾਉਂਦੇ, ਜਨਤਾ ਨੂੰ ਗਰਮਾ ਗਰਮ ਭਾਸ਼ਨ ਵੰਡਦੇ, ਲਗਜ਼ਰੀ ਕਾਰਾਂ ਤੇ ਹੈਲੀਕਾਪਟਰਾਂ ਵਿਚ ਝੂਟੇ ਲੈਂਦੇ ਤੇ ਏਸੀ. ਕੋਠੀਆਂ ਵਿਚ ਨੀਰੋ ਵਾਂਗ ਬੰਸਰੀ ਦੀਆਂ ਧੁਨਾਂ ਵਿਚ ਮਗਨ ਹੁੰਦੇ ਹਨ।

## ਮੋਦੀ ਦੇ 'ਭਗਵੇਂ ਵਿਗਿਆਨੀਆਂ' ਨੇ ਕੀਤਾ ਭਾਰਤ ਨੂੰ ਸ਼ਰਮਸ਼ਾਰ

ਸਾਇੰਸ ਕਾਂਗਰਸ ਵਿਚ ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜੀ ਨਾਗੇਸ਼ਵਰ ਰਾਓ ਨੇ ਇਕ ਬਹੁਤ ਹੀ ਦਿਲਚਸਪ ਦਾਅਵਾ ਕੀਤਾ।

ਉਨ੍ਹਾਂ ਕਿਹਾ ਕਿ, "ਕੋਈ ਯਕੀਨ ਨਹੀਂ ਕਰਦਾ ਕਿ ਗੰਧਾਰੀ ਨੇ 100 ਬੱਚਿਆਂ ਨੂੰ ਜਨਮ ਕਿਵੇਂ ਦਿੱਤਾ। ਇਹ ਕਿਵੇਂ ਸੰਭਵ ਹੈ ? ਕੀ ਕੋਈ ਔਰਤ ਆਪਣੀ ਜ਼ਿੰਦਗੀ ਵਿਚ 100 ਬੱਚਿਆਂ ਨੂੰ ਜਨਮ ਦੇ ਸਕਦੀ ਹੈ ? ਪਰ ਹੁਣ ਅਸੀਂ ਮੰਨਦੇ ਹਾਂ ਕਿ ਸਾਡੇ ਕੋਲ ਟੈਸਟ ਟਿਊਬ-ਬੱਚੇ ਹਨ। ਮਹਾਂਭਾਰਤ ਕਹਿੰਦੀ ਹੈ ਕਿ 100 ਆਂਡਿਆਂ ਦੀ ਫਰਟੀਲਾਈਜ਼ੇਸਨ ਕਰਕੇ ਇਨ੍ਹਾਂ ਨੂੰ ਘੜਿਆਂ ਵਿਚ ਰੱਖਿਆ ਗਿਆ। ਕੀ ਇਹ ਟੈਸਟ ਟਿਊਬ-ਬੱਚੇ ਨਹੀਂ ਸਨ ? ਜ਼ਾਹਰ ਹੈ ਕਿ ਸਟੈਮ ਸੈੱਲ ਰਿਸਰਚ ਇਸ ਦੇਸ਼ ਵਿਚ ਹਜ਼ਾਰਾਂ ਸਾਲ ਪਹਿਲਾਂ ਮੌਜੂਦ ਸੀ। ਅੱਜ ਅਸੀਂ ਸਟੈਮ ਸੈਲ ਰਿਸਰਚ ਦੀ ਗੱਲ ਕਰਦੇ ਹਾਂ।"

ਉਹ ਕਹਿੰਦੇ ਗਏ ਕਿ "ਸਾਡੇ ਕੋਲ ਸਟੈਮ ਸੈੱਲ ਰਿਸਰਚ ਅਤੇ ਟੈਸਟ ਟਿਊਬ-ਬੇਬੀ ਤਕਨੀਕ ਸਦਕਾ ਇਕ ਮਾਂ ਤੋਂ ਸੈਂਕੜੇ ਕੌਰਵ ਪੈਦਾ ਹੋਏ ਸਨ। ਇਹ 'ਕੁਝ' ਹਜ਼ਾਰ ਸਾਲ ਪਹਿਲਾਂ ਹੋਇਆ। ਇਹ ਤਾਂ ਦੇਸ਼ ਵਿਚ ਵਿਗਿਆਨ ਦਾ ਪੱਧਰ ਸੀ।"

ਡਾਰਵਿਨ ਦਾ ਸਿਧਾਂਤ ਤੇ ਵਿਸ਼ਨੂੰ ਦੇ ਦਸ ਅਵਤਾਰ : "ਭਵਿੱਖ ਦਾ ਭਾਰਤ-ਵਿਗਿਆਨ ਅਤੇ ਤਕਨੀਕ" ਵਿਸ਼ੇ 'ਤੇ ਹੋ ਰਹੀ ਇਸ ਕਾਨਫਰੰਸ ਵਿਚ ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਕੋਲ ਸਦੀਆਂ ਪਹਿਲਾਂ ਗਾਈਡਡ ਮਿਜ਼ਾਈਲਾਂ ਦੀ ਤਕਨਾਲੋਜੀ ਮੌਜੂਦ ਸੀ।ਉਨ੍ਹਾਂ ਅੱਗੇ ਕਿਹਾ ਕਿ ਵਿਸ਼ਨੂੰ ਦੇ 10 ਅਵਤਾਰ ਡਾਰਵਿਨ ਵੱਲੋਂ ਮਨੁੱਖੀ ਵਿਕਾਸ ਦਾ ਸਿਧਾਂਤ ਦਿੱਤੇ ਜਾਣ ਤੋਂ ਕਈ ਸਦੀਆਂ ਪਹਿਲਾਂ ਹੋਏ ਸਨ। ਉਨ੍ਹਾਂ ਅੱਗੇ ਕਿਹਾ, ਕਿ "ਡਾਰਵਿਨ ਦਾ ਕਹਿਣਾ ਹੈ ਕਿ ਜੀਵਨ ਪਾਣੀ ਵਿਚ ਪੈਦਾ ਹੋਇਆ ਅਤੇ ਵਿਸ਼ਨੂੰ ਦਾ ਪਹਿਲਾ ਮਤਸ ਅਵਤਾਰ ਵੀ ਪਾਣੀ ਵਿਚੋਂ ਹੀ ਪੈਦਾ ਹੋਇਆ ਸੀ। ਆਪਣੇ ਦੂਸਰੇ ਅਵਤਾਰ ਵਿਚ ਉਨ੍ਹਾਂ ਨੇ ਕੱਛੂ ਦਾ ਰੂਪ ਧਾਰਨ ਕੀਤਾ, ਜੋ ਕਿ ਇਕ ਜਲ ਅਤੇ ਥਲ ਦੋਵਾਂ ਵਿਚ ਰਹਿ ਸਕਣ ਵਾਲਾ ਜੀਵ ਹੈ। ਤੀਜੇ ਵਿਚ ਉਹ ਸੂਰ ਦੇ ਮੂੰਹ ਅਤੇ ਮਨੁੱਖ ਦੇ ਧੜ ਵਾਲੇ (ਵਰ੍ਹਾ) ਬਣੇ ਅਤੇ ਚੌਥਾ ਅਵਤਾਰ ਨਰਸਿੰਮ੍ਹਾ ਦਾ ਸੀ, ਜਿਸ ਦਾ ਸਿਰ ਸ਼ੇਰ ਦਾ ਅਤੇ ਧੜ ਇਨਸਾਨ ਦਾ ਸੀ। ਆਪਣੇ ਪੰਜਵੇਂ ਅਵਤਾਰ ਵਿਚ ਉਨ੍ਹਾਂ ਨੇ ਇਨਸਾਨੀ ਵਾਮਨ ਅਵਤਾਰ ਧਾਰਨ ਕੀਤਾ।"

ਆਪਣੀ ਪ੍ਰੇਜ਼ੈਂਟੇਸ਼ਨ ਵਿਚ ਉਨ੍ਹਾਂ ਕਿਹਾ,ਕਿ "ਭਗਵਾਨ ਰਾਮ ਨੇ ਅਸਤਰਾਂ-ਸ਼ਸਤਰਾਂ ਦੀ ਵਰਤੋਂ ਕੀਤੀ ਜਦਕਿ ਭਗਵਾਨ ਕ੍ਰਿਸ਼ਨ ਦਾ ਸੁਦਰਸ਼ਨ ਚੱਕਰ ਆਪਣੇ ਨਿਸ਼ਾਨੇ ਦਾ ਪਿੱਛਾ ਕਰ ਸਕਦਾ ਸੀ ਅਤੇ ਮਾਰਨ ਤੋਂ ਬਾਅਦ ਕ੍ਰਿਸ਼ਨ ਕੋਲ ਵਾਪਸ ਆ ਜਾਂਦਾ ਸੀ।"

ਇਥੇ ਹੀ ਬਸ ਨਹੀਂ, ਉਨ੍ਹਾਂ ਕਿਹਾ, ਕਿ "ਲੰਕਾ ਦੇ ਰਾਵਣ ਕੋਲ ਸਿਰਫ਼ ਇਕ (ਪੁਸ਼ਪਕ) ਵਿਮਾਨ ਨਹੀਂ ਸੀ ਸਗੋਂ ਉਸ ਕੋਲ ਵੱਖੋ-ਵੱਖ ਪ੍ਰਕਾਰ ਦੇ 24 ਜਹਾਜ਼ ਸਨ। ਉਸ ਕੋਲ ਕਈ ਹਵਾਈ ਅੱਡੇ ਸਨ ਅਤੇ ਜਹਾਜ਼ਾਂ ਦੀ ਜ਼ਰੂਰਤ ਮੁਤਾਬਕ ਵਰਤੋਂ ਕੀਤੀ ਜਾਂਦੀ ਸੀ।"

ਵੈਦਿਕ ਕਾਲ ਵਿਚ ਅੰਤਰ- ਗ੍ਰਹਿ ਜਹਾਜ਼ ਚਲਦੇ ਸਨ : ਉਸੇ ਕਾਨਫਰੰਸ ਵਿਚ ਇਕ ਪ੍ਰੇਜ਼ੈਂਟੇਸ਼ਨ ਵਿਚ ਕੈਪਟਨ ਆਨੰਦ ਜੇ ਬੋਸ ਨੇ ਕਿਹਾ, ਕਿ ਵੈਦਿਕ ਕਾਲ ਵਿਚ 200 ਫੁੱਟ ਲੰਬੇ ਜਹਾਜ਼ ਸਨ, ਜੋ ਹਵਾ ਵਿਚ ਹੀ ਅੱਗੇ, ਪਿੱਛੇ, ਸੱਜੇ-ਖੱਬੇ ਉੱਡ ਸਕਦੇ ਸਨ ਅਤੇ ਹਵਾ ਵਿਚ ਮੰਡਰਾ ਵੀ ਸਕਦੇ ਸਨ। ਇਨ੍ਹਾਂ ਦੇ 30 ਇੰਜਣ ਹੁੰਦੇ ਸਨ। ਇਨ੍ਹਾਂ ਦੀ ਖੋਜ 7000 ਸਾਲ ਪਹਿਲਾਂ ਮਹਾਂਰਿਸ਼ੀ ਭਾਰਦਵਾਜ ਨੇ ਕੀਤੀ ਸੀ।

ਪਸ਼ੂ ਖਾਣੇ ਨੂੰ ਸੋਨੇ ਵਿਚ ਬਦਲ ਸਕਦੇ ਹਨ : ਇਕ ਹੋਰ ਬੁਲਾਰੇ ਨੇ ਦਾਅਵਾ ਕੀਤਾ ਕਿ ਪਸ਼ੂਆਂ ਵਿਚ ਇਕ ਅਜਿਹਾ ਰਸਾਇਣ ਹੁੰਦਾ ਹੈ, ਜਿਸ ਨਾਲ ਉਹ ਕਿਸੇ ਵੀ ਖਾਧੀ ਗਈ ਵਸਤੂ ਨੂੰ 24 ਕੈਰਟ ਸ਼ੁੱਧ ਸੋਨੇ ਵਿਚ ਬਦਲ ਸਕਦੇ ਹਨ। ਹਾਲਾਂਕਿ ਉਨ੍ਹਾਂ ਨੇ ਪਸ਼ੂ ਦਾ ਨਾਮ ਨਹੀਂ ਦੱਸਿਆ। ਸ਼ਾਇਦ ਉਹ ਗਊ-ਮਾਤਾ ਕਹਿਣ ਤੋਂ ਸ਼ਰਮਾਅ ਗਏ ਹੋਣ।

ਮਹਾਂਭਾਰਤ ਦੇ ਸਮੇਂ ਦਾ ਹੈਲਮਟ ਮੰਗਲ ਗ੍ਰਹਿ 'ਤੇ ਪਿਆ ਹੈ : ਸਕ੍ਰੋਲ ਵੈਬਸਾਈਟ ਦੀ ਇਕ ਰਿਪੋਰਟ ਮੁਤਾਬਕ ਇਕ ਹੋਰ ਬੁਲਾਰੇ ਕਿਰਨ ਨਾਇਕ ਨੇ ਦਾਅਵਾ ਕੀਤਾ ਕਿ ਮਹਾਂਭਾਰਤ ਦੀ ਲੜਾਈ ਵਿਚ ਜਹਾਜ਼ ਧਰਤੀ ਤੋਂ ਚੰਦ ਅਤੇ ਫੇਰ ਚੰਦ ਤੋਂ ਮੰਗਲ ਗ੍ਰਹਿ ਵੱਲ ਇਕ-ਦੂਸਰੇ ਦੇ ਪਿੱਛੇ ਗਏ ਸਨ। ਆਪਣੀ ਗੱਲ ਦੇ ਸਬੂਤ ਵਜੋਂ ਉਨ੍ਹਾਂ ਕਿਹਾ ਕਿ ਇਸ ਦੇ ਸਬੂਤ ਨਾਸਾ ਨੇ ਲੱਭੇ ਹਨ ਜੋ ਕਿ ਗੂਗਲ ਉਤੇ ਸਰਚ ਕਰਕੇ ਦੇਖੇ ਜਾ ਸਕਦੇ ਹਨ। ਨਾਇਕ ਨੇ ਇਕ ਹੋਰ ਦਾਅਵਾ ਕੀਤਾ ਕਿ ਗਣੇਸ਼ ਦਾ ਸਿਰ ਜੋੜਣ ਲਈ ਕੀਤੀ ਗਈ ਪਲਾਸਟਿਕ ਸਰਜਰੀ ਵਿਚ ਗਰਮ ਸ਼ੂਗਰ ਦੀ ਵਰਤੋਂ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਗਣੇਸ਼ ਦਾ ਸਿਰ ਜੋੜਨ ਲਈ ਕੀਤੀ ਗਈ ਪਲਾਸਿਟਕ ਸਰਜਰੀ ਦੇ ਚਮਤਕਾਰ ਬਾਰੇ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੰਬਈ ਵਿਚ ਇਕ ਹਸਪਤਾਲ ਦੇ ਉਦਘਾਟਨ ਸਮੇਂ ਖੁਦ ਵੀ ਜ਼ਿਕਰ ਕੀਤਾ ਸੀ।

ਪਾਣੀ ਵਿਚ ਰੱਖ ਕੇ ਪੋਸਟਮਾਰਟਮ : ਹਿੰਦੁਸਤਾਨ ਟਾਈਮਜ਼ ਦੀ ਖ਼ਬਰ ਮੁਤਾਬਕ ਉਸੇ ਕਾਨਫਰੰਸ ਵਿਚ ਇਕ ਹੋਰ ਬੁਲਾਰੇ ਨੇ ਦਾਅਵਾ ਕੀਤਾ ਕਿ ਪ੍ਰਾਚੀਨ ਕਾਲ ਵਿਚ ਲਾਸ਼ ਨੂੰ ਤਿੰਨ ਦਿਨਾਂ ਤਕ ਪਾਣੀ ਵਿਚ ਤਰਦਿਆਂ ਛੱਡ ਕੇ ਉਸ ਦਾ ਪੋਸਟਮਾਰਟਮ ਕੀਤਾ ਜਾਂਦਾ ਸੀ।

ਜਦੋਂ ਲਾਸ਼ ਫੁੱਲ ਜਾਂਦੀ ਸੀ ਤਾਂ ਨਸ਼ਤਰਾਂ ਨਾਲ, ਜਿਨ੍ਹਾਂ ਦੇ ਨਾਮ ਪਸ਼ੂਆਂ ਤੇ ਪੰਛੀਆਂ ਦੇ ਨਾਵਾਂ ਉੱਪਰ ਰੱਖੇ ਹੋਏ ਸਨ, ਉਸ ਦੀ ਚੀਰ-ਫਾੜ ਕੀਤੀ ਜਾਂਦੀ ਸੀ।

ਕਈ ਸਾਲਾਂ ਤੋਂ ਚਾਲੂ ਹੈ ਭਗਵਿਆਂ ਦਾ 'ਗੱਪੀ-ਟੇਸ਼ਨ' : ਅਜਿਹਾ ਪਹਿਲੀ ਵਾਰ ਨਹੀਂ ਹੈ ਕਿ ਸਾਇੰਸ ਕਾਨਫਰੰਸ ਵਿਚ ਕਿਸੇ ਨੇ ਵੈਦਿਕ ਸਾਹਿਤ ਵਿਚੋਂ ਭਾਰਤ ਦੀ ਵਿਗਿਆਨਕ ਤਰੱਕੀ ਦੀਆਂ ਸਾਖੀਆਂ ਸੁਣਾਈਆਂ ਹੋਣ, ਇਹ ਸਭ ਪਹਿਲਾਂ ਵੀ ਹੁੰਦਾ ਰਿਹਾ ਹੈ। ਸਾਇੰਸ ਕਾਨਫਰੰਸ ਵਿਗਿਆਨ ਭਾਰਤ ਵਿਚ ਹੁੰਦੇ ਵਿਗਿਆਨੀਆਂ ਦੇ ਵੱਕਾਰੀ ਅਤੇ ਵੱਡੇ ਇਕੱਠਾਂ ਵਿਚੋਂ ਇਕ ਹੁੰਦੀ ਹੈ।ਇਸ ਤੋਂ ਪਹਿਲਾਂ 102ਵੀਂ ਸਾਇੰਸ ਕਾਨਫਰੰਸ ਮੁੰਬਈ ਵਿਚ ਹੋਈ ਸੀ, ਜਿਸ ਦਾ ਥੀਮ "ਵੈਦਿਕ ਮੈਥੇਡੋਲੋਜੀ ਅਬਾਊਟ ਏਵੀਏਸ਼ਨ" ਅਤੇ "ਐਨਸ਼ੀਐਂਟ ਸਾਇੰਸ ਥਰੂ ਸੰਸਕ੍ਰਿਤ" ਸਨ। ਇੰਡੀਆ ਟੂਡੇ ਮੁਤਾਬਕ ਇਸ ਕਾਨਫਰੰਸ ਵਿਚ ਵੀ ਪ੍ਰਾਚੀਨ ਭਾਰਤ ਦੇ ਵਿਗਿਆਨਕ ਵਿਕਾਸ ਬਾਰੇ ਕੁਝ ਦਾਅਵੇ ਕੀਤੇ ਗਏ ਸਨ; ਜਿਵੇਂ ਕਿ ਪਾਈਥਾਗੋਰਸ ਦਾ ਸਿਧਾਂਤ ਗਰੀਸ ਨਹੀਂ, ਭਾਰਤ ਵਿੱਚ ਦਿੱਤਾ ਗਿਆ। ਇਸ ਕਾਨਫਰੰਸ ਦੇ ਉਦਘਾਟਨੀ ਭਾਸ਼ਣ ਵਿਚ ਹੀ ਤਤਕਾਲੀ ਸਿਹਤ ਮੰਤਰੀ ਹਰਸ਼ ਵਰਧਨ ਨੇ ਕਿਹਾ ਸੀ ਕਿ ਭਾਰਤ ਨੇ ਦੁਨੀਆ ਨੂੰ ਅਲਜੇਬਰਾ ਅਤੇ ਪਾਈਥਾਗੋਰਸ ਦੇ ਸਿਧਾਂਤ ਦਿੱਤੇ ਹਨ, ਜਿਸ ਦੀ ਵਰਤੋਂ ਕਿਸੇ 90 ਡਿਗਰੀ ਦੇ ਤਿਕੋਣ ਦੇ ਕਰਣ ਦੀ ਲੰਬਾਈ ਮਾਪਣ ਲਈ ਕੀਤੀ ਜਾਂਦੀ ਹੈ।

ਗੌਰਤਲਬ ਹੈ ਕਿ ਪਾਈਥਾਗੋਰਸ 6ਵੀਂ ਸਦੀ ਬੀਸੀ ਵਿਚ ਹੋਏ ਇਕ ਯੂਨਾਨੀ ਗਣਿਤ ਸ਼ਾਸ਼ਤਰੀ ਅਤੇ ਫਿਲਾਸਫਰ ਸਨ। ਮਹਾਨ ਫਿਲਾਸਫਰ ਪਲੈਟੋ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਸਨ। ਹਰਸ਼ ਵਰਧਨ ਦੇ ਬਚਾਅ ਵਿਚ ਇੱਕ ਹੋਰ ਬੁਲਾਰੇ ਨੇ ਕਿਹਾ ਸੀ, ਕਿ "800 ਬੀਸੀ ਵਿਚ ਲਿਖੇ ਸੁਲਭ ਸੂਤਰ ਵਿਚ ਬਾਉਧਿਆਨ ਨੇ ਇਕ ਜੀਓਮੈਟਰੀ ਦਾ ਫਾਰਮੂਲਾ ਲਿਖਿਆ, ਜਿਸ ਨੂੰ ਪਾਈਥਾਗੋਰਸ ਦਾ ਸਿਧਾਂਤ ਕਿਹਾ ਜਾਂਦਾ ਹੈ। ਬਾਉਧਿਆਨ ਨੇ ਇਹ ਪਾਈਥਾਗੋਰਸ ਤੋਂ 300 ਸਾਲ ਪਹਿਲਾਂ ਲਿਖ ਦਿੱਤਾ ਸੀ।"

ਰਾਓ ਦੇ ਦਾਅਵੇ ਦਾ ਕੱਚ-ਸੱਚ : ਭਾਭਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ ਵਿਚ ਰੀਡਰ ਦੇ ਅਹੁਦੇ ਉਤੇ ਤਾਇਨਾਤ ਅੰਕਿਤ ਸੂਲੇ ਹੋਮੀ ਰਾਓ ਨੇ ਕਿਹਾ ਕਿ ਗੰਧਾਰੀ ਜਾਂ ਕੋਈ ਵੀ ਔਰਤ 100 ਬੱਚਿਆਂ ਨੂੰ ਜਨਮ ਦੇ ਹੀ ਨਹੀਂ ਸਕਦੀ ਹੈ। ਹਨ। ਉਨ੍ਹਾਂ ਕਿਹਾ, ਕਿ "ਸਟੈਮ ਸੈੱਲ ਰਿਸਰਚ, ਟੈਸਟ ਟਿਊਬ-ਬੱਚੇ, ਗਾਈਡਡ ਮਿਜ਼ਾਈਲਾਂ, ਹਵਾਈ ਜਹਾਜ਼ ਬਹੁਤ ਅਡਵਾਂਸ ਤਕਨੀਕਾਂ ਹਨ ਅਤੇ ਜਿਸ ਸਭਿਅਤਾ ਕੋਲ ਇਹ ਸਭ ਹਜ਼ਾਰਾਂ ਸਾਲ ਪਹਿਲਾਂ ਸਨ ਤਾਂ ਉਸ ਕੋਲ ਇਸ ਤੋਂ ਸਧਾਰਨ ਤਕਨੀਕਾਂ ਜੋ ਕਿ ਕਿਸੇ ਵਿਕਸਿਤ ਸਭਿਅਤਾ ਲਈ ਜਰੂਰੀ ਹਨ, ਉਹ ਵੀ ਜ਼ਰੂਰ ਹੋਣੀਆਂ ਚਾਹੀਦੀਆਂ ਹਨ।" ਸੂਲੇ ਨੇ ਅੱਗੇ ਕਿਹਾ, ਕਿ " ਅਜਿਹਾ ਕਰਨ ਲਈ ਤੁਹਾਨੂੰ ਬਿਜਲੀ, ਧਾਤ ਵਿਗਿਆਨ ਮਕੈਨਿਕਸ, ਪ੍ਰੋਪਲਸ਼ਨ ਆਦਿ ਦੀ ਲੋੜ ਹੁੰਦੀ ਹੈ। ਸਾਨੂੰ ਇਨ੍ਹਾਂ ਵਿਚੋਂ ਕਿਸੇ ਦੇ ਵੀ ਸਬੂਤ ਨਹੀਂ ਮਿਲਦੇ। ਪਿਛਲੇ ਕੁਝ ਸਾਲਾਂ ਵਿਚ ਵੈਦਿਕ ਟਾਪਿਕਾਂ ਦੇ ਊਲ-ਜਲੂਲ ਅਰਥ ਕੱਢਣ ਲਈ ਨਵੀਂ ਵਿਆਖਿਆ ਕਰਨ ਦੀ ਰੁਚੀ ਕੁਝ ਲੋਕਾਂ ਵਿਚ ਜ਼ਿਆਦਾ ਹੀ ਵਧ ਰਹੀ ਹੈ।"

## ਚੀਨ ਨੇ ਕੀਤਾ ਪੁਲਾੜ ਵਿਗਿਆਨ 'ਚ ਕ੍ਰਿਸ਼ਮਾ

ਜਿਸ ਨਾਲ ਪੁਲਾੜ ਯਾਤਰੀਆਂ ਨੂੰ ਧਰਤੀ ਉੱਤੇ ਵਾਪਸ ਨਹੀਂ ਆਉਣਾ ਪਵੇਗਾ ਅਤੇ ਸਮੇਂ ਤੇ ਸਾਧਨਾਂ ਦੀ ਬੱਚਤ ਹੋਵੇਗੀ।ਇਸ ਮਿਸ਼ਨ ਵਿਚ ਕਪਾਹ ਦੇ ਨਾਲ ਗਮਲਿਆਂ ਵਿਚ ਮਿੱਟੀ ਪਾ ਕੇ ਆਲੂ ਦੇ ਬੀਜ ਅਤੇ ਇਸ ਤੋਂ ਇਲਾਵਾ ਫਰੂਟ-ਫਲਾਈ (ਇਕ ਮੱਖੀ) ਦੇ ਆਂਡੇ ਵੀ ਭੇਜੇ ਗਏ ਸਨ।ਇਹ ਬੂਟੇ ਸੀਲ ਬੰਦ ਹਨ ਅਤੇ ਉਸ ਬੰਦ ਵਾਤਾਵਰਣ ਵਿਚ ਇਹ ਇਕ ਬਨਾਵਟੀ ਆਤਮ-ਨਿਰਭਰ ਜੀਵ-ਖੇਤਰ ਸਿਰਜਣ ਦੀ ਕੋਸ਼ਿਸ਼ ਕਰਨਗੇ।

## ਆਈਲੈਟਸ ਨੇ ਪੰਜਾਬੀਆਂ ਦਾ ਆਰਥਿਕ ਤੇ ਮਾਨਸਿਕ ਤਵਾਜ਼ਨ ਹਿਲਾਇਆ

ਦੀ ਪ੍ਰੀਖਿਆ ਦਿੰਦੇ ਹਨ। ਆਈਲੈਟਸ ਦੀ ਪ੍ਰੀਖਿਆ ਫੀਸ 12,650 ਰੁਪਏ ਹੈ ਜੋ ਦਸ ਸਾਲ ਪਹਿਲਾਂ 7200 ਰੁਪਏ ਹੁੰਦੀ ਸੀ। ਆਈਡੀਪੀ ਨੇ ਕਾਰੋਬਾਰ ਨੂੰ ਦੇਖਦੇ ਹੋਏ ਅਗਸਤ 2012 ਵਿਚ ਬਠਿੰਡਾ ਵਿਚ ਵੀ ਪ੍ਰੀਖਿਆ ਕੇਂਦਰ ਸ਼ੁਰੂ ਕਰ ਦਿੱਤਾ ਸੀ। ਨੌਜਵਾਨ ਹਰ ਮਹੀਨੇ 35.42 ਕਰੋੜ ਰੁਪਏ ਇਕੱਲੀ ਪ੍ਰੀਖਿਆ ਫੀਸ ਦੇ ਰੂਪ ਵਿਚ ਭਰਦੇ ਹਨ। ਕੋਚਿੰਗ ਸੈਂਟਰ ਪ੍ਰਬੰਧਕਾਂ ਅਨੁਸਾਰ ਪੰਜਾਬ ਦੇ ਕਰੀਬ 30 ਤੋਂ 35 ਫੀਸਦੀ ਨੌਜਵਾਨ ਹੀ ਆਈਲੈਟਸ ਪ੍ਰੀਖਿਆ ਪਾਸ ਕਰਨ ਵਿਚ ਸਫਲ ਹੁੰਦੇ ਹਨ। ਬਹੁਤੇ ਪੇਂਡੂ ਨੌਜਵਾਨ ਤਿੰਨ-ਤਿੰਨ ਵਾਰ ਪ੍ਰੀਖਿਆ ਦੇਣ ਦੇ ਬਾਵਜੂਦ ਲੋੜੀਂਦੇ ਬੈਂਡ ਲੈਣ ਵਿਚ ਸਫਲ ਨਹੀਂ ਹੁੰਦੇ। ਆਈਲੈਟਸ ਦੀ ਕੋਚਿੰਗ ਫੀਸ 5000 ਤੋਂ ਸ਼ੁਰੂ ਹੋ ਕੇ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਕ ਦੀ ਹੈ। ਪੰਜਾਬੀ ਮੀਡੀਅਮ ਸਕੂਲਾਂ ਦੇ ਨੌਜਵਾਨਾਂ ਨੂੰ ਤਿੰਨ ਤੋਂ ਚਾਰ ਮਹੀਨੇ ਕੋਚਿੰਗ ਲੈਣੀ ਪੈਂਦੀ ਹੈ। ਉਨ੍ਹਾਂ ਨੂੰ ਕੋਚਿੰਗ ਤੇ ਪ੍ਰੀਖਿਆ ਫੀਸ ਦਾ ਖਰਚਾ ਹੀ ਕਰੀਬ 50 ਹਜ਼ਾਰ ਰੁਪਏ ਵਿਚ ਪੈਂਦਾ ਹੈ। ਇਕੱਲਾ ਔਸਤਨ ਕੋਚਿੰਗ ਖਰਚਾ ਪ੍ਰਤੀ ਵਿਦਿਆਰਥੀ ਅੰਦਾਜ਼ਨ 20 ਹਜ਼ਾਰ ਰੁਪਏ ਮੰਨੀਏ ਤਾਂ ਹਰ ਵਰ੍ਹੇ ਪ੍ਰੀਖਿਆ ਦੇਣ ਵਾਲੇ 3.36 ਲੱਖ ਨੌਜਵਾਨ ਸਾਲਾਨਾ 672 ਕਰੋੜ ਰੁਪਏ ਕੋਚਿੰਗ ਸੈਂਟਰਾਂ ਦੀ ਫੀਸ ਦਾ ਭਰ ਦਿੰਦੇ ਹਨ।

ਪੰਜਾਬ ਵਿਚ ਰਜਿਸਟਰਡ ਆਈਲੈਟਸ ਕੋਚਿੰਗ ਸੈਂਟਰਾਂ ਦੀ ਗਿਣਤੀ 1200 ਦੇ ਕਰੀਬ ਬਣਦੀ ਹੈ। ਆਈਡੀਪੀ ਨਾਲ ਇਕੱਲੇ ਉਤਰੀ ਭਾਰਤ ਦੇ ਕਰੀਬ 910 ਕੋਚਿੰਗ ਸੈਂਟਰ ਰਜਿਸਟਰਡ ਹਨ। ਪੰਜਾਬ ਅਣਏਡਿਡ ਡਿਗਰੀ ਕਾਲਜਿਜ਼ ਐਸੋਸੀਏਸ਼ਨ ਦੇ ਮੁੱਖ ਸਰਪ੍ਰਸਤ ਗੁਰਮੀਤ ਸਿੰਘ ਧਾਲੀਵਾਲ ਅਤੇ ਪ੍ਰਧਾਨ ਸੁਖਮੰਦਰ ਸਿੰਘ ਚੱਠਾ ਨੇ ਕਿਹਾ ਕਿ ਆਈਲੈਸ ਦੇ ਰੁਝਾਨ ਨੇ ਵੱਡੀ ਸੱਟ ਡਿਗਰੀ ਕਾਲਜਾਂ ਨੂੰ ਮਾਰੀ ਹੈ ਅਤੇ ਕਾਲਜ ਖਾਲੀ ਹੋਣ ਲੱਗੇ ਹਨ।

ਨੌਜਵਾਨ ਮਾਨਸਿਕ ਤਣਾਅ ਦੇ ਸ਼ਿਕਾਰ : ਬੈਂਡਾਂ ਦੀ ਮੰਡੀ 'ਚੋਂ ਨਿਹੱਥੇ ਹੋਏ ਨੌਜਵਾਨ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਮੋਗਾ ਜ਼ਿਲ੍ਹੇ ਵਿਚ ਇੱਕ ਵਿਦਿਆਰਥੀ ਨੇ ਬੈਂਡ ਨਾ ਆਉਣ ਮਗਰੋਂ ਖੁਦਕੁਸ਼ੀ ਕਰ ਲਈ ਸੀ। ਮਾਨਸਿਕ ਰੋਗਾਂ ਦੀ ਮਾਹਿਰ ਡਾ. ਨਿਧੀ ਗੁਪਤਾ ਨੇ ਦੱਸਿਆ ਕਿ ਹਰ ਮਹੀਨੇ ਉਨ੍ਹਾਂ ਕੋਲ ਅਜਿਹੇ ਵਿਦਿਆਰਥੀ ਆ ਰਹੇ ਹਨ ਜਿਨ੍ਹਾਂ ਦਾ ਬੈਂਡਾਂ ਨੇ ਮਾਨਸਿਕ ਤਵਾਜ਼ਨ ਹਿਲਾ ਰੱਖਿਆ ਹੈ।

ਮੈਰਿਜ ਪੈਲੇਸ ਬਣੇ ਪ੍ਰੀਖਿਆ ਕੇਂਦਰ :ਪੰਜਾਬ ਦੀ ਕਿਸਾਨੀ ਭਾਵੇਂ ਸੰਕਟ ਦੀ ਸ਼ਿਕਾਰ ਹੈ ਪਰ ਆਈਲੈੱਟਸ ਨੇ ਕਈ ਸਹਾਇਕ ਧੰਦੇ ਜ਼ਰੂਰ ਪੈਰਾਂ ਸਿਰ ਕਰ ਦਿੱਤੇ ਹਨ। ਪੰਜਾਬ ਦੇ ਹਰ ਵੱਡੇ ਸ਼ਹਿਰ 'ਚ ਦੋ-ਦੋ, ਤਿੰਨ-ਤਿੰਨ ਹੋਟਲ ਪੂਰੇ-ਪੂਰੇ ਸਾਲ ਲਈ ਬੁੱਕ ਹਨ ਜਿੱਥੇ ਵਿਦਿਆਰਥੀ ਪ੍ਰੀਖਿਆ ਦਿੰਦੇ ਹਨ। ਬਠਿੰਡਾ ਦੇ ਦੋ-ਤਿੰਨ ਮੈਰਿਜ ਪੈਲੇਸ ਵੀ ਪ੍ਰੀਖਿਆ ਕੇਂਦਰਾਂ ਵਿੱਚ ਤਬਦੀਲ ਹੋ ਗਏ ਹਨ। ਪੇਂਡੂ ਵਿਦਿਆਰਥੀ ਸ਼ਹਿਰਾਂ ਵਿਚ ਪੇਇੰਗ ਗੈਸਟ ਬਣ ਕੇ ਠਹਿਰਨ ਲੱਗੇ ਹਨ। ਬੱਸਾਂ ਦੀ ਬੁਕਿੰਗ ਵੀ ਵਧੀ ਹੈ।

## ਮੁਕਤਸਰ ਦਾ ਯੁੱਧ

ਜਿੱਤ ਹੋਈ। ਗੁਰੂ ਜੀ ਰਣਭੂਮੀ ਵਿਚ ਉਤਰੇ। ਉਨ੍ਹਾਂ ਨੂੰ ਪਤਾ ਲੱਗਾ ਕਿ ਜਿਹੜੇ ਸਿੰਘ ਅਨੰਦਪੁਰ ਤੋਂ ਵਿਛੜ ਗਏ ਸਨ, ਉਹ ਜਾਂ ਤਾਂ ਜਖ਼ਮੀ ਹਨ ਜਾਂ ਸ਼ਹੀਦੀਆਂ ਪਾ ਚੁੱਕੇ ਹਨ। ਗੁਰੂ ਜੀ ਨੇ ਸੂਰਮਿਆਂ ਦੇ ਮੁਖੜੇ ਪਿਆਰ ਨਾਲ ਪੂੰਝੇ ਅਤੇ ਸ਼ਹੀਦੀਆਂ ਦਾ ਮੁੱਲ ਪਾਉਂਦੇ ਵਰ ਦੇਂਦੇ ਗਏ। ਉਸ ਸਮੇਂ ਰਾਏ ਸਿੰਘ ਦੇ ਪੁੱਤਰ ਭਾਈ ਮਹਾਂ ਸਿੰਘ ਨੂੰ ਜਾ ਡਿੱਠਾ। ਮਹਾਂ ਸਿੰਘ ਦਾ ਮੁਖੜਾ ਸਾਫ਼ ਕਰਕੇ ਉਸ ਦਾ ਸੀਸ ਗੋਦ ਵਿਚ ਰੱਖ ਕੇ ਪਾਣੀ ਮੂੰਹ ਵਿਚ ਪਾਇਆ, ਸੀਨੇ ਨਾਲ ਲਾਇਆ। ਗੁਰੂ ਜੀ ਆਖਣ ਲੱਗੇ, "ਭਾਈ ਮਹਾਂ ਸਿੰਘ ਤੂੰ ਸਿੱਖੀ ਸੰਗਤ ਦੀ ਲਾਜ ਰੱਖ ਲਈ ਹੈ। ਜੰਗ ਵਿਚ ਹਿੱਸਾ ਲੈ ਕੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਹਨ। ਤੂੰ ਵਰ ਮੰਗ ਲੈ ਜੋ ਮੰਗਣਾ ਹੈ।" ਭਾਈ ਮਹਾਂ ਸਿੰਘ ਨੇ ਕਿਹਾ, "ਦਸਮੇਸ਼ ਪਿਤਾ ਤੁਹਾਡੇ ਦਰਸ਼ਨ ਹੋ ਗਏ ਹੋਰ ਕੀ ਮੰਗਾਂ, ਮੈਨੂੰ ਇਸੇ ਵਿਚ ਸਭ ਕੁਝ ਮਿਲ ਗਿਆ।" ਗੁਰੂ ਜੀ ਨੇ ਫਿਰ ਕਿਹਾ ਕਿ ਹੋਰ ਕੁਝ ਮੰਗ ਲੈ। ਭਾਈ ਮਹਾਂ ਸਿੰਘ ਨੇ ਕਿਹਾ ਕਿ ਦਸਮੇਸ਼ ਪਿਤਾ ਜੀ, "ਜੇ ਤੁਠੇ ਹੋ ਤਾਂ ਮੈਨੂੰ ਅਤੇ ਮੇਰੇ ਨਾਲ ਦੇ ਜਥੇ ਦੇ ਸਾਥੀਆਂ ਨੂੰ ਮੁਆਫ਼ ਕਰ ਦਿਓ ਜੋ ਅਨੰਦਪੁਰ ਆਪ ਜੀ ਦੀ ਸੇਵਾ ਵਿਚ ਰਹਿ ਨਹੀਂ ਸਕੇ ਅਤੇ ਵਿਛੜ ਗਏ ਸਾਂ।" ਗੁਰੂ ਜੀ ਨੇ ਕਿਹਾ ਕਿ ਭਾਈ ਮਹਾਂ ਸਿੰਘ ਤੂੰ ਸਭ ਦੀ ਲਾਜ ਰੱਖ ਲਈ ਹੈ ਅਤੇ ਬਖਸ਼ਾ ਲਿਆ ਹੈ। ਭਾਈ ਮਹਾਂ ਸਿੰਘ ਦੀ ਆਤਮਾ ਸ਼ਾਂਤ ਹੋ ਗਈ, ਹਿਰਸ ਵਿਚ ਅੱਥਰੂ ਨਿਕਲ ਆਏ ਅਤੇ ਸ਼ਹੀਦੀ ਪਾ ਲਈ। ਫਿਰ ਗੁਰੂ ਜੀ ਮਾਈ ਭਾਗੋ ਜੀ ਪਾਸ ਪਹੁੰਚੇ ਜਿਨ੍ਹਾਂ ਨੇ ਭਾਈ ਮਹਾਂ ਸਿੰਘ ਨਾਲ ਜਥੇ ਦੀ ਅਗਵਾਈ ਕੀਤੀ। ਉਨ੍ਹਾਂ ਨੂੰ ਗੁਰੂ ਜੀ ਨੇ ਭਾਈ ਮਹਾਂ ਸਿੰਘ ਦਾ ਅੰਤਿਮ ਸਮਾਂ ਦੱਸਿਆ ਕਿ ਉਨ੍ਹਾਂ ਨੇ ਟੁੱਟੀ ਗੰਢ ਲਈ ਹੈ। ਗੁਰੂ ਜੀ ਨੇ ਮਾਈ ਭਾਗੋ ਜੀ ਨੂੰ ਸੇਵਾ ਵਿਚ ਰਹਿਣ ਦਾ ਬਲ ਬਖਸ਼ਿਆ।

ਗੁਰੂ ਜੀ ਨੇ ਆਪਣੇ ਹੱਥੀਂ ਸ਼ਹੀਦਾਂ ਦਾ ਸਸਕਾਰ ਕੀਤਾ ਜਿੱਥੇ ਗੁਰਦੁਆਰਾ 'ਸ਼ਹੀਦ ਗੰਜ' ਹੈ। ਇਥੇ ਆਪ ਨੇ ਬਚਨ ਕੀਤਾ ਕਿ ਇਹ ਚਾਲੀ ਸਿੰਘ ਹੁਣ ਚਾਲੀ ਮੁਕਤੇ ਹਨ। ਯੁੱਧ ਅਸਥਾਨ ਨੂੰ ਮੁਕਤਸਰ ਦਾ ਖਿਤਾਬ ਦਿੱਤਾ ਜਿੱਥੇ ਇਤਿਹਾਸਕ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਹੈ। ਮੁਕਤਸਰ ਦੇ ਸ਼ਹੀਦਾਂ ਤੋਂ ਪ੍ਰੇਰਨਾ ਮਿਲਦੀ ਹੈ ਕਿ ਹੱਕ-ਸੱਚ ਅਤੇ ਧਰਮ ਲਈ ਜ਼ੁਲਮ ਦੇ ਖਿਲਾਫ਼ ਸੰਘਰਸ਼ਮਈ ਰਹਿਣਾ, ਇਸ ਯੁੱਧ ਦਾ ਸੁਨੇਹਾ ਹੈ। ਇਹ ਸਾਡਾ ਗੌਰਵਮਈ ਬਹਾਦਰੀ ਦਾ ਵਿਰਸਾ ਹੈ, ਜਿਸ ਤੋਂ ਸਾਨੂੰ ਹਮੇਸ਼ਾ ਅਗਵਾਈ ਮਿਲਦੀ ਰਹੇਗੀ।

## ਚਰਨਜੀਤ ਸਿੰਘ ਪੰਨੂ ਦੇ 'ਮਿੱਟੀ ਦੀ ਮਹਿਕ' ਪਾਕਿਸਤਾਨੀ ਸਫਰਨਾਮੇ ਦੀ ਘੁੰਡ ਚੁਕਾਈ

ਬਹੁਤ ਹੀ ਸੰਜੀਦਾ ਤੇ ਨਾਜ਼ੁਕ ਮਸਲਿਆਂ ਨੂੰ ਸਮਝਣ ਤੇ ਹੰਘਾਲਨ ਦੀ ਕੋਸ਼ਿਸ਼ ਕੀਤੀ ਹੈ। ਦੋਹਾਂ ਦੇਸ਼ਾਂ ਦੇ ਨਾਗਰਿਕਾਂ ਵਿਚਕਾਰ ਨਜ਼ਦੀਕੀ ਸਮਾਜਿਕ ਤੇ ਸਭਿਆਚਾਰਕ ਸਾਂਝ ਹੋਣ ਦੇ ਬਾਵਜੂਦ ਰਾਜਨੀਤਕ ਵਖਰੇਵੇਂ ਤੇ ਦੂਰੀਆਂ ਉਸ ਨੂੰ ਰੜਕਦੀਆਂ ਹਨ। ਰਵਿਦਾਸ ਜੀ ਦੇ ਬੇਗਮਪੁਰੇ ਵਾਂਗ ਉਸ ਨੇ ਵਿਸ਼ਵ ਭਾਈਚਾਰਕ ਤੇ ਸਰਵ ਸਾਂਝੇ ਮੰਚ ਦਾ ਇੱਕ ਸੁਪਨਾ ਸਿਰਜਿਆ ਹੈ।

ਮੈਂ ਉਸ ਦੇ ਨੇਕ ਮਿਸ਼ਨ ਦੀ ਤਾਈਦ ਕਰਦਾ ਹਾਂ। ਉਸ ਦਾ ਇਹ ਸੁਪਨਾ ਸਾਕਾਰ ਹੋਵੇ ਤੇ ਵਾਹਗੇ ਵਾਲੀ ਲਕੀਰ ਮਿਟ ਜਾਵੇ।' ਪਾਕਿਸਤਾਨ ਦੇ ਪ੍ਰਸਿੱਧ ਹਿਸਟੋਰੀਅਨ ਇਕਬਾਲ ਕੈਸਰ ਅਨੁਸਾਰ ਚਰਨਜੀਤ ਸਿੰਘ ਪੰਨੂ ਦੀ ਕਲਮ ਵਿਚ ਅਜੇਹਾ ਬਲ ਹੈ ਕਿ ਉਹ ਆਪਣੇ ਸਫ਼ਰ ਨੂੰ ਇੰਜ ਉਲੀਕਦਾ ਹੈ ਕਿ ਪੜ੍ਹਨ ਵਾਲੇ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਉਹ ਲਿਖਿਆ ਪੜ੍ਹ ਰਿਹਾ ਹੈ ਜਾਂ ਆਪ ਸਫ਼ਰ ਕਰ ਰਿਹਾ ਹੈ। ਇਸ ਦੀ ਕੀਮਤ ਪੰਜ ਸੌ ਰੂਪਏ, ਵਿਦੇਸ਼ ਵੀਹ ਡਾਲਰ ਰੱਖੀ ਗਈ ਹੈ। ਸਫਰਨਾਮਾ ਪ੍ਰਾਪਤ ਕਰਨ ਵਾਸਤੇ ਫ਼ੋਨ ਨੰਬਰ 1+4086084961, 91+9872007176 ਉਤੇ ਸੰਪਰਕ ਕੀਤਾ ਜਾ ਸਕਦਾ ਹੈ। ਲੇਖਕ ਅਨੁਸਾਰ ਗੁਰੂ ਨਾਨਕ ਦੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਇਸ ਪੁਸਤਕ ਦੀਆਂ ਦੋ ਸੌ ਕਾਪੀਆਂ ਮੁਫ਼ਤ ਵੰਡੀਆਂ ਜਾਣੀਆਂ ਹਨ ਜੋ ਜ਼ਿਆਦਾ ਭਾਰਤ ਤੇ ਪਾਕਿਸਤਾਨ ਦੇ ਪਾਠਕਾਂ ਵਾਸਤੇ ਰਾਖਵੀਂਆਂ ਹਨ। ਕੈਲੀਫੋਰਨੀਆ ਦੇ ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿਖੇ ਐਤਵਾਰ 20 ਜਨਵਰੀ 2019 ਨੂੰ ਇਸ ਪੁਸਤਕ ਦੀ ਮੂੰਹ-ਵਿਖਾਈ ਕੀਤੀ ਜਾਵੇਗੀ।

## 1984, 2047, 2084- ਅਜੇ ਛਪਣੇ ਤਬਸਰੇ ਹੋਰ ਬਥੇਰੇ

'ਤੇ ਅਦਾਲਤੀ ਲੜਾਈ ਲੜਦੇ ਇਕ ਸਿਰਕੱਢ ਵਕੀਲ ਸਿਆਸਤਦਾਨ ਅਤੇ ਇਕ ਸੀਨੀਅਰ ਪੱਤਰਕਾਰ ਦੀ ਕਿਤਾਬ ਚੰਡੀਗੜ੍ਹ ਵਿਚ ਰਿਲੀਜ਼ ਹੋਣੀ ਸੀ। ਉੱਥੇ ਮੈਂ ਸਨਮੀਤ ਕੌਰ ਨੂੰ ਮਿਲਿਆ ਸਾਂ। ਬਹੁਤੀ ਗੱਲ ਨਹੀਂ ਹੋ ਸਕੀ। ਸਨਮੀਤ ਆਪਣੀ ਮਾਂ ਕੁਲਬੀਰ ਕੌਰ ਦੀ ਝੋਲੀ ਵਿਚ ਸੀ - ਦੋ ਵਰ੍ਹਿਆਂ ਦੀ। ਜਾਂ ਰੋਂਦੀ ਸੀ ਜਾਂ ਸੌਂ ਜਾਂਦੀ ਸੀ। ਮਾਂ ਕੁਲਬੀਰ ਕੌਰ ਸੰਨ 1984 ਵਿਚ ਆਪ ਦੋ ਕੁ ਵਰ੍ਹਿਆਂ ਦੀ ਸੀ। "ਮੈਂ ਵੀ ਬੜਾ ਰੋਂਦੀ ਸਾਂ ਉਦੋਂ।" ਇਹ ਉਸ ਨੂੰ ਉਹਦੀ ਮਾਂ ਮਹਿੰਦਰ ਕੌਰ ਨੇ ਦੱਸਿਆ ਹੋਣਾ ਏ। ਸੰਨ 1984 ਵਿਚ ਮਹਿੰਦਰ ਕੌਰ 25 ਵਰ੍ਹਿਆਂ ਦੀ ਸੀ ਜਦੋਂ ਉਹਨੇ ਕੁੱਛੜੋਂ ਕੁਲਬੀਰ ਨਹੀਂ ਸੀ ਛੱਡੀ। ਗੱਡੀ ਦੇ ਡੱਬੇ ਵਿਚ ਲੁਕੀ ਰਹੀ। ਬਾਹਰ ਆਪਣੇ ਘਰ ਵਾਲੇ ਨੂੰ ਕੋਹ-ਕੋਹ ਮਾਰਦਿਆਂ, ਜਿਉਂਦੇ ਤੇਲ ਪਾ ਕੇ ਸਾੜਦਿਆਂ ਵੇਖਦੀ ਰਹੀ।

ਮਹਿੰਦਰ ਕੌਰ, ਕੁਲਬੀਰ ਕੌਰ, ਸਨਮੀਤ ਕੌਰ 1984 ਦੇ ਵਰ੍ਹੇ ਨਾਲ ਜੁੜੀਆਂ ਔਰਤਾਂ ਹਨ। ਹੋਰ ਕਈ ਪੀੜ੍ਹੀਆਂ ਆਉਣਗੀਆਂ। ਸੰਨ 2047, ਸੰਨ 2084 ਵਿਚ ਕੀਤੇ ਜਾਣ ਵਾਲੇ ਤਬਸਰੇ ਪੜ੍ਹਨਗੀਆਂ ਤੇ ਸਵਾਲ ਪੁੱਛਣਗੀਆਂ, ਜਿਹੋ ਜਿਹੇ ਮੈਂ 'ਤਮਸ' ਵੇਖਣ ਮਗਰੋਂ ਆਪਣੇ ਪਿਤਾ ਨੂੰ ਪੁੱਛੇ ਸਨ। ਪਤਾ ਨਹੀਂ ਓਦੋਂ ਦੇ ਪਿਤਾ ਸਾਡੇ ਬਾਰੇ ਕੀ ਕਹਿਣਗੇ।

## ਬਰਤਾਨੀਆ ਦੇ ਗਲੇ ਦੀ ਹੱਡੀ ਬਣਿਆ ਬ੍ਰੈਗਜ਼ਿਟ ਸਮਝੌਤਾ

ਵੱਲੋਂ ਸੰਸਦ ਮੈਂਬਰਾਂ ਨੂੰ ਆਖਰੀ ਪਲਾਂ 'ਚ ਕੀਤੀ ਗਈ ਅਪੀਲ ਦਾ ਵੀ ਕੋਈ ਅਸਰ ਹੁੰਦਾ ਦਿਖਾਈ ਨਹੀਂ ਦਿੱਤਾ।

ਵੋਟਿੰਗ ਮੌਕੇ ਮੇਅ ਨੇ ਸੰਸਦ ਮੈਂਬਰਾਂ ਨੂੰ ਕਿਹਾ, 'ਜਦੋਂ ਇਤਿਹਾਸ ਦੀਆਂ ਕਿਤਾਬਾਂ ਲਿਖੀਆਂ ਜਾਣਗੀਆਂ ਤਾਂ ਲੋਕ ਸੰਸਦ ਦਾ ਫ਼ੈਸਲਾ ਜ਼ਰੂਰ ਪੜ੍ਹਨਗੇ ਤੇ ਪੁੱਛਣਗੇ ਕੀ ਅਸੀਂ ਯੂਰੋਪੀਅਨ ਯੂਨੀਅਨ ਛੱਡਣ ਲਈ ਦੇਸ਼ ਦੇ ਹੱਕ 'ਚ ਵੋਟ ਦਿੱਤੀ ਸੀ।'

ਇਸ ਸਮਝੌਤੇ ਦੇ ਵਿਰੋਧੀਆਂ ਨੇ ਮੇਅ ਨੂੰ ਦਸੰਬਰ ਮਹੀਨੇ ਵੋਟਿੰਗ ਅੱਗੇ ਪਾਉਣ ਲਈ ਮਜਬੂਰ ਕਰ ਦਿੱਤਾ ਸੀ। ਬ੍ਰੈਗਜ਼ਿਟ ਦੇ ਹੱਕ ਵਿਚਲੇ ਆਗੂਆਂ ਨੇ ਇਸ ਸਮਝੌਤੇ ਦਾ ਇਹ ਕਹਿੰਦਿਆਂ ਵਿਰੋਧ ਕੀਤਾ ਹੈ ਕਿ ਇਸ 'ਚ ਕਈ ਕਮੀਆਂ ਹਨ ਅਤੇ ਕਈਆਂ ਨੂੰ ਇਹ ਡਰ ਹੈ ਕਿ ਇਸ ਸਮਝੌਤੇ ਨਾਲ ਬਰਤਾਨੀਆ ਤੇ ਯੂਰੋਪੀਅਨ ਯੂਨੀਅਨ ਵਿਚਾਲੇ ਕਾਰੋਬਾਰ ਦੇ ਸਬੰਧਾਂ 'ਚ ਅੜਿੱਕਾ ਪੈਦਾ ਹੋਵੇਗਾ।

ਬ੍ਰੈਗਜ਼ਿਟ ਵਿਰੋਧੀਆਂ ਨੇ ਵੋਟਾਂ ਮੌਕੇ ਸੰਸਦ ਭਵਨ ਦੇ ਬਾਹਰ ਰੈਲੀ ਵੀ ਕੀਤੀ। ਪ੍ਰਦਰਸ਼ਨਕਾਰੀਆਂ ਵੱਲੋਂ ਬਰਤਾਨੀਆ ਨੂੰ ਯੂਰੋਪੀਅਨ ਯੂਨੀਅਨ ਦਾ ਮੈਂਬਰ ਬਣਾਏ ਰੱਖਣ ਦੇ ਹੱਕ 'ਚ ਨਾਅਰੇ ਵੀ ਮਾਰੇ ਜਾ ਰਹੇ ਸਨ।

ਵੋਟ ਲਈ ਬੱਚੇ ਦਾ ਜਨਮ ਅੱਗੇ ਪਾਇਆ : ਬੰਗਲਾਦੇਸ਼ ਮੂਲ ਦੀ ਬਰਤਾਨਵੀ ਕਾਨੂੰਨਸਾਜ਼ ਤੁਲਿਪ ਸਿੱਦੀਕ ਨੇ ਬ੍ਰੈਗਜ਼ਿਟ ਸਮਝੌਤੇ ਲਈ ਵੋਟ ਪਾਉਣ ਵਾਸਤੇ ਆਪਣੇ ਬੱਚੇ ਦਾ ਜਨਮ ਅੱਗੇ ਪਵਾ ਦਿੱਤਾ ਹੈ। ਤੁਲਿਪ ਸਿੱਦੀਕ ਨੂੰ ਡਾਕਟਰਾਂ ਨੇ ਸਲਾਹ ਦਿੱਤੀ ਕਿ ਉਸ ਦੇ ਬੱਚੇ ਦਾ ਜਨਮ ਵੱਡੇ ਆਪਰੇਸ਼ਨ ਰਾਹੀਂ ਹੀ ਹੋ ਸਕਦਾ ਹੈ, ਪਰ ਉਸ ਨੇ ਡਾਕਟਰਾਂ ਨੂੰ ਇਸ ਗੱਲ ਲਈ ਰਾਜ਼ੀ ਕਰ ਲਿਆ ਕਿ ਉਸ ਦੇ ਬੱਚੇ ਦਾ ਜਨਮ 17 ਜਨਵਰੀ ਨੂੰ ਕਰਵਾਇਆ ਜਾਵੇ ਕਿਉਂਕਿ ਉਹ ਬ੍ਰੈਗਜ਼ਿਟ ਲਈ ਆਪਣੀ ਵੋਟ ਪਾਉਣੀ ਚਾਹੁੰਦੀ ਹੈ।

# Valley Real Estate Center

Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont

For agriculture and almond Farm, office building, Farm House and for Truck Yard in Tracy Manteca

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

**Priti Singh (925) 999-0823**

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com

SUNPREME
Premium Bifacial Thin Film Solar

Satnam Singh Khalsa
510-706-1300


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM